ੴ

# ਆਪੇ ਹਰਿ ਇਕ ਰੰਗੁ ਹੈ...

ਤਰਸੇਮ ਸਿੰਘ ਕਰੀਰ



# ਆਪੇ ਹਰਿ ਇਕ ਰੰਗੁ ਹੈ

**ਇਸੇ ਕਲਮ ਤੋਂ:**

- ਕੀ ਜਾਣਾ ਮੈਂ ਕੌਣ (2023, 2024)

# ਆਪੇ ਹਰਿ ਇਕ ਰੰਗੁ ਹੈ

**ਤਰਸੇਮ ਸਿੰਘ ਕਰੀਰ**

5 ਆਬ
ਪ੍ਰਕਾਸ਼ਨ, ਜਲੰਧਰ

# ਆਪੇ ਹਰਿ ਇਕ ਰੰਗੁ ਹੈ

TARSEM SINGH "KARIR"
6, MALTHOUSE STREET
KILMORE 3064, MELBOURNE
VICTORIA (AUSTRALIA)
+61447738291
Email: kmc_moga@yahoo.com

ਸਭ ਹੱਕ ਲੇਖਕ ਦੇ ਰਾਖਵੇਂ ਹਨ

ISBN : 978-81-977522-3-0

ਪਹਿਲਾ ਐਡੀਸ਼ਨ : 2024

ਕੀਮਤ : 150 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-2 ਦੇਸ਼ ਭਗਤ ਯਾਦਗਾਰ ਬਿਲਡਿੰਗ,
ਜੀ.ਟੀ. ਰੋਡ, ਜਲੰਧਰ
ਫ਼ੋਨ: 98140-87063, 95309-44063
5aabparkashan@gmail.com
www.5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

## ਸਮਰਪਣ

ਜੀਵਨ-ਸਾਥਣ

ਸਰਦਾਰਨੀ ਇੰਦਰਜੀਤ ਕੌਰ

ਨੂੰ

## ਤਰਤੀਬ


- ਵਿਲੱਖਣਤਾਵਾਂ ਦਾ ਵਗਦਾ ਦਰਿਆ ਤਰਸੇਮ ਸਿੰਘ ਕਰੀਰ
  -**ਕੁਲਵੰਤ ਸਿੰਘ ਬਾਜਵਾ** 08
- ਰੱਬ ਦੀ ਰਜਾ 'ਚ ਰਹਿਣ ਵਾਲਾ ਇਨਸਾਨ
  -**ਜੁਰਿੰਦਰ ਸਿੰਘ ਸੰਧੂ** 09
- ਗੁਰੂ ਰਾਮਦਾਸ ਜੀ ਦੀ ਕ੍ਰਿਪਾ/**ਤਰਸੇਮ ਸਿੰਘ ਕਰੀਰ** 12
- ਆਪੇ ਹਰਿ ਇਕ ਰੰਗੁ ਹੈ... 13
- ਜਜ਼ਬਾਤ 18
- ਸਫੈਦ ਵਾਲ 20
- ਮਾਂ-ਪਿਓ ਅਤੇ ਬੱਚੇ 23
- ਵਿਹਾਰ ਅਤੇ ਵਿਉਪਾਰ 25
- ਹੜ੍ਹ ਆਏ, ਹੜ੍ਹ ਗਏ 27
- ਜ਼ਿੰਦਗੀ ਦਾ ਮੋੜ 31
- ਵੱਡੇ ਘਰ ਦੀ ਧੀ 33
- ਮੋਕਸ਼ 36
- ਰੱਬ ਦਾ ਭਾਣਾ 38
- ਮੂਸਾ ਭੱਜਿਆ ਮੌਤ ਤੋਂ 40
- ਕਿਸਮਤ 43
- ਸਿਮਰਨ 45
- ਸਤਯੁੱਗੀ ਦੋਸਤ 48
- ਧਰਮ 50
- ਕਿਸਮਤ ਦਾ ਪਹੀਆ 51
- ਫਰਿਸ਼ਤਾ 54
- ਇਸ ਹੱਥ ਕਰ ਲੈ, ਇਸ ਹੱਥ ਭਰ ਲੈ 55
- ਘਰ ਵਾਪਸੀ 57
- ਦਖਲ-ਅੰਦਾਜ਼ੀ 61
- ਇਤਫਾਕ 62
- ਕੁਝ ਜ਼ਰੂਰੀ ਗੱਲਾਂ 64
- ਕਾਹਲ 66
- ਸਾਦਗੀ 67
- ਕੀ ਖੱਟਿਆ, ਕੀ ਗਵਾਇਆ 69

- ਸਮਾਨਤਾ 71
- ਕਾਦਿਰ ਦੀ ਕੁਦਰਤ - ਮੌਤ ਦੇ ਖੇਲ 73
- ਜਮਦੂਤ 77
- ਲਵੇਰਾ 78
- ਬਾਪੂ ਦੀ ਮੌਤ 79
- ਪੁੰਨ ਦਾ ਕੰਮ 81
- ਦੁਆ 83
- ਕੀਰਨੇ 85
- ਸਿੱਖਾਂ ਦੀ ਬਹਾਦਰੀ ਦੀ ਦਾਸਤਾਂ 86
- ਭੈਣਾਂ ਨੂੰ ਖਾਲੀ ਨਹੀਂ ਤੋਰੀਦਾ 88
- ਦੁਨੀਆਂ ਦੁਖੀ ਪਰੇ ਤੋਂ ਪਰੇ 90
- ਪੱਥਰਾਂ ਦਾ ਸ਼ਹਿਰ 92
- ਕਿਤਾਬ-ਕਿਤੂਬ 94
- ਮੁੰਦਰੀ ਚੋਰ 95
- ਨਿੰਮ ਦੀ ਟਾਹਣੀ 97
- ਬੰਦ ਪੋਟਲੀ 98
- ਗੁਨਾਹ ਛੋਟਾ ਜਾਂ ਵੱਡਾ ਨਹੀਂ ਹੁੰਦਾ 99
- ਚੱਲਦੇ-ਚੱਲਦੇ 100
- ਪੰਜਾਬੀ 101
- ਨੀਅਤ 102
- ਵਿਪਨ ਜੀ ਦੀਆਂ ਸ਼ਰਾਰਤਾਂ 103
- ਬਹੁਤ ਖੂਬਸੂਰਤ ਸੁਨੇਹਾ 104
- ਜੋਗੀ 105
- ਰਾਸ਼ਟਰੀ ਜਜ਼ਬਾ 107
- ਕਰ ਭਲਾ, ਹੋ ਭਲਾ 108
- ਇੱਕ ਪੁਰਾਤਨ ਕਥਾ 'ਸਬਰ ਹੀ ਸੁਖ ਹੈ' 109
- ਹੰਕਾਰਿਆ ਸੋ ਮਾਰਿਆ 110
- ਇੱਕ ਅਰਦਾਸ 111
- ਸੰਤੁਸ਼ਟੀ 112
- ਈਮਾਨਦਾਰੀ 113
- ਜਿਸ ਕਉ ਰਾਖੈ ਸਿਰਜਣਹਾਰੁ 114
- ਕੈਨੇਡਾ ਦੇ ਵਿਆਹ 116

# ਵਿਲੱਖਣਤਾਵਾਂ ਦਾ ਵਗਦਾ ਦਰਿਆ ਤਰਸੇਮ ਸਿੰਘ ਕਰੀਰ

ਸਰਦਾਰ ਤਰਸੇਮ ਸਿੰਘ ਕਰੀਰ ਜੀ ਦੇ ਅਣਥੱਕ, ਨਿਰਸਵਾਰਥ, ਮਿਲਣਸਾਰ ਵਿਅਕਤੀਤਵ ਨੂੰ ਅੱਖਰਾਂ ਵਿੱਚ ਸਮੇਟ ਕੇ ਬਿਆਨ ਕਰਨਾ ਇੱਕ ਕੋਸ਼ਿਸ਼ ਹੋ ਸਕਦੀ ਹੈ ਪਰ ਪੂਰੀ ਸ਼ਖ਼ਸੀਅਤ ਨੂੰ ਸੰਪੂਰਨਤਾ ਸਹਿਤ ਕਲਮਬੰਦ ਕਰਨਾ ਸੰਭਵ ਨਹੀਂ ਹੈ। "ਵਾਹ ਪਏ ਜਾਣੀਏ ਜਾਂ ਰਾਹ ਪਏ ਜਾਣੀਏ" ਦੇ ਅਨੁਸਾਰ ਤਰਸੇਮ ਸਿੰਘ ਜੀ ਨਾਲ ਵਾਹ ਪਿਛਲੇ ਤਿੰਨ-ਚਾਰ ਸਾਲਾਂ ਤੋਂ ਪਿਆ ਹੈ। ਉਨ੍ਹਾਂ ਦੀਆਂ ਸਮਾਜਿਕ ਗਤੀਵਿਧੀਆਂ ਦੇ ਸੰਯੋਗ ਸਦਕਾ, ਸੋਚਾਂ ਨੂੰ ਅਮਲੀ ਜਾਮੇ ਦੇ ਰੂਪ ਵਿੱਚ ਬਦਲਦਿਆਂ ਦੇਖਿਆ ਹੈ। ਕਰੀਰ ਸਾਹਿਬ ਦੀਆਂ ਬੇਸ਼ੁਮਾਰ ਖੂਬੀਆਂ ਵਿੱਚੋਂ "Go attitude ਅਤੇ nothing pending" ਜਾਦੂਮਈ ਵਿਸ਼ੇਸ਼ਤਾਵਾਂ ਹਨ। ਇੱਕ ਸਾਵੀਂ ਜ਼ਿੰਦਗੀ ਜਿਊਣ ਦਾ ਹੁਨਰ ਇਹਨਾਂ ਦੀ ਜੀਵਨ ਸ਼ੈਲੀ ਤੋਂ ਪ੍ਰਤੱਖ ਝਲਕਦਾ ਹੈ। ਥੋੜ੍ਹਾ ਖਾਣਾ, ਥੋੜ੍ਹਾ ਸੌਣਾ, ਗੁਜ਼ਾਰੇ ਵਾਸਤੇ ਕਮਾਈ ਕਰਨਾ, ਵੱਧ ਚੜ੍ਹ ਕੇ ਲੋਕਾਂ ਦੇ ਕੰਮ ਆਉਣਾ, ਸਮਾਜਿਕ ਸੰਗਠਨ ਬਣਾਉਣਾ ਅਤੇ ਸੰਚਾਲਨ ਕਰਨਾ, ਰਿਸ਼ਤਿਆਂ ਨੂੰ ਜੀਵਤ ਰੱਖਣਾ, ਦੇਸ਼-ਵਿਦੇਸ਼ ਘੁੰਮਣਾ, ਹਰ ਘਟਨਾ ਅਤੇ ਕੁਦਰਤ ਦੇ ਰੰਗਾਂ ਬਾਰੇ ਲਿਖਣਾ ਆਦਿ ਅਨੇਕ ਵਿਲੱਖਣਤਾਵਾਂ ਨਾਲ ਭਰਪੂਰ ਵਗਦਾ ਹੋਇਆ ਦਰਿਆ ਹਨ ਸਰਦਾਰ ਤਰਸੇਮ ਕਰੀਰ। ਇਹਨਾਂ ਦੀ ਪਹਿਲਾਂ ਪ੍ਰਕਾਸ਼ਿਤ ਪੁਸਤਕ "ਕੀ ਜਾਣਾ ਮੈਂ ਕੌਣ" ਤੋਂ ਅੱਗੇ ਵਧ ਕੇ, ਇਹ ਹਥਲੀ ਪੁਸਤਕ 'ਆਪੇ ਹਰਿ ਇੱਕ ਰੰਗੁ ਹੈ' ਨਾ ਸਿਰਫ ਵਿਸ਼ਿਆਂ ਦੀ ਵੰਨ-ਸੁਵੰਨਤਾ ਨਾਲ ਲਬਰੇਜ਼ ਹੈ ਸਗੋਂ ਪਾਠਕਾਂ ਦਾ ਮਾਰਗ ਦਰਸ਼ਨ ਵੀ ਕਰਦੀ ਹੈ। ਰੋਜ਼ਾਨਾ ਜ਼ਿੰਦਗੀ ਦੀਆਂ ਛੋਟੀਆਂ ਛੋਟੀਆਂ ਅਤੇ ਆਮ ਤੌਰ 'ਤੇ ਅਣਗੌਲੀਆਂ ਘਟਨਾਵਾਂ ਦਾ ਸੁਮੇਲ ਇਹ ਪੁਸਤਕ ਚੇਤੰਨਤਾ ਨੂੰ ਹਲੂਣਾ ਦੇਣ ਵਿੱਚ ਸਮਰੱਥ ਹੈ। ਪੁਸਤਕ ਦਾ ਨਾਮ 'ਆਪੇ ਹਰਿ ਇਕ ਰੰਗੁ ਹੈ' ਹੀ ਪਾਠਕਾਂ ਦੀ ਰੌਚਕਤਾ ਨੂੰ ਖਿੱਚ ਪਾਉਣ ਵਿੱਚ ਸਫਲ ਹੈ।

**ਕੁਲਵੰਤ ਸਿੰਘ ਬਾਜਵਾ**
**ਸੇਵਾ-ਮੁਕਤ ਕਰਨਲ**
+61426449104

# ਰੱਬ ਦੀ ਰਜ਼ਾ 'ਚ ਰਹਿਣ ਵਾਲਾ ਇਨਸਾਨ
# ਤਰਸੇਮ ਸਿੰਘ ਕਰੀਰ

ਤਰਸੇਮ ਸਿੰਘ ਕਰੀਰ ਨੇ ਮੋਗਾ ਦੀ ਧਰਤੀ 'ਤੇ ਜਨਮ ਲੈ ਕੇ ਬਚਪਨ ਮਾਣਿਆ, ਪੜ੍ਹਾਈ ਕੀਤੀ ਅਤੇ ਜਦੋਂ ਪੰਜਾਬ ਐਂਡ ਸਿੰਧ ਬੈਂਕ ਵਿਚ ਰੋਜ਼ਗਾਰ ਹਾਸਲ ਕੀਤਾ ਤਾਂ ਉਹ ਜੀਵਨ-ਪੰਥ ਦੀਆਂ ਤਲਖ਼ ਹਕੀਕਤਾਂ ਦੇ ਰੂ-ਬ-ਰੂ ਹੋਣ ਲੱਗਾ। ਨੌਕਰੀ-ਪੇਸ਼ਾ ਜੀਵਨ ਦੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਹਨ, ਜਿਨ੍ਹਾਂ 'ਚੋਂ ਉਹ ਸਫਲਤਾ ਸਹਿਤ ਅੱਗੇ ਵਧਦਾ ਗਿਆ। ਇੱਕੀਵੀਂ ਸਦੀ ਦੇ ਮੁੱਢਲੇ ਸਾਲਾਂ ਵਿੱਚ ਹੀ ਉਸ ਦੀ ਚੋਗ ਉਸ ਨੂੰ ਨਿਊਜ਼ੀਲੈਂਡ ਦੀ ਧਰਤੀ 'ਤੇ ਸਮੇਤ ਪਰਿਵਾਰ ਲੈ ਗਈ। ਓਪਰੀ ਧਰਤੀ, ਓਪਰੇ ਲੋਕ ਅਤੇ ਅਣਜਾਣੇ ਕੰਮ।

ਬੈਂਕ ਵਿਚ ਜਮ੍ਹਾਂ ਘਟਾਓ ਕਰਨ ਵਾਲੇ ਤਰਸੇਮ ਨੂੰ ਨਿਊਜ਼ੀਲੈਂਡ ਦੀ ਸੁਹੱਪਣ ਭਰੀ ਧਰਤੀ 'ਤੇ ਕੀਵੀ (ਫਲ) ਦੇ ਬੂਟਿਆਂ ਨਾਲ ਸਾਂਝ ਪਾਉਣੀ ਅਤੇ ਨਿਭਾਉਣੀ ਪਈ। ਬੂਟਿਆਂ ਦੀ ਦੇਖਭਾਲ, ਫਲਾਂ ਦੀ ਤੁੜਾਈ, ਛਾਂਟ-ਛਟਾਈ, ਪੈਕਿੰਗ ਆਦਿ ਸਾਰੇ ਕੰਮਾਂ ਦੀ ਮੁਹਾਰਤ ਹਾਸਲ ਕਰ ਲਈ। ਕਰਨੀ ਹੀ ਪੈਣੀ ਸੀ, ਕਿਉਂਕਿ ਕੀਵੀ ਨਾਲ ਵੀ ਜਿੰਮੇਵਾਰੀ ਨਿਭਾਉਣੀ ਸੀ ਅਤੇ ਪਰਿਵਾਰ ਵੀ ਪਾਲਣਾ ਸੀ। ਅਚਾਨਕ ਇੱਕ ਦਿਨ ਉਸ ਨੇ ਕੀਵੀ ਨਾਲੋਂ ਨਾਤਾ ਤੋੜ ਲਿਆ ਅਤੇ ਟੈਕਸੀ ਦੇ ਸਟੀਅਰਿੰਗ ਨਾਲ ਜੋੜ ਲਿਆ।

ਨਿਊਜ਼ੀਲੈਂਡ ਵਿਚ 'ਤਰਸੇਮ ਟੈਕਸੀ ਵਾਲੇ' ਦੇ ਚਰਚੇ ਛਿੜਣ ਲੱਗ ਪਏ, ਸਿਰਫ ਇਸ ਕਰਕੇ ਨਹੀਂ ਕਿ ਉਹ ਵਧੀਆ ਡਰਾਈਵਰ ਸੀ, ਸਗੋਂ ਇਸ ਕਰਕੇ ਕਿ ਉਹ ਰਹਿਮ-ਦਿਲ, ਦੂਜਿਆਂ ਦੇ ਕੰਮ ਆਉਣ ਵਾਲੇ, ਈਮਾਨਦਾਰ ਅਤੇ ਮੁਹੱਬਤਾਂ ਵੰਡਣ ਵਾਲੇ ਮਨੁੱਖ ਵਜੋਂ ਜਾਣਿਆ ਜਾਣ ਲੱਗਾ।

ਨਿਊਜ਼ੀਲੈਂਡ ਦੀ ਧਰਤੀ ਤਰਸੇਮ ਦੇ ਪਰਿਵਾਰ ਨੂੰ ਆਪਣੇ ਨਾਲ ਪੱਕਾ ਬੰਨ੍ਹ ਕੇ ਨਹੀਂ ਰੱਖ ਸਕੀ ਅਤੇ ਉਹ ਆਪਣੀ ਅਰਧਾਂਗਣੀ ਅਤੇ ਬੱਚਿਆਂ ਸਮੇਤ ਉਡਾਰੀ ਮਾਰ ਕੇ ਅਸਟ੍ਰੇਲੀਆ ਦੀ ਧਰਤੀ 'ਤੇ ਜਾ ਵੱਸਿਆ। ਉਸ ਦੀ ਜ਼ਿੰਦਗੀ ਲਗਾਤਾਰ ਕਰਵਟਾਂ ਬਦਲਦੀ ਰਹੀ। ਅਸਟ੍ਰੇਲੀਆ ਵਿਚ ਵੀ ਪਰਿਵਾਰ ਦੇ ਗੁਜਰ-ਬਸਰ ਖਾਤਰ ਅਤੇ ਕਿਰਤ-ਸਿਧਾਂਤ 'ਤੇ ਪਹਿਰਾ ਦਿੰਦਿਆਂ ਤਰਸੇਮ ਨੇ ਇਕ ਹੱਥ ਤਾਂ ਟੈਕਸੀ ਦੇ ਸਟੀਅਰਿੰਗ ਨੂੰ ਹੀ ਪਾਈ ਰੱਖਿਆ ਪਰ ਦਿਲ ਵਿਚ ਸਮਾਜਕ ਰਿਸ਼ਤੇ ਬਣਾਉਣ ਅਤੇ ਦੂਜਿਆਂ ਦੇ ਕੰਮ ਆਉਣ ਦੀ ਤਾਂਘ ਪਾਲ ਲਈ ਅਤੇ ਨਾਲ ਹੀ ਦੂਜੇ ਹੱਥ ਵਿਚ ਕਲਮ ਫੜ ਲਈ।

ਯਾਰਾਂ ਦੋਸਤਾਂ ਨੇ ਮਿਲ ਕੇ ਇਕ ਕਲੱਬ ਬਣਾ ਲਈ ਜਿਸ ਦੇ 100 ਦੇ ਕਰੀਬ ਮੈਂਬਰ ਹਨ ਪਰ ਸਾਰੀ ਕਾਰਵਾਈ ਅਤੇ ਕਾਰਜਾਂ ਦੇ ਜੂਲੇ ਦਾ ਭਾਰ ਤਰਸੇਮ

ਦੇ ਸਿਰ ਹੀ ਹੁੰਦਾ ਹੈ।

ਕਲੱਬ ਦੀਆਂ ਮੀਟਿੰਗਾਂ, ਪਰਿਵਾਰ ਦੇ ਕਾਰਜਾਂ, ਵੱਖ ਵੱਖ ਸਥਾਨਾਂ, ਦੇਸ਼ਾਂ 'ਚ ਘੁੰਮਦਿਆਂ, ਵਿਆਹਾਂ-ਸ਼ਾਦੀਆਂ ਜਾਂ ਹੋਰ ਸਮਾਗਮਾਂ 'ਚ ਭਾਗ ਲੈਂਦਿਆਂ, ਪ੍ਰਾਪਤ ਗਿਆਨ ਦੇ ਆਧਾਰ 'ਤੇ ਕਲਪਨਾਵਾਂ 'ਚ ਗੋਤੇ ਲਾਉਂਦਿਆਂ ਅਤੇ ਜੀਵਨ ਦੇ ਤਜਰਬਿਆਂ 'ਚੋਂ ਹਾਸਲ ਜਾਣਕਾਰੀਆਂ ਨੂੰ ਤਰਸੇਮ ਦੀ ਕਲਮ ਨੇ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਆਰੰਭ ਦਿੱਤਾ। ਉਸਦੇ ਸਿਰੜ, ਸਿਦਕ ਅਤੇ ਲੇਖਣੀ ਪ੍ਰਤੀ ਉੱਦਮ ਸਦਕਾ 2023 'ਚ ਉਸਦੀ ਪਹਿਲੀ ਪੁਸਤਕ ਪ੍ਰਕਾਸ਼ਤ ਹੋਈ ਸੀ 'ਕੀ ਜਾਣਾਂ ਮੈਂ ਕੌਣ?'।

ਇਸ ਪਿੱਛੋਂ ਤਰਸੇਮ ਦੀ ਕਲਮ ਆਪ ਮੁਹਾਰੀ ਵਹਿਣ ਲੱਗੀ ਅਤੇ ਸਾਲ 2024 ਦੇ ਅੱਧ ਤੱਕ ਉਸ ਨੇ ਦੂਜੀ ਪੁਸਤਕ 'ਆਪੇ ਹਰਿ ਇਕ ਰੰਗੁ ਹੈ' ਲਿਖ ਕੇ ਖਰੜਾ ਮੈਨੂੰ ਭੇਜ ਦਿੱਤਾ ਤਾਂ ਜੋ ਜਲੰਧਰ ਵਿਚ ਇਸ ਦਾ ਪ੍ਰਕਾਸ਼ਨ ਮੁਕੰਮਲ ਹੋ ਸਕੇ। ਪੁਸਤਕ ਵਿਚ ਤਰਸੇਮ ਦੇ ਨਿੱਜੀ ਅਨੁਭਵ ਵੀ ਹਨ, ਜੀਵਨ-ਪੰਧ 'ਤੇ ਚੱਲਦਿਆਂ ਦੇਖੇ ਅਤੇ ਹੰਢਾਏ ਘਟਨਾਚੱਕਰ, ਗਿਆਨ ਦੀਆਂ ਗੱਲਾਂ, ਗੁਰੂ ਸਾਹਿਬਾਨ ਦੇ ਫਲਸਫੇ ਦਾ ਜ਼ਿਕਰ ਅਤੇ ਹੋਰ ਜਿੱਥੇ ਕਿਤੇ ਵੀ ਉਸ ਦੀ ਸੋਚ ਜੁੜਦੀ ਹੈ, ਉਹ ਸਭ ਤਰਸੇਮ ਦੀ ਕਲਮ ਦੇ ਘੇਰੇ ਵਿੱਚ ਆ ਜਾਂਦਾ ਹੈ।

'ਵੱਡੇ ਘਰ ਦੀ ਧੀ' ਸਿਰਲੇਖ ਹੇਠ ਆਪਣੀ ਇਕ ਰਚਨਾ ਵਿੱਚ ਤਰਸੇਮ ਸਮਾਜਿਕ ਰਿਸ਼ਤਿਆਂ ਦੀ ਟੁੱਟ-ਭੱਜ ਦੀ ਗੱਲ ਕਰਦਾ ਹੈ। ਕੈਨੇਡਾ ਪਹੁੰਚੇ ਪਰਿਵਾਰ ਦੀ ਨੂੰਹ ਆਪਣੇ ਸੱਸ-ਸਹੁਰੇ ਨੂੰ ਬੁਰੀ ਤਰ੍ਹਾਂ ਨਜ਼ਰ ਅੰਦਾਜ਼ ਕਰਦੀ ਹੈ ਤਾਂ ਉਨ੍ਹਾਂ ਲਈ ਕੈਨੇਡਾ ਬਹੁਤ ਨੀਰਸ ਜਿਹਾ ਹੋ ਜਾਂਦਾ ਹੈ। ਲੇਖਕ ਲਿਖਦਾ ਹੈ, "…..ਰੰਗੀਨ ਸੁਪਨਿਆਂ ਦੀ ਧਰਤੀ ਕੈਨੇਡਾ ਪਹੁੰਚ ਕੇ ਗੁਰਨਾਮ ਸਿੰਘ ਬਹੁਤ ਉਦਾਸ ਰਹਿਣ ਲੱਗ ਪਿਆ ਸੀ। ਗੁਰਨਾਮ ਸਿੰਘ ਜਿਹੜਾ ਕਦੇ ਆਪਣੀ ਪਤਨੀ ਨੂੰ ਉੱਚੀ ਨਹੀਂ ਸੀ ਬੋਲਿਆ, ਹੁਣ ਨਿੱਕੀ-ਨਿੱਕੀ ਗੱਲ 'ਤੇ ਆਪਣੀ ਘਰ ਵਾਲੀ ਨਾਲ ਲੜ ਪੈਣਾ ਉਸਦਾ ਸੁਭਾਅ ਬਣ ਗਿਆ ਸੀ…..।"

'ਇਸ ਹੱਥ ਕਰ ਲੈ, ਇਸ ਹੱਥ ਭਰ ਲੈ' ਨਾਮੀ ਲੇਖ ਵਿਚ ਤਰਸੇਮ ਨੇ ਦੇਖਿਆ ਹੈ ਕਿ ਤੁਸੀਂ ਜਿਸ ਤਰ੍ਹਾਂ ਦਾ ਕਰਮ ਕਰੋਗੇ, ਉਸੇ ਤਰ੍ਹਾਂ ਦਾ ਫਲ ਮਿਲੇਗਾ, ਅਰਥਾਤ-'ਜਿਹਾ ਬੀਜੋਗੇ, ਤਿਹਾ ਹੀ-ਵੱਢੋਗੇ।"

ਕਈ ਵਾਰ ਔਰਤ ਆਪਣੀ ਬੇਸਮਝੀ ਅਤੇ ਹੰਕਾਰ ਕਾਰਣ ਪਤੀ ਦੀ ਨਾ ਸਿਰਫ ਬੇਕਦਰੀ ਕਰਦੀ ਹੈ, ਸਗੋਂ ਉਸ ਤੋਂ ਤਲਾਕ ਵੀ ਲੈ ਲੈਂਦੀ ਹੈ ਅਤੇ ਅਖੀਰ ਉਸ ਨੂੰ ਆਪ ਹੀ ਪਛਤਾਉਣਾ ਪੈਂਦਾ ਹੈ। ਇਹ ਸੁਨੇਹਾ 'ਘਰ ਵਾਪਸੀ' ਨਾਮੀ ਰਚਨਾ ਵਿੱਚ ਦਿੱਤਾ ਗਿਆ ਹੈ।

'ਆਪੇ ਹਰਿ ਇਕ ਰੰਗ ਹੈ' ਸਿਰਲੇਖ ਵਿੱਚ ਵਡਮੁਲੀਆਂ ਜਾਣਕਾਰੀਆਂ ਦਰਜ ਹਨ। ਪਰਮਾਤਮਾ ਹਰ ਜਗ੍ਹਾ ਵਰਤ ਰਿਹਾ ਹੈ। ਉਹ ਆਪੇ ਹੀ ਹਰ ਇਕ ਰੰਗ

ਹੈ ਅਤੇ ਆਪੇ ਹੀ ਬਹੁਰੰਗੀ ਵੀ ਹੈ। ਪ੍ਰਭੂ ਸਰਵਉੱਚ ਹੈ, ਅਜਿਹੀ ਕੋਈ ਹੋਰ ਸ਼ਕਤੀ ਨਹੀਂ ਹੈ। ਸਾਰਾ ਸੰਸਾਰ ਉਸਦੇ ਭੈਅ ਵਿਚ ਚੱਲ ਰਿਹਾ ਹੈ। ਇਸ ਲਈ ਹਰ ਵਕਤ ਉਸ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ।

ਪੁਸਤਕ ਵਿੱਚ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਹੈ ਕਿ ਪ੍ਰਭੂ ਦੇ ਹੁਕਮ ਤੋਂ ਬਗੈਰ ਪੱਤਾ ਵੀ ਨਹੀਂ ਹਿੱਲ ਸਕਦਾ। ਪ੍ਰਭੂ ਦੇ ਭਗਤ 'ਤੇ ਭੀੜ ਬਣੇ ਤਾਂ ਮਾਲਕ ਆਪ ਹੀ ਰੱਖਿਆ ਕਰਦਾ ਹੈ। ਤਰਸੇਮ ਦਾ ਪ੍ਰਮਾਤਮਾ ਪ੍ਰਤੀ ਅਥਾਹ ਵਿਸ਼ਵਾਸ ਹੈ। ਉਹ ਆਪਣੇ ਲੇਖਣ-ਕਾਰਜ ਨੂੰ ਪ੍ਰਭੂ ਦੀ ਕਿਰਪਾ ਮੰਨਦਾ ਹੈ। ਤਰਸੇਮ ਦੀ ਇਹ ਪੁਸਤਕ ਆਲੋਚਕਾਂ, ਪਾਠਕਾਂ ਨੂੰ ਪ੍ਰਭਾਵਤ ਕਰੇਗੀ। ਉਸ ਦੀ ਇਸ ਖ਼ੂਬਸੂਰਤ ਪੁਸਤਕ 'ਆਪੇ ਹਰਿ ਇਕ ਰੰਗੁ ਹੈ' ਨੂੰ ਜੀ ਆਇਆਂ ਆਖਦੇ ਹਾਂ। ਉਹ ਤਾਂ ਇਸ ਤੋਂ ਅਗਲੀ ਪੁਸਤਕ ਦੀ ਵੀ ਤਿਆਰੀ ਕਰੀ ਬੈਠਾ ਹੈ। ਰੱਬ ਕਰੇ ਉਸ ਦੀ ਕਲਮ ਹੋਰ ਮਜ਼ਬੂਤੀ ਨਾਲ ਚੱਲਦੀ ਰਹੇ।

**-ਜੁਗਿੰਦਰ ਸਿੰਘ ਸੰਧੂ**

**ਮੋ. 94174-02327**

# ਗੁਰੂ ਰਾਮਦਾਸ ਜੀ ਦੀ ਕ੍ਰਿਪਾ

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਤੁਹਾਡੀ ਅਪਾਰ ਕਿਰਪਾ ਦੇ ਸਦਕਾ, ਤੁਹਾਡੀ ਮਿਹਰ ਭਰੇ ਹੱਥ ਦੇ ਸਦਕਾ, ਦਾਸ ਦੀ ਪਲੇਠੀ ਪੁਸਤਕ "ਕੀ ਜਾਣਾ ਮੈਂ ਕੌਣ" ਦੇ ਸਿਰਲੇਖ ਹੇਠ ਪਿਛਲੇ ਵਰ੍ਹੇ ਛਪ ਚੁੱਕੀ ਹੈ। ਤੁਹਾਡੇ ਉੱਦਮ ਅਤੇ ਉਪਰਾਲੇ ਦੇ ਸਦਕਾ ਦੂਸਰੀ ਪੁਸਤਕ ਵੀ ਛਪਣ ਜਾ ਰਹੀ ਹੈ। ਪਹਿਲੀ ਪੁਸਤਕ "ਕੀ ਜਾਣਾ ਮੈਂ ਕੌਣ" ਪਾਠਕਾਂ ਨੇ ਬਹੁਤ ਸਲਾਹੀ। ਆਪ ਜੀ ਦੀ ਮਿਹਰ ਸਦਕਾ ਮੈਂ ਆਪਣੇ ਲਿਖਣ-ਕਾਰਜ ਦੇ ਮਾਰਗ 'ਤੇ ਅਡੋਲ ਚੱਲਦਿਆਂ ਆਪਣੇ ਤਜਰਬਿਆਂ, ਯਾਦਾਂ, ਤਲਖ ਹਕੀਕਤ ਅਤੇ ਮਾਨਵਤਾ ਪੱਖੀ ਸੁਨੇਹਿਆਂ ਨੂੰ ਪੁਸਤਕ-ਰੂਪ ਦਿੱਤਾ ਹੈ।

ਪਹਿਲੀ ਪੁਸਤਕ ਵਾਂਗ 'ਆਪੇ ਹਰਿ ਇਕ ਰੰਗੁ ਹੈ' ਵਿੱਚ ਵੀ ਬਹੁਤੀਆਂ ਹੱਡ ਬੀਤੀਆਂ ਹੀ ਹਨ। ਕੁਝ ਜੱਗ ਬੀਤੀਆਂ ਵੀ ਹਨ। ਇਸ ਪੁਸਤਕ ਦੇ ਸੰਪੂਰਨਤਾ ਦੇ ਮੁਕਾਮ ਤੱਕ ਪਹੁੰਚਣ ਵਿੱਚ ਬਹੁਤਾ ਯੋਗਦਾਨ, ਮੇਰੇ ਸਤਿਕਾਰਯੋਗ ਦੋਸਤ, ਸ੍ਰੀ ਵਿਪਨ ਕੁਮਾਰ ਸਰੀਨ ਜੀ ਦਾ ਹੈ, ਜੋ ਸਮੇਂ-ਸਮੇਂ ਤੇ ਮੈਨੂੰ ਸਹੀ ਸੇਧ ਦਿੰਦੇ ਰਹਿੰਦੇ ਹਨ ਤੇ ਕੋਈ ਨਾ ਕੋਈ ਕਹਾਣੀ ਸੁਣਾਉਂਦੇ ਹੀ ਰਹਿੰਦੇ ਹਨ।

ਪਹਿਲੀ ਪੁਸਤਕ ਵਿੱਚ ਮੇਰਾ ਕੋਈ ਜ਼ਿਆਦਾ ਯੋਗਦਾਨ ਨਹੀਂ ਸੀ ਅਤੇ ਨਾ ਹੀ 'ਆਪੇ ਹਰਿ ਇਕ ਰੰਗੁ ਹੈ' ਪੁਸਤਕ ਵਿੱਚ ਮੇਰਾ ਆਪਣਾ ਕੋਈ ਜ਼ਿਆਦਾ ਯੋਗਦਾਨ ਹੈ। ਸ਼ੁਰੂ ਤੋਂ ਲੈ ਕੇ ਹੁਣ ਤੱਕ ਹੱਲਾਸ਼ੇਰੀ ਸਤਿਕਾਰਯੋਗ ਸਰਦਾਰ ਜੋਗਿੰਦਰ ਸਿੰਘ ਜੀ ਸੰਧੂ ਹੋਰਾਂ ਨੇ ਹੀ ਦਿੱਤੀ ਹੈ। ਇਸ ਦੂਸਰੀ ਪੁਸਤਕ ਨੂੰ ਪ੍ਰਕਾਸ਼ਿਤ ਕਰਾਉਣ ਲਈ ਉਨ੍ਹਾਂ ਨੇ ਹੀ ਬੀੜਾ ਚੁੱਕਿਆ ਹੈ। ਸੋ ਮੈਂ ਤਾਂ ਉਹਨਾਂ ਨੂੰ ਸਿਰਫ ਖਰੜਾ ਭੇਜਿਆ ਹੈ ਬਾਕੀ ਉਹ ਜਾਨਣ ਉਹਨਾਂ ਦਾ ਕੰਮ। ਪਹਿਲਾਂ ਵੀ ਸਾਰੀ ਜ਼ਿੰਮੇਵਾਰੀ ਓਟ ਕੇ ਉਹਨਾਂ ਨੇ ਹੀ ਸਾਰਾ ਛਪਵਾਈ ਦਾ ਕੰਮ ਕਰਵਾਇਆ ਸੀ ਤੇ ਹੁਣ ਵੀ ਉਹੀ ਕਰ ਰਹੇ ਹਨ। ਉਹਨਾਂ ਦੇ ਬਣਦੇ ਯੋਗਦਾਨ ਲਈ ਦਾਸ ਤਹਿ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿੱਚੋਂ, ਘਰ ਦੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ, ਮੇਰੇ ਇਸ ਕਾਰਜ ਨੂੰ ਪੂਰਾ ਕਰਨ ਲਈ ਅਹਿਮ ਭੂਮਿਕਾ ਨਿਭਾਈ ਅਤੇ ਇਹ ਨੇਪਰੇ ਚੜ੍ਹ ਸਕਿਆ ਹੈ। ਇਸ ਸਭ ਕੁਝ ਲਈ ਉਹਨਾਂ ਦਾ ਧੰਨਵਾਦ ਕਹਿਣ ਲਈ ਮੇਰੇ ਕੋਲ ਸ਼ਬਦ ਨਹੀਂ ਹਨ ਕਿਉਂਕਿ ਸਿਰਫ ਧੰਨਵਾਦ ਕਹਿ ਦੇਣਾ ਕਾਫੀ ਨਹੀਂ ਹੁੰਦਾ ਵਿਸ਼ੇਸ਼ ਤੌਰ 'ਤੇ ਉਸ ਇਨਸਾਨ ਲਈ ਜਿਸਨੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੀਮਤੀ ਸਮਾਂ ਕੱਢਿਆ ਹੋਵੇ।

**ਤਰਸੇਮ ਸਿੰਘ ਕਰੀਰ**
**ਮੈਲਬਰਨ, ਅਸਟ੍ਰੇਲੀਆ**
+61447738291

# ਆਪੇ ਹਰਿ ਇਕ ਰੰਗੁ ਹੈ...

ਪ੍ਰਮਾਤਮਾ ਇਸ ਦੁਨੀਆ ਦੇ ਕਣ-ਕਣ ਵਿੱਚ ਮੌਜੂਦ ਹੈ। ਧਰਤੀ ਦੇ ਸਾਰੇ ਜੀਵਾਂ, ਦਰਿਆਵਾਂ, ਪਹਾੜਾਂ, ਸਮੁੰਦਰਾਂ, ਬ੍ਰਹਿਮੰਡਾਂ, ਰੁੱਖ-ਬੂਟਿਆਂ ਆਦਿ ਸਭ ਵਿੱਚ ਉਹ ਆਪੇ ਹੀ ਵਿਚਰ ਰਿਹਾ ਹੈ। ਜਿਸ ਤਰ੍ਹਾਂ ਦਾ ਕੋਈ ਜੀਵ, ਪਸ਼ੂ-ਪੰਛੀ ਜਾਂ ਫਿਰ ਬਨਸਪਤੀ ਹੈ, ਪ੍ਰਭੂ ਉਸੇ ਰੰਗ ਵਿੱਚ ਪ੍ਰਗਟ ਹੋ ਰਿਹਾ ਹੈ। ਜਿਵੇਂ ਗੁਲਾਬ ਦਾ ਫੁੱਲ ਗੁਲਾਬੀ ਹੈ ਅਤੇ ਗੇਂਦੇ ਦਾ ਫੁੱਲ ਪੀਲਾ ਹੈ। ਅਨੰਤ ਜੀਵ, ਅਨੰਤ ਵਸਤਾਂ ਹਨ ਅਤੇ ਸਭ ਦੇ ਵੱਖਰੇ-ਵੱਖਰੇ ਰੰਗ ਹਨ। ਇਹ ਸਭ ਉਸ ਦੀ ਰਜਾ ਵਿੱਚ ਹੀ ਵਰਤ ਰਿਹਾ ਹੈ। ਇਸ ਸਮੁੱਚੇ ਵਰਤਾਰੇ ਬਾਰੇ ਧੰਨ-ਧੰਨ ਸ਼੍ਰੀ ਗੁਰੂ ਰਾਮਦਾਸ ਜੀ ਮਹਾਰਾਜ ਰਾਗ ਤਿਲੰਗ ਵਿੱਚ ਫੁਰਮਾਉਂਦੇ ਹਨਃ

ਆਪੇ ਹਰਿ ਇਕ ਰੰਗੁ ਹੈ
ਆਪੇ ਬਹੁ ਰੰਗੀ॥
ਜੋ ਤਿਸੁ ਭਾਵੈ ਨਾਨਕਾ
ਸਾਈ ਗਲ ਚੰਗੀ॥

ਪ੍ਰਭੂ ਦੇ ਇਨ੍ਹਾਂ ਸਭ ਰੰਗਾਂ ਦੇ ਝਲਕਾਰਿਆਂ ਦੇ ਦਰਸ਼ਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿੱਚ ਵੀ ਹੁੰਦੇ ਹਨ। ਇਹ ਬਾਣੀ ਗਿਆਨ ਦਾ ਅਥਾਹ ਸਾਗਰ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਭਗਤ ਨਾਮਦੇਵ ਜੀ ਦੇ 61 ਸ਼ਬਦ 18 ਰਾਗਾਂ ਵਿੱਚ ਸੁਭਾਇਮਾਨ ਹਨ-ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਰਾਗ ਗਉੜੀ, ਰਾਗ ਗੌਂਡ, ਰਾਗ ਬਸੰਤ
ਰਾਗ ਗੂਜਰੀ, ਰਾਗ ਆਸਾ, ਰਾਗ ਭੈਰਉ
ਰਾਗ ਧਨਾਸਰੀ, ਰਾਗ ਸੋਰਿਠ, ਰਾਗ ਮਲਾਰ
ਰਾਗ ਤਿਲੰਗ, ਰਾਗ ਟੋਡੀ, ਰਾਗ ਸਾਰੰਗ
ਰਾਗ ਰਾਮਕਲੀ, ਰਾਗ ਬਿਲਾਵਲ, ਰਾਗ ਪ੍ਰਭਾਤੀ
ਰਾਗ ਮਾਰੂ, ਰਾਗ ਮਾਲੀਗਉੜਾ, ਰਾਗ ਕਾਨੜਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 31 ਰਾਗਾਂ ਵਿੱਚ ਗੁਰਬਾਣੀ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 22 ਵਾਰਾਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ-ਮਾਝ, ਆਸਾ, ਮਲਾਰ ਵਿੱਚ 3

ਸ੍ਰੀ ਗੁਰੂ ਅਮਰਦਾਸ ਜੀ ਦੀਆਂ-ਗੂਜਰੀ, ਸੂਹੀ, ਰਾਮਕਲੀ, ਮਾਰੂ ਵਿੱਚ 4

ਸ੍ਰੀ ਗੁਰੂ ਰਾਮਦਾਸ ਜੀ ਦੀਆਂ-ਸਿਰੀਰਾਗ, ਗਾਉੜੀ, ਬਿਹਾਗੜਾ, ਵਡਹੰਸ, ਸੋਰਿਠ, ਬਿਲਾਵਲ, ਸਾਰੰਗ, ਕਾਨੜਾ ਵਿੱਚ-8

ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ- ਗੂਜਰੀ, ਗਾਉੜੀ, ਰਾਮਕਲੀ, ਮਾਰੂ, ਜੈਤਸਰੀ, ਬਸੰਤ ਵਿੱਚ 6 ਵਾਰਾਂ ਦਰਜ ਹਨ।

ਸੱਤੇ ਬਲਵੰਡ ਦੀ -ਰਾਮਕਲੀ ਵਿੱਚ-1 ਵਾਰ ਹੈ। ਇਸ ਤਰ੍ਹਾਂ ਸਭ ਵਾਰਾਂ ਦਾ ਜੋੜ 22 ਬਣਦਾ ਹੈ।

✪ ਰਜੋ ਗੁਣੀ-ਰਾਜੇ, ਤਮੋਗੁਣੀ-ਦੈਂਤ ਦਾਨਵ, ਸਤੋ ਗੁਣੀ-ਦੇਵਤੇ

✪ ਜੋਗੀਆਂ ਦੇ 12 ਪੰਥ ਹਨ ਪਰ ਆਈ ਪੰਥ ਸਭ ਤੋਂ ਜਿਆਦਾ ਪਰਚਲਤ ਅਤੇ ਵੱਡਾ ਹੈ।

6 ਸ਼ਾਸ਼ਤਰ, 84 ਸਿੱਧ, 10 ਸੰਨਿਆਸੀ, ਬਾਵਨ ਚੰਦਨ, ਅੱਠ ਸਿੱਧੀਆਂ, ਅੱਠ ਖੰਡ, ਅੱਠ ਪਹਿਰ, ਅੱਠ ਧਾਤੂ, ਨੌਂ ਨਿਧੀਆਂ, ਅਠਾਰਹ ਰਿੱਧੀਆਂ।

ਸ਼੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ 36 ਪਰਕਾਰ ਦੇ ਅੰਮ੍ਰਿਤ ਪਦਾਰਥ ਭਾਵ-ਅਰਥ 36 ਮਹਾਂਪੁਰਸ਼ਾਂ ਦੁਆਰਾ ਉਚਾਰੀ ਗਈ ਇਲਾਹੀ ਬਾਣੀ ਹੈ ਜਿਸ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ।

**ਛੇ ਗੁਰੂ ਸਾਹਿਬਾਨ**

1 ਗੁਰੂ ਨਾਨਕ ਦੇਵ ਜੀ
2 ਗੁਰੂ ਅੰਗਦ ਦੇਵ ਜੀ
3 ਗੁਰੂ ਅਮਰਦਾਸ ਜੀ
4 ਗੁਰੂ ਰਾਮਦਾਸ ਜੀ
5 ਗੁਰੂ ਅਰਜਨ ਦੇਵ ਜੀ
6 ਗੁਰੂ ਤੇਗ ਬਹਾਦਰ ਜੀ

**ਪੰਦਰਾਂ ਭਗਤ ਸਾਹਿਬਾਨ**

1 ਭਗਤ ਜੈਦੇਵ ਜੀ
2 ਭਗਤ ਸੈਣ ਜੀ
3 ਭਗਤ ਸੂਰਦਾਸ ਜੀ
4 ਭਗਤ ਪੀਪਾ ਜੀ
5 ਭਗਤ ਧੰਨਾ ਜੀ
6 ਭਗਤ ਸਧਨਾ ਜੀ
7 ਭਗਤ ਕਬੀਰ ਜੀ
8 ਭਗਤ ਰਵਿਦਾਸ ਜੀ
9 ਭਗਤ ਰਾਮਾਨੰਦ ਜੀ
10 ਭਗਤ ਭੀਖਣ ਜੀ
11 ਭਗਤ ਪਰਮਾਨੰਦ ਜੀ
12 ਭਗਤ ਬੈਣੀ ਜੀ

13 ਭਗਤ ਤ੍ਰਿਲੋਚਨ ਜੀ
14 ਭਗਤ ਨਾਮਦੇਵ ਜੀ
15 ਭਗਤ ਸ਼ੇਖ਼ ਫਰੀਦ ਜੀ

**ਗਿਆਰਾਂ ਭੱਟ ਸਾਹਿਬਾਨ**

1 ਭੱਟ ਕਲਸਹਾਰ ਜੀ
2 ਭੱਟ ਬਲ੍ਹ ਜੀ
3 ਭੱਟ ਜਾਲਪ ਜੀ
4 ਭੱਟ ਕੀਰਤ ਜੀ
5 ਭੱਟ ਭਲ੍ਹ ਜੀ
6 ਭੱਟ ਮਥੁਰਾ ਜੀ
7 ਭੱਟ ਸਲ੍ਹ ਜੀ
8 ਭੱਟ ਭਿੱਖਾ ਜੀ
9 ਭੱਟ ਨਲ੍ਹ ਜੀ
10 ਭੱਟ ਗਯੰਦ ਜੀ
11 ਭੱਟ ਹਰਿਬੰਸ ਜੀ

**ਚਾਰ ਸਿੱਖ ਸਾਹਿਬਾਨ**

1 ਬਾਬਾ ਸੁੰਦਰ ਜੀ
2 ਬਾਬਾ ਸੱਤ ਜੀ (ਸਤੈ ਡੂਮ)
3 ਰਾਇ ਬਲਵੰਡ ਜੀ (ਰਾਇ ਬਲਵੰਡਿ)
4 ਭਾਈ ਮਰਦਾਨਾ ਜੀ

**6 ਸਵਾਸ ਦਾ ਇੱਕ ਪਲ, 60 ਪਲ ਦੀ ਇੱਕ ਘੜੀ, 8 ਘੜੀ ਦਾ ਇੱਕ ਪਹਿਰ, 8 ਪਹਿਰ ਦਾ ਇੱਕ ਦਿਨ-ਰਾਤ, 15 ਦਿਨ -ਰਾਤ ਦਾ ਇੱਕ ਪੱਖ, ਦੋ ਪੱਖਾਂ ਦਾ ਇੱਕ ਮਹੀਨਾ ਬਣਦਾ ਹੈ।**

| **ਪੰਜ ਵਿਕਾਰ** | **ਪੰਜ ਤੱਤ** | **ਪੰਜ ਗਿਆਨ ਇੰਦਰੇ** |
|---|---|---|
| ਕਾਮ | ਅਗਨੀ | ਨੱਕ |
| ਕਰੋਧ | ਜਲ | ਕੰਨ |
| ਲੋਭ | ਵਾਯੂ | ਚਮੜੀ |
| ਮੋਹ | ਪ੍ਰਿਥਵੀ | ਜ਼ੁਬਾਨ |
| ਅਹੰਕਾਰ | ਆਕਾਸ਼ | ਅੱਖਾਂ |
| **ਪੰਜ ਪਿਆਰੇ** | **ਪੰਜ ਗੁਣ** | **ਪੰਜ ਕਰਮ ਇੰਦਰੇ** |
| ਭਾਈ ਦਇਆ ਸਿੰਘ ਜੀ | ਸਤਿ | ਇੱਕ ਜ਼ੁਬਾਨ |

| | | |
|---|---|---|
| ਭਾਈ ਹਿੰਮਤ ਸਿੰਘ ਜੀ | ਸੰਤੋਖ | ਦੋ ਪੈਰ |
| ਭਾਈ ਮੋਹਕਮ ਸਿੰਘ ਜੀ | ਦਇਆ | ਦੋ ਹੱਥ |
| ਭਾਈ ਸਾਹਿਬ ਸਿੰਘ ਜੀ | ਧਰਮ | |
| ਭਾਈ ਧਰਮ ਸਿੰਘ ਜੀ | ਅਰਥ | |

ਸੰਸਾਰ ਵਿਖੇ ਮਾਨ-ਸਰੋਵਰ ਸੱਤ ਸਮੁੰਦਰਾਂ ਨਾਲੋਂ ਡੂੰਘਾ ਅਤੇ ਅਡੋਲ ਹੈ। ਇਸਦਾ ਨਾਂ ਕੋਈ ਪੱਤਣ, ਨਾਂ ਕੋਈ ਬੇੜੀ ਨਾਂ ਕੋਈ ਮਲਾਹ, ਨਾਂ ਕੋਈ ਇਸਦਾ ਉਰਾਰ ਤੇ ਨਾ ਹੀ ਕੋਈ ਪਾਰ ਹੈ ਨਾ ਹੀ ਕੋਈ ਡੂੰਘਾਈ ਮਿਣਨ ਲਈ ਯੰਤਰ ਹੈ, ਕੇਵਲ ਹੰਸ ਹੀ ਇੱਥੇ ਮਾਣਕ ਮੋਤੀ ਚੁਗਦੇ ਹਨ।

ਕਿਹਾ ਜਾਂਦਾ ਹੈ ਕਿ ਕੁੱਕੜੀ ਮੁਰਗਾਬੀ ਦਾ ਬੱਚਾ ਪਾਲਦੀ ਹੈ, ਚਕਵੀ ਦਾ ਪ੍ਰੇਮ ਸੂਰਜ ਨਾਲ ਹੈ, ਚਕੋਰ ਹਰ ਵਕਤ ਚੰਦਰਮਾ ਵੱਲ ਹੀ ਨੀਝ ਲਾ ਕੇ ਤੱਕਦੀ ਰਹਿੰਦੀ ਹੈ, ਮੋਰ ਬੰਬੀਹੇ ਕਾਲੇ ਬੱਦਲ ਦੇਖ ਕੇ ਮੰਤਰ ਮੁਗਧ ਹੋ ਜਾਂਦੇ ਹਨ,

ਕਾਮੀ ਦੀ ਰੂਪ ਨਾਲ ਪ੍ਰੀਤ ਹੈ, ਭੁੱਖੇ ਦੀ ਸਾਦੀ ਰੋਟੀ ਨਾਲ ਹੀ ਪ੍ਰੀਤ ਹੈ, ਲਾਲਚੀ ਮਨੁੱਖ ਦੀ ਦੂਸਰੇ ਦੇ ਧਨ ਮਾਲ 'ਤੇ ਹੀ ਨਿਗਾਹ ਟਿਕੀ ਰਹਿੰਦੀ ਹੈ, ਹੰਸ ਮਾਨ-ਸਰੋਵਰ ਵਿਖੇ ਮਾਣਕ ਅਤੇ ਮੋਤੀ ਚੁਗਦੇ ਹਨ, ਕੋਇਲ ਦੀ ਅੰਬ ਨਾਲ ਪ੍ਰੀਤ ਹੈ ਤੇ ਉਹਨਾਂ ਨੂੰ ਦੇਖ-ਦੇਖ ਤਰਾਂ ਤਰਾਂ ਦੇ ਮਿੱਠੇ ਰਾਗ ਅਲਾਪਦੀ ਹੈ, ਚੰਦਨ ਦੇ ਪਾਸ ਖਲੋਤੀ ਵਨਸਪਤੀ ਚੰਦਨ ਦੀ ਖੁਸ਼ਬੂ ਵਾਲੀ ਹੋ ਜਾਂਦੀ ਹੈ, ਲੋਹਾ ਸੋਨੇ ਨਾਲ ਮਿਲਕੇ ਸੋਨੇ ਦੇ ਪ੍ਰਕਾਸ਼ ਵਾਲਾ ਹੋ ਜਾਂਦਾ ਹੈ, ਨਦੀਆਂ ਅਤੇ ਨਾਲੇ ਗੰਗਾ ਨਾਲ ਮਿਲ ਕੇ ਗੰਗਾ ਜੈਸੇ ਹੀ ਪਵਿਤਰ ਹੋ ਜਾਂਦੇ ਹਨ।

ਭੰਵਰੇ ਦਾ ਫੁੱਲਾਂ ਦੀ ਸੁਗੰਧ ਨਾਲ ਪਿਆਰ ਹੈ ਅਤੇ ਫੁੱਲ ਦੇ ਅੰਦਰ ਹੀ ਬੰਦ ਹੋ ਕੇ ਆਪਣੀ ਜਾਨ ਗੁਆ ਦਿੰਦਾ ਹੈ, ਪਤੰਗਾ ਦੀਵੇ ਦੀ ਲੋਅ 'ਤੇ ਨਿਛਾਵਰ ਹੋ ਜਾਂਦਾ ਹੈ, ਮਿਰਗ ਘੰਡੇਹੇੜੇ ਦੇ ਰਾਗ 'ਤੇ ਮੋਹਿਤ ਹੁੰਦਾ ਹੈ, ਮਛਲੀ ਜੁਬਾਨ ਦੇ ਰਸ ਕਰਕੇ ਕੁੰਡੀ ਵਿੱਚ ਫਸ ਕੇ ਆਪਣੀ ਜਾਨ ਗੁਆ ਦਿੰਦੀ ਹੈ, ਹਥਣੀ ਦਾ ਕਲਬੂਤ ਦੇਖ ਕੇ ਹਾਥੀ ਸ਼ਿਕਾਰੀ ਦੇ ਜਾਲ ਵਿੱਚ ਫਸ ਜਾਂਦਾ ਹੈ।

ਹੁਣ ਦੇਖੋ, ਚੋਰ ਚਾਨਣੇ ਦੇ ਆਸਰੇ ਚੋਰੀ ਕਰਦਾ ਹੈ, ਖੂਨੀ ਚਾਨਣੇ ਦੇ ਆਸਰੇ ਖੂਨ ਕਰਦਾ ਹੈ, ਵਿਦਵਾਨ ਚਾਨਣੇ ਦੇ ਆਸਰੇ ਪੜ੍ਹਦਾ ਹੈ, ਮਹਾਤਮਾ ਪਰਉਪਕਾਰ ਕਰਦਾ ਹੈ, ਪਰ ਚਾਨਣੇ ਨੂੰ ਕੋਈ ਚੰਗਾ ਮਾੜਾ-ਨਹੀਂ ਕਹਿੰਦਾ, ਇਸੇ ਤਰ੍ਹਾਂ ਵਾਹਿਗੁਰੂ ਭੀ ਸਦਾ ਨਿਰਲੇਪ ਹੈ।

ਜਿਵੇਂ ਸਵਾਂਤੀ ਬੂੰਦ ਸਾਰੇ ਥਾਈਂ ਇੱਕੋ ਜਿਹੀ ਵਰ੍ਹਦੀ ਹੈ, ਪਾਣੀ ਵਿੱਚ ਪਾਣੀ ਹੋ ਕੇ ਤੇ ਧਰਤੀ ਵਿੱਚ ਕਈ ਭਾਂਤਾਂ ਨਾਲ ਮਿਲ ਜਾਂਦੀ ਹੈ। ਕਿਧਰੇ ਖੇਤੀ, ਬਿਰਖ, ਕਈ ਰਸ, ਕੁਸੈਲੇ ਫਲਾਂ ਫੁੱਲਾਂ ਨਾਲ ਮਿਲਕੇ ਸ਼ੋਭਦੀ ਹੈ। ਕੇਲੇ ਵਿਖੇ ਪਵੇ ਤਾਂ ਕਪੂਰ ਹੋ ਕੇ ਸ਼ੀਤਲ ਤੇ ਸੁਖਦਾਇਕ ਹੁੰਦੀ ਹੈ, ਸਿੱਪੀ ਦੇ ਮੂੰਹ ਵਿੱਚ ਮੋਤੀ ਬਣਕੇ ਵੱਡਾ ਮੁੱਲ ਪੁਆਉਂਦੀ ਹੈ, ਸੱਪ ਦੇ ਮੂੰਹ ਵਿੱਚ ਪਵੇ ਤਾਂ ਜ਼ਹਿਰ ਹੁੰਦੀ ਹੈ ਅਤੇ ਸਦਾ

ਬੁਰਾ ਚਿਤਵਦੀ ਹੈ। ਪ੍ਰਮਾਤਮਾ ਆਪੇ ਆਪ ਹੀ ਵਰਤਦਾ ਹੈ।

ਜਿਸ ਤਰਾਂ ਪਾਣੀ ਕਾਲੇ ਰੰਗ ਵਿਚ ਕਾਲਾ ਦਿਸਦਾ ਹੈ, ਲਾਲ ਰੰਗ ਵਿੱਚ ਮਿਲਕੇ ਲਾਲ, ਪੀਲੇ ਵਿੱਚ ਮਿਲਿਆਂ ਪੀਲਾ ਹੋ ਜਾਦਾ ਹੈ, ਸਾਵੇਂ ਰੰਗ ਵਿੱਚ ਮਿਲਕੇ ਸਾਂਵਾ, ਜਿਸ ਤਰਾਂ "ਪਾਨੀ ਰੇ ਪਾਨੀ ਤੇਰਾ ਰੰਗ ਕੈਸਾ ਜਿਸ ਮੇਂ ਮਿਲਾਦੋ ਲਗੇ ਉਸ ਜੈਸਾ"। ਇਸੇ ਤਰਾਂ ਗੁਰਮੁਖ ਆਪਣੇ ਆਪ ਨੂੰ ਹਰ ਸਥਿਤੀ ਦੇ ਅਨੁਕੂਲ ਢਾਲ ਲੈਂਦੇ ਹਨ।

ਅੱਗ ਨਾਲ ਦੀਵਾ ਬਲ ਕੇ ਹਨੇਰੇ ਵਿਚ ਚਾਨਣ ਕਰਦਾ ਹੈ, ਉਸੇ ਦੀਵੇ ਦੀ ਕਾਲਖ ਦੀ ਸਿਆਹੀ ਲਿਖਾਰੀ ਦੇ ਕੰਮ ਆਉਂਦੀ ਹੈ, ਉਸੇ ਕਾਲਖ ਤੋਂ ਔਰਤ ਕੱਜਲ ਬਣਾਉਂਦੀ ਹੈ, ਭਲਿਆਂ ਦੇ ਸੰਗ ਭਲੇ ਅਤੇ ਬੁਰੇ ਦੇ ਸੰਗ ਬੁਰਾ। ਉਸੇ ਸਿਆਹੀ ਦੀ ਦਵਾਤ ਚੋਂ ਹਰੀ ਦਾ ਜੱਸ ਲਿਖੀਦਾ ਹੈ ਅਤੇ ਉਹੀ ਸਿਆਹੀ ਦਫਤਰੀ ਲੋਕਾਂ ਦੇ ਕੰਮ ਆਉਂਦੀ ਹੈ। ਆਪ ਹੀ ਪਰਮਾਤਮਾ ਹਰ ਪਾਸੇ ਵਰਤ ਰਿਹਾ ਹੈ। ਗੁਰਮੁਖ ਪੁਰਸ਼ ਚਾਨਣ ਦਾ ਸਦਉਪਯੋਗ ਕਰਦੇ ਹਨ।

ਇੱਕ ਬੀਜ ਦੇ ਬੀਜਣ ਨਾਲ ਬ੍ਰਿਛ ਬਣਦਾ ਹੈ, ਉਹ ਫੈਲਦਾ ਹੈ ਜੜ੍ਹ ਜਮੀਨ ਦੇ ਅੰਦਰ, ਰੁੱਖ ਬਾਹਰ ਅਤੇ ਬਹੁਤ ਸਾਰੇ ਟਾਹਣਿਆਂ ਦਾ ਵਿਸਥਾਰ ਹੁੰਦਾ ਹੈ, ਫੇਰ ਉਹਨਾਂ ਨਾਲ ਪੱਤੇ, ਫਲ, ਅਤੇ ਫੁੱਲ ਲਗਦੇ ਹਨ ਤੇ ਉਹਨਾਂ ਵਿਚ ਰਸ ਅਤੇ ਰੰਗ ਸੰਵਰਦੇ ਹਨ, ਚੁਫੇਰੇ ਵਾਤਾਵਰਨ ਮਹਿਕਦਾ ਹੈ। ਫਲ ਵਿੱਚ ਬੀਜ ਪੱਕਦੇ ਹਨ ਫੇਰ ਇੱਕ-ਫਲ ਤੋਂ ਹਜਾਰਾਂ ਹੀ ਫਲ ਜੰਮਦੇ ਹਨ। ਇਸੇ ਤਰਾਂ ਹੀ ਪ੍ਰਮਾਤਮਾ ਦਾ ਪਸਾਰਾ ਹੈ ਜੋ ਅਸੀਂ ਸਾਰੇ ਦੇਖਦੇ ਤਾਂ ਹਾਂ ਪਰ ਸਮਝਦੇ ਨਹੀਂ, ਇਹ ਕੇਵਲ ਪ੍ਰਮਾਤਮਾ ਆਪ ਜਾਂ ਸੰਤ ਜਨ ਹੀ ਸਮਝਦੇ ਹਨ।

ਗਊਆਂ ਭਾਵੇਂ ਬਹੁਤ ਰੰਗਾਂ ਦੀਆਂ ਹੁੰਦੀਆਂ ਹਨ ਪਰੰਤੂ ਦੁੱਧ ਦਾ ਰੰਗ ਚਿੱਟਾ ਹੀ ਹੁੰਦਾ ਹੈ। ਦੁੱਧ ਤੋਂ ਦਹੀਂ ਜੰਮਦਾ ਹੈ, ਦਹੀਂ ਰਿੜਕੇ ਤੋਂ ਲੱਸੀ ਅਤੇ ਮੱਖਣ ਬਣਦਾ ਹੈ ਮੱਖਣ ਨੂੰ ਗਰਮ ਕਰਕੇ ਘਿਉ ਨਿੱਕਲਦਾ ਹੈ, ਜਿਸ ਨੂੰ ਹੋਮ ਯੱਗ ਪੂਜਾ-ਭੇਟ ਲਈ ਵਰਤਦੇ ਹਾਂ। ਇਸ ਤਰਾਂ ਘਟ ਘਟ ਅੰਦਰ ਇੱਕ ਹੀ ਪ੍ਰਮਾਤਮਾ ਵੱਸ ਰਿਹਾ ਹੈ ਅਤੇ ਇਹ ਵਰਤਾਰਾ ਗੁਰਮੁਖ ਜਨ ਹੀ ਸਮਝਦੇ ਹਨ।

ਇੱਕੋ ਪਾਣੀ ਤੇ ਇੱਕੋ ਧਰਤੀ ਹੈ, ਰੁੱਖ-ਬੂਟੇ ਬਹੁਤ ਪ੍ਰਕਾਰ ਦੇ ਪੈਦਾ ਕੀਤੇ ਹਨ। ਫਲ-ਹੀਣ, ਫਲਦਾਰ ਫਲ ਫੁੱਲ ਕਰਕੇ ਬਹੁਤ ਪ੍ਰਕਾਰ ਦੇ ਜਚਦੇ ਅਤੇ ਫਬਦੇ ਹਨ। ਬਹੁਤੇ ਰਸ-ਰੰਗ, ਸੁਹਣੀਆਂ ਖ਼ੁਸ਼ਬੂਆਂ ਅਤੇ ਸ਼੍ਰੇਸਟ ਦਿੱਖ ਵਾਲੇ। ਬਹੁ-ਪ੍ਰਕਾਰ ਦੇ ਸਾਰੇ ਬ੍ਰਿਛਾਂ ਵਿੱਚੋਂ ਅੱਗ ਇੱਕੋ ਰੰਗ ਦੀ ਪ੍ਰਗਟ ਹੁੰਦੀ ਹੈ। ਨਾਂ ਦਿਸਣ ਵਾਲੀ ਅੱਗ ਪ੍ਰਗਟ ਹੋ ਕੇ ਉਹਨਾਂ ਨੂੰ ਸੁਆਹ ਕਰ ਦਿੰਦੀ ਹੈ। ਇਸ ਤਰਾਂ ਪ੍ਰਮਾਤਮਾਂ ਕਣ-ਕਣ ਵਿੱਚ ਵਰਤਦਾ ਹੈ ਪ੍ਰੰਤੂ ਸਾਡੇ ਪਾਸ ਦੇਖਣ ਵਾਲੀ ਅੱਖ ਨਹੀਂ ਹੈ।

***

# ਜਜ਼ਬਾਤ

'ਸਰਪੰਚ ਸਾਹਿਬ ਤੁਸੀਂ ਮੇਰੇ ਨਾਲ ਮੇਰੇ ਘਰ ਚੱਲੋ ਅਤੇ ਮੇਰੇ ਬੇਟੇ ਨੂੰ ਸਮਝਾਓ'। ਬੰਤਾ ਸਿਹੁੰ ਆਪਣੇ ਬੇਟੇ ਦੀ ਸ਼ਿਕਾਇਤ ਲਾਉਣ ਲਈ ਸਰਪੰਚ ਮੁਖਤਿਆਰ ਸਿੰਘ ਦੇ ਘਰ ਸਵੇਰੇ ਹੀ ਆ ਗਿਆ ਸੀ ਅਤੇ ਵਾਰ-ਵਾਰ ਜ਼ਿਦ ਕਰ ਰਿਹਾ ਸੀ ਕਿ ਸਰਪੰਚ ਉਸਦੇ ਘਰ ਚੱਲੇ। ਦੇਖ ਬੰਤਾ ਸਿੰਹਾਂ ਇਹ ਤੁਹਾਡੇ ਘਰ ਦਾ ਮਾਮਲਾ ਹੈ, ਇਸ ਵਿੱਚ ਪੰਚਾਇਤ ਕੀ ਕਰ ਸਕਦੀ ਹੈ? ਪਰ ਬੰਤਾ ਸਿੰਘ ਦੀ ਗਰਾਰੀ ਇੱਕੋ ਹੀ ਗੱਲ 'ਤੇ ਅੜੀ ਹੋਈ ਸੀ ਕਿ ਅੱਜ ਫ਼ੈਸਲਾ ਹੋ ਕੇ ਹੀ ਰਹੂ। ਇਸੇ ਲਈ ਵਾਰ-ਵਾਰ ਜ਼ੋਰ ਪਾ ਰਿਹਾ ਸੀ। ਚੱਲ ਠੀਕ ਹੈ ਮੈਂ ਸਵੇਰੇ ਤੇਰੇ ਪੁੱਤ ਦੇ ਘਰੋਂ ਜਾਣ ਤੋਂ ਪਹਿਲਾਂ ਪੰਚਾਇਤ ਦੇ ਦੋ-ਚਾਰ ਮੈਂਬਰ ਲੈ ਕੇ ਆਵਾਂਗਾ, ਫਿਰ ਦੇਖਦੇ ਹਾਂ ਕਿ ਉਹ ਕੀ ਬੋਲਦਾ ਹੈ, ਹੁਣ ਤੁਸੀਂ ਘਰੇ ਜਾਓ। "ਠੀਕ ਹੈ ਸਰਪੰਚ ਸਾਹਿਬ", ਕਹਿ ਕੇ ਬੰਤਾ ਸਿੰਘ ਘਰ ਵਾਪਿਸ ਆ ਗਿਆ।

ਸਵੇਰੇ ਦਿਨ ਦੇ ਚੜ੍ਹਨ ਦੇ ਨਾਲ ਹੀ ਪੰਜ ਮੈਬਰਾਂ ਦੀ ਪੰਚਾਇਤ ਬੰਤਾ ਸਿੰਘ ਦੇ ਘਰ ਆ ਗਈ ਅਤੇ ਆਉਂਦੇ ਹੋਏ ਬੰਤਾ ਸਿੰਘ ਦੇ ਬੇਟੇ ਨੂੰ ਵੀ ਉਸਦੇ ਘਰੋਂ ਨਾਲ ਹੀ ਲੈ ਕੇ ਆਏ ਸਨ। ਰਸਤੇ ਵਿੱਚ ਸ਼ਿੰਦੇ, ਬੰਤਾ ਸਿੰਘ ਦੇ ਇਕਲੌਤੇ ਬੇਟੇ ਨੇ ਆਪਣਾ ਪੱਖ ਮੈਬਰਾਂ ਅੱਗੇ ਰੱਖਦੇ ਹੋਏ ਦੱਸਿਆ ਕਿ ਬਾਪੂ ਕੋਲ ਬਥੇਰਾ ਪੈਸਾ ਹੈ, ਉਸ ਨੇ ਐਵੇਂ ਹੀ ਰੇੜਕਾ ਪਾਇਆ ਹੋਇਆ ਹੈ ਕਿ ਮੈਂ ਉਸਨੂੰ ਖ਼ਰਚਾ ਨਹੀਂ ਦਿੰਦਾ। ਘਰ ਪਹੁੰਚ ਕੇ ਪੰਚਾਇਤ ਨੇ ਬੰਤਾ ਸਿੰਘ ਨੂੰ ਪੁੱਛਿਆ ਕਿ ਤੇਰਾ ਪੁੱਤ ਕਹਿੰਦਾ ਹੈ ਕਿ ਬਾਪੂ ਕੋਲ ਬਥੇਰਾ ਪੈਸਾ ਹੈ, ਫਿਰ ਵੀ ਤੂੰ ਉਸ ਕੋਲੋਂ ਖਰਚਾ ਕਿਉਂ ਮੰਗਦਾ ਹੈਂ?

"ਦੇਖੋ ਸਰਪੰਚ ਸਾਹਿਬ ਮੈਂ ਸਾਰੀ ਆਪਣੀ ਜ਼ਮੀਨ ਜਾਇਦਾਦ ਇਸ ਨੂੰ ਦੇ ਦਿੱਤੀ ਹੈ, ਘਰ ਵੀ ਇਸਦਾ ਬਣਵਾ ਦਿੱਤਾ ਹੈ, ਹੁਣ ਮੈਂ ਬੁੜ੍ਹਾ ਹੋ ਗਿਆ ਹਾਂ ਤਾਂ ਇਸਦਾ ਫ਼ਰਜ਼ ਨਹੀਂ ਬਣਦਾ ਕਿ ਇਹ ਆਪਣੇ ਬੁੱਢੇ ਪਿਓ ਦਾ ਖਿਆਲ ਰੱਖੇ।" ਪੰਚਾਇਤ ਨੇ ਮੁੰਡੇ ਨੂੰ ਸਮਝਾਇਆ ਕਿ ਦੇਖ ਕਾਕਾ ਜੇਕਰ ਤੇਰੇ ਬਾਪੂ ਕੋਲ ਪੈਸਾ-ਧੇਲਾ ਹੈ ਵੀ, ਤਾਂ ਉਹ ਵੀ ਤਾਂ ਤੇਰਾ ਹੀ ਹੈ, ਤੂੰ ਇਸ ਨੂੰ ਥੋੜੇ ਬਹੁਤ ਪੈਸੇ ਦੇ ਦਿਆ ਕਰ। ਚਲੋ ਸਰਪੰਚ ਸਾਹਿਬ ਤੁਹਾਡਾ ਕਿਹਾ ਸਿਰ ਮੱਥੇ, ਪੁੱਛੋ ਬਾਪੂ ਨੂੰ ਕਿੰਨੇ ਪੈਸੇ ਮਹੀਨੇ ਦੇ ਚਾਹੀਦੇ ਹਨ? ਤਾਂ ਬੰਤਾ ਸਿੰਘ ਕਹਿਣ ਲੱਗਾ, ਸਰਪੰਚ ਸਾਹਿਬ ਮਹੀਨੇ ਦੇ ਨਹੀਂ ਸਗੋਂ ਹਰ ਹਫ਼ਤੇ ਚਾਹੀਦੇ ਹਨ। ਜਿਆਦਾ ਨਹੀਂ ਬਸ 100 ਰੁਪਏ ਹਫਤਾ। ਬੱਸ, ਇੰਨੇ ਪਿੱਛੇ ਹੀ ਤਿੰਨ ਚਾਰ ਦਿਨ ਤੋਂ ਰੌਲਾ ਪਾਇਆ ਹੈ। ਠੀਕ ਹੈ ਸਰਪੰਚ ਸਾਹਿਬ ਮੈਨੂੰ ਮਨਜ਼ੂਰ ਹੈ ਮੈਂ ਹਰ ਹਫ਼ਤੇ ਬਾਪੂ ਨੂੰ 500 ਰੁਪਏ ਦੇ ਦਿਆ ਕਰਾਂਗਾ, ਕਹਿਕੇ ਸ਼ਿੰਦਾ ਚਲਾ ਗਿਆ।

ਬੰਤਾ ਸਿਆਂ ਐਨੀ ਛੋਟੀ ਜਿਹੀ ਰਕਮ ਦਾ ਕੀ ਮੰਗਣਾ ਸੀ, 100 ਰੁਪਏ ਨਾਲ ਤੇਰਾ ਕੀ ਖੂਹ ਲੱਗਜੂ। "ਗੱਲ ਪੈਸਿਆਂ ਦੀ ਨਹੀਂ ਸਰਪੰਚ ਸਾਹਿਬ, ਥੋੜ੍ਹਾ

ਭਾਵੁਕ ਹੋ ਕੇ ਬੰਤਾ ਸਿਹੁੰ ਬੋਲਿਆ ਤੇ ਗੱਚ ਵੀ ਭਰ ਲਿਆ, ਇਸ ਬਹਾਨੇ ਘੱਟੋ ਘੱਟ ਹਰ ਹਫ਼ਤੇ ਮਿਲਣ ਤਾਂ ਆਊਗਾ ਨਾਂ।"

ਮਾਂ ਦੀ ਮਮਤਾ ਨੂੰ ਹਰ ਕੋਈ ਸੁਣਾ ਦਿੰਦਾ ਹੈ ਪ੍ਰੰਤੂ ਕਦੇ ਪਿਓ ਦੇ ਜਜ਼ਬਾਤਾਂ ਨੂੰ ਵੀ ਸਮਝੋ। ਪਿਓ ਕਹਿ ਕੇ ਨਹੀਂ ਸੁਣਾਉਂਦਾ ਇਸ ਦਾ ਇਹ ਮਤਲਬ ਨਹੀਂ ਕਿ ਉਸ ਦੇ ਸੀਨੇ ਵਿੱਚ ਦਿਲ ਨਹੀਂ, ਉਸ ਦੀ ਕੋਈ ਭਾਵਨਾ ਨਹੀਂ, ਉਸ ਦੀ ਕੋਈ ਚਾਹਤ ਨਹੀਂ।

ਪਿਉ ਦੀ ਵੀ ਕਦਰ ਕਰਨੀ ਸਿੱਖੋ ਜਿਸ ਨੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਨਾਲ ਬੱਚਿਆਂ ਨੂੰ ਪਾਲਣ-ਪੋਸ਼ਣ ਦਿੱਤਾ, ਆਪਣੇ ਵਿੱਤ ਤੋਂ ਵੀ ਜ਼ਿਆਦਾ ਬੱਚਿਆਂ ਦੇ ਲਾਡ ਲਡਾਏ, ਆਪ ਭੁੱਖਾ ਰਹਿ ਕੇ ਵੀ ਬੱਚਿਆਂ ਨੂੰ ਰੱਜ ਕੇ ਖੁਆਇਆ।

***

# ਸਫੈਦ ਵਾਲ

ਰਾਮ ਲਾਲ ਜੀ ਆਪਣੀ ਸਾਰੀ ਉਮਰ ਆਪਣੇ ਬੱਚਿਆਂ ਨੂੰ ਪੜ੍ਹਾਉਣ ਅਤੇ ਵਿਦੇਸ਼ ਵਿੱਚ ਸਥਾਪਿਤ ਕਰਨ ਵਿੱਚ ਲੱਗੇ ਰਹੇ। ਉਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਵਿੱਚ ਕੋਈ ਇੱਕ ਪਲ ਵੀ ਫ਼ੁਰਸਤ ਦਾ ਐਸਾ ਨਹੀਂ ਕੱਢਿਆ ਕਿ ਉਹ ਅਤੇ ਉਸਦੀ ਪਤਨੀ, ਦੇਵੀ ਕਿਤੇ ਘਰ ਤੋਂ ਬਾਹਰ ਵਿਦੇਸ਼ ਵਿੱਚ ਜਾ ਕੇ ਚਾਰ ਦਿਨ ਬਿਤਾ ਸਕਣ। ਇਹ ਰਾਮ ਲਾਲ ਜੀ ਦਾ ਅਰਮਾਨ ਸੀ ਅਤੇ ਉਨ੍ਹਾਂ ਨੇ ਆਪਣੀ ਪਤਨੀ, ਦੇਵੀ ਨੂੰ ਇਹ ਵਚਨ ਵੀ ਦਿੱਤਾ ਹੋਇਆ ਸੀ ਕਿ ਇੱਕ ਦਿਨ ਆਪਾਂ ਇਕੱਠੇ ਕਿਤੇ ਦੂਰ ਘੁੰਮਣ ਲਈ ਚੱਲਾਂਗੇ।

ਭਾਰਤ ਤੋਂ ਇੱਥੇ ਆ ਕੇ ਉਨ੍ਹਾਂ ਨੇ ਆਪਣਾ ਘਰ ਵੀ ਲੈ ਲਿਆ ਸੀ।

ਰਾਮ ਲਾਲ ਜੀ ਹੁਣ ਤਕਰੀਬਨ ਤਿੰਨ ਚਾਰ ਮਹੀਨੇ ਤੋਂ ਆਪਣੇ ਬੇਟੇ ਕੋਲ ਅਸਟ੍ਰੇਲੀਆ ਆਏ ਹੋਏ ਸਨ। ਇੱਥੇ ਉਹ ਇੱਕ ਸੀਨੀਅਰਜ਼ ਕਲੱਬ ਦੇ ਮੈਂਬਰ ਬਣ ਗਏ ਅਤੇ ਕੁਝ ਮੈਂਬਰ ਸਾਹਿਬਾਨ ਨੇ ਇਕੱਠੇ ਹੋ ਕੇ ਇੱਕ ਨਜ਼ਦੀਕੀ ਦੇਸ਼ ਵਿੱਚ ਘੁੰਮਣ ਜਾਣ ਦਾ ਪ੍ਰੋਗਰਾਮ ਉਲੀਕਿਆ ਜਿਸ ਦਾ ਖਰਚਾ ਤਕਰੀਬਨ ਭਾਰਤੀ ਮੁਦਰਾ ਵਿੱਚ ਇਕ ਲੱਖ ਰੁਪਏ ਅਤੇ ਅਸਟ੍ਰੇਲੀਅਨ ਮੁਦਰਾ ਵਿੱਚ 2000 ਡਾਲਰ ਬਣਦੇ ਸਨ।

ਅੱਜ ਸ਼ਾਮ ਨੂੰ ਜਦੋਂ ਰਾਮ ਲਾਲ ਜੀ ਆਪਣੇ ਦੋਸਤਾਂ ਦੀ ਇੱਕਤਰਤਾ ਤੋਂ ਬਾਅਦ ਘਰੇ ਪਹੁੰਚੇ ਤਾਂ ਉਹਨਾਂ ਨੇ ਆ ਕੇ ਆਪਣੇ ਬੇਟੇ ਅਤੇ ਬਹੂ ਨਾਲ ਗੱਲ ਕੀਤੀ ਕਿ ਬੇਟਾ ਅਸੀਂ ਸਾਰੀ ਉਮਰ ਭਾਰਤ ਵਿੱਚ ਵੀ ਤੇ ਇੱਥੇ ਅਸਟ੍ਰੇਲੀਆ ਵਿੱਚ ਵੀ, ਕਿਤੇ ਵੀ ਘੁੰਮਣ ਜਾਣ ਦਾ ਪ੍ਰੋਗਰਾਮ ਨਹੀਂ ਬਣਾ ਸਕੇ ਕਿਉਂਕਿ ਅਸੀਂ ਸ਼ੁਰੂ ਤੋਂ ਹੀ ਆਪਣੀ ਜਿੰਮੇਵਾਰੀ, ਤੁਹਾਡੀ ਜਿੰਮੇਵਾਰੀ, ਤੁਹਾਨੂੰ ਬਾਹਰ ਭੇਜਣ ਦੀ ਜਿੰਮੇਵਾਰੀ, ਤੁਹਾਨੂੰ ਵਿਦੇਸ਼ ਵਿੱਚ ਸਥਾਪਿਤ ਕਰਨ ਦੀ ਜਿੰਮੇਵਾਰੀ, ਦੀ ਉਧੇੜ-ਬੁਣ ਵਿੱਚ ਹੀ ਰੁਝੇ ਰਹੇ। ਅੱਜ ਅਸੀਂ ਕੁਝ ਮੈਂਬਰ ਸਾਹਿਬਾਨ ਨੇ ਫੈਸਲਾ ਕੀਤਾ ਹੈ ਕਿ ਅਸੀਂ 10-15 ਮੈਬਰ ਇਕੱਠੇ ਹੋ ਕੇ ਨਜ਼ਦੀਕੀ ਦੇਸ਼ ਵਿੱਚ ਘੁੰਮਣ ਜਾਣਾ ਚਾਹੁੰਦੇ ਹਾਂ, ਜਿਸ ਦਾ ਖਰਚਾ ਤਕਰੀਬਨ 2000 ਡਾਲਰ ਹੀ ਆਵੇਗਾ, ਸੋ ਤੁਸੀਂ ਮੈਨੂੰ ਸਵੇਰੇ 2000 ਡਾਲਰ ਦੇ ਦਿਓ ਤਾਂ ਕਿ ਮੈਂ ਆਪਣੀ ਅਤੇ ਤੁਹਾਡੀ ਮੰਮੀ ਦੀ ਟਿਕਟ ਬੁੱਕ ਕਰਵਾ ਦੇਵਾਂ।

ਇੰਨੀ ਗੱਲ ਸੁਣ ਕੇ ਉਹਨਾਂ ਦੀ ਬਹੂ ਭੜਕ ਉੱਠੀ ਅਤੇ ਬਹੁਤ ਅਪ-ਸ਼ਬਦ ਬੋਲੀ, ਕਹਿਣ ਲੱਗੀ ਕਿ ਪਾਪਾ ਤੁਹਾਨੂੰ ਇਸ ਉਮਰ ਵਿੱਚ ਹਨੀਮੂਨ ਮਨਾਉਣ ਲਈ ਜਾਣ ਦਾ ਕਿੱਥੋਂ ਯਾਦ ਆ ਗਿਆ ਹੈ, ਤੁਹਾਡੀ ਉਮਰ ਹੁਣ ਹਨੀਮੂਨ ਮਨਾਉਣ ਦੀ ਨਹੀਂ, ਤੁਸੀਂ ਘਰ ਵਿੱਚ ਬੈਠ ਕੇ ਰਾਮ-ਰਾਮ ਕਰੋ, ਉਸ ਪਰਮਾਤਮਾ ਨੂੰ ਯਾਦ ਕਰੋ ਅਤੇ ਬਾਹਰ ਜਾਣ ਦੇ ਵਿਚਾਰ ਨੂੰ ਛੱਡ ਦਿਓ। ਰਾਮ

ਲਾਲ ਨੇ ਬਹੁਤ ਸਮਝਾਇਆ ਕਿ ਬੇਟਾ ਅਸੀਂ ਹਨੀਮੂਨ ਤੇ ਨਹੀਂ ਜਾ ਰਹੇ ਸਗੋਂ ਅਸੀਂ ਤਾਂ ਘਰੇਲੂ ਜ਼ਿੰਮੇਵਾਰੀਆਂ ਕਰਕੇ ਅੱਜ ਤੱਕ, ਮੈਂ ਤੇ ਤੁਹਾਡੀ ਮੰਮੀ ਕਿਤੇ ਜਾ ਹੀ ਨਹੀਂ ਸਕੇ, ਇਸੇ ਕਰਕੇ ਅਸੀਂ ਸਾਰੇ ਕਲੱਬ ਵਾਲਿਆਂ ਨੇ ਰਲ ਕੇ ਸਲਾਹ ਬਣਾਈ ਹੈ ਕਿ ਅਸੀਂ 10-12 ਮੈਂਬਰ ਇਕੱਠੇ ਹੀ ਜਾਵਾਂਗੇ ਅਤੇ ਸਮੇਤ ਪਰਿਵਾਰ ਜਾਵਾਂਗੇ। ਬਾਕੀ ਤੁਹਾਡੀ ਮੰਮੀ ਨਾਲ ਮੇਰਾ ਵਾਅਦਾ ਵੀ ਕੀਤਾ ਹੋਇਆ ਹੈ ਕਿ ਕਿੱਤੇ ਘੁੰਮਣ ਲਈ ਜਾਵਾਂਗੇ।

ਬਹੂ ਰਾਣੀ ਸੀ ਕਿ ਉਹ ਕਿਸੇ ਦੀ ਗੱਲ ਸੁਨਣ ਲਈ ਤਿਆਰ ਹੀ ਨਹੀਂ ਸੀ, ਉਸ ਦਾ ਪਾਰਾ ਵੱਧਦਾ ਹੀ ਜਾ ਰਿਹਾ ਸੀ। ਆਖਿਰ ਵਿੱਚ ਹਾਰ ਕੇ ਰਾਮ ਲਾਲ ਜੀ ਨੇ ਹਥਿਆਰ ਸੁੱਟ ਦਿੱਤੇ ਅਤੇ ਕਹਿ ਦਿੱਤਾ, ਠੀਕ ਹੈ ਬੇਟਾ ਜਿਸ ਤਰ੍ਹਾਂ ਤੁਹਾਡੀ ਮਰਜ਼ੀ ਹੈ ਪਰ ਅਸੀਂ ਤਾਂ ਜਾਵਾਂਗੇ। ਬਹੂ ਰਾਣੀ ਸੋਚ ਰਹੀ ਸੀ ਕਿ ਇਹਨਾਂ ਕੋਲ ਤਾਂ ਪੈਸੇ ਹੈ ਹੀ ਨਹੀਂ ਇਹ ਕਿਵੇਂ ਜਾਣਗੇ?

ਦਿਨ ਚੜ੍ਹਿਆ ਰਾਮ ਲਾਲ ਜੀ ਨੇ ਆਪਣੇ ਕਾਗਜ਼ ਪੱਤਰ ਚੁੱਕੇ ਅਤੇ ਸੁਬਹਾ ਹੁੰਦਿਆਂ ਹੀ ਘਰ ਤੋਂ ਚਲੇ ਗਏ। ਪਿੱਛੇ ਬਹੂ ਰਾਣੀ ਆਪਣੀ ਸਸ ਨਾਲ ਬਹਿਸ ਰਹੀ ਸੀ ਕਿ ਮੰਮੀ, ਪਾਪਾ ਸਵੇਰ ਦੇ ਕਿਧਰੇ ਗਏ ਹੋਏ ਹਨ, ਕੁਝ ਦੱਸਿਆ ਵੀ ਨਹੀਂ, ਨਾ ਚਾਹ ਪੀਤੀ, ਨਾ ਸਵੇਰੇ ਦਾ ਖਾਣਾ ਖਾਧਾ, ਕਿੱਥੇ ਹਨ, ਫੋਨ ਵੀ ਨਹੀਂ ਚੁੱਕਦੇ, ਕੀ ਕਰੀਏ? ਲੱਗਦਾ ਸੀ ਕਿ ਉਸਦੀ ਚਿੰਤਾ ਕੁਝ ਹੱਦ ਤੱਕ ਜਾਇਜ਼ ਸੀ, ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਇਹ ਚਿੰਤਾ ਬਹੁਤ ਵੱਡੀ ਹੋਣ ਵਾਲੀ ਹੈ।

ਦੁਪਹਿਰ ਪੈਣ ਤੱਕ ਰਾਮ ਲਾਲ ਜੀ ਘਰੇ ਪਹੁੰਚੇ ਅਤੇ ਆਪਣੀ ਪਤਨੀ ਨੂੰ ਦੋ ਟਿਕਟਾਂ ਦਿੱਤੀਆਂ ਅਤੇ ਕਿਹਾ ਕਿ ਆਪਾਂ ਅਗਲੇ ਹਫਤੇ ਘੁੰਮਣ ਲਈ ਫਿਜ਼ੀ ਜਾ ਰਹੇ ਹਾਂ। ਇਸ ਤੇ ਬਹੂ ਰਾਣੀ ਨੇ ਸਵਾਲ ਕੀਤਾ ਕਿ ਪਾਪਾ ਤੁਹਾਡੇ ਕੋਲ ਤਾਂ ਪੈਸੇ ਹੈ ਹੀ ਨਹੀਂ ਸੀ, ਕਿਸ ਤੋਂ ਉਧਾਰੇ ਮੰਗੇ ਹਨ, ਕਿਉਂ ਮੰਗੇ ਹਨ, ਸਾਨੂੰ ਤੁਸੀਂ ਬਦਨਾਮ ਕਰ ਰਹੇ ਹੋ, ਸਾਡਾ ਨਾਮ ਬਣਿਆ ਹੋਇਆ ਹੈ, ਸਾਨੂੰ ਬਹੁਤ ਲੋਕ ਜਾਣਦੇ ਹਨ ਪਰ ਤੁਸੀਂ ਸਾਨੂੰ ਬਦਨਾਮ ਕਰਨ ਲੱਗੇ ਹੋਏ ਹੋ, ਇਹ ਗੱਲ ਚੰਗੀ ਨਹੀਂ। ਪਤਾ ਨਹੀਂ ਕੀ-ਕੀ ਬੋਲੀ। ਰਾਮ ਲਾਲ ਜੀ ਕੁਛ ਨਹੀਂ ਬੋਲੇ, ਕੁਛ ਵੀ ਨਹੀਂ। ਬਹੂ ਰਾਣੀ ਕਹਿ ਰਹੀ ਸੀ ਕਿ ਪਾਪਾ ਜਿਹੜੇ ਪੈਸੇ ਤੁਸੀਂ ਹੁਣ ਮੰਗ ਕੇ ਲਿਆਏ ਹੋ ਦੋ ਹਫਤੇ ਬਾਅਦ ਜਦ ਵਾਪਸ ਆਓਗੇ ਤਾਂ ਇਹ ਵਾਪਸ ਕਿਵੇਂ ਕਰੋਗੇ? ਲੋਕਾਂ ਦੇ ਭਾਂਡੇ ਮਾਂਜੋਗੇ? ਲੋਕਾਂ ਦੇ ਘਰਾਂ ਵਿੱਚ ਤੁਸੀਂ ਨੌਕਰੀ ਕਰੋਗੇ? ਕਿਸ ਤਰ੍ਹਾਂ ਵਾਪਸ ਕਰੋਗੇ! ਤੁਸੀਂ ਸਾਨੂੰ ਕਿਉਂ ਜਲੀਲ ਕਰ ਰਹੇ ਹੋ, ਇਹ ਤੁਹਾਡੇ ਲਈ ਚੰਗੀ ਗੱਲ ਨਹੀਂ ਹੈ। ਪਤਾ ਨਹੀਂ ਕੀ-ਕੀ ਗੱਲਾਂ ਬੋਲੀ ਗਈ।

ਤਿੰਨ ਦਿਨ ਬਾਅਦ ਰਾਮ ਲਾਲ ਜੀ ਜਾਣ ਲੱਗੇ ਤਾਂ ਉਹਨਾਂ ਨੇ ਆਪਣੀ ਬਹੂ ਰਾਣੀ ਨੂੰ ਵਕੀਲ ਦਾ ਲਿਖਿਆ ਹੋਇਆ ਨੋਟਿਸ ਹੱਥ ਫ਼ੜਾ ਦਿੱਤਾ ਅਤੇ ਕਿਹਾ, 'ਬੇਟਾ ਅਸੀਂ ਦੋ ਹਫਤੇ ਬਾਅਦ ਵਾਪਸ ਆਵਾਂਗੇ ਤੇ ਅਸੀਂ ਆਪਣੇ ਦੂਸਰੇ

ਘਰ ਵਿੱਚ ਚਲੇ ਜਾਵਾਂਗੇ। ਇਹ ਘਰ ਹੁਣ ਆਪਣਾ ਨਹੀਂ ਰਿਹਾ, ਤੁਸੀਂ ਕਿੱਥੇ ਰਹਿਣਾ ਹੈ, ਇਹ ਵਿਚਾਰ ਤੁਸੀਂ ਕਰਨਾ ਹੈ। ਆਪਣੇ ਲਈ ਨਵਾਂ ਘਰ ਤੁਸੀਂ ਲੱਭ ਸਕਦੇ ਹੋ ਕਿਉਂਕਿ ਇਹ ਘਰ ਇੱਕ ਮਹੀਨੇ ਬਾਅਦ ਖਾਲੀ ਕਰਨਾ ਲਾਜ਼ਮੀ ਹੈ, ਕਿਉਂਕਿ ਇਹ ਘਰ ਮੈਂ ਹੁਣ ਵੇਚ ਦਿੱਤਾ ਹੈ। ਸੋ ਕਿੱਥੇ ਰਹਿਣਾ ਹੈ ਇਹ ਤੁਸੀਂ ਫੈਸਲਾ ਕਰਨਾ ਹੈ। ਮੈਂ ਤਾਂ ਆਪਣੇ ਰਹਿਣ ਲਈ ਘਰ ਮੁੱਲ ਲੈ ਕੇ ਹੀ ਆਇਆ ਹਾਂ, ਹੁਣ ਤੁਸੀਂ ਦੇਖਣਾ ਹੈ ਕਿੱਥੇ ਰਹਿਣਾ ਹੈ। ਇਹ ਕਹਿ ਕੇ ਰਾਮ ਲਾਲ ਜੀ ਜਹਾਜ ਚੜ੍ਹ ਗਏ। ਕਿਸੇ ਵੀ ਮਾਂ-ਪਿਓ ਲਈ ਅਜਿਹਾ ਫੈਸਲਾ ਲੈਣਾ ਸੌਖਾ ਨਹੀਂ ਸਗੋਂ ਬੇਹੱਦ ਦੁੱਖ ਦੇਣ ਵਾਲਾ ਹੁੰਦਾ ਹੈ ਪ੍ਰੰਤੂ ਜਦੋਂ ਹਾਲਾਤ ਬਦਲ ਜਾਣ, ਪਾਣੀ ਸਿਰ ਤੋਂ ਉਪੱਰ ਦੀ ਲੰਘਦਾ ਨਜ਼ਰ ਅਉਣ ਲੱਗੇ ਤਾਂ ਇਹ ਸਭ ਜਾਇਜ਼ ਹੈ।

ਬਜ਼ੁਰਗਾਂ ਦੇ ਸਿਰ ਦੇ ਵਾਲ ਧੁੱਪ ਨਾਲ ਸਫ਼ੈਦ ਨਹੀਂ ਹੋਏ ਹੁੰਦੇ, ਇਹ ਉਨ੍ਹਾਂ ਦੀ ਜ਼ਿੰਦਗੀ ਦੇ ਤਜਰਬੇ ਹਨ। ਬੱਚਿਆਂ ਨੂੰ ਚਾਹੀਦਾ ਹੈ ਕਿ ਆਪਣੇ ਬਜ਼ੁਰਗਾਂ ਨੂੰ ਇੰਨਾ ਹਲਕੇ ਵਿੱਚ ਨਾ ਲਓ, ਇਹ ਨਾ ਸੋਚੋ ਕਿ ਇਹਨਾਂ ਬਜ਼ੁਰਗਾਂ ਨੂੰ ਕੁਝ ਪਤਾ ਹੀ ਨਹੀਂ। ਇਹਨਾਂ ਨੂੰ ਸਭ ਕੁਝ ਪਤਾ ਹੈ। ਇਹ ਸਭ ਕੁਝ ਜਾਣਦੇ ਹਨ, ਆਖਰ ਤੁਹਾਡੇ ਪਿਓ ਹਨ, ਤੁਸੀਂ ਪਿਓ ਤੋਂ ਵੱਡੇ ਕਦੇ ਵੀ ਨਹੀਂ ਹੋ ਸਕਦੇ। ਇਹ ਵੀ ਸੋਚੋ।

✲✲✲

# ਮਾਂ-ਪਿਓ ਅਤੇ ਬੱਚੇ

ਹਰ ਇੱਕ ਦੀ ਆਪੋ ਆਪਣੀ ਸੋਚ ਹੈ। ਕੁਝ ਬੱਚੇ ਆਪਣੇ ਮਾਂ-ਪਿਓ ਨੂੰ ਬੋਝ ਸਮਝਦੇ ਹਨ, ਕੁਝ ਬੱਚੇ ਇਹ ਸਮਝਦੇ ਹਨ ਕਿ ਜੇਕਰ ਸਾਡੇ ਮਾਂ-ਪਿਓ ਬਜ਼ੁਰਗ ਹੋ ਗਏ ਹਨ ਤਾਂ ਹੁਣ ਇਹਨਾਂ ਨੂੰ ਸੰਭਾਲਣਾ ਸਾਡਾ ਫਰਜ਼ ਹੈ, ਕੁਝ ਬੱਚੇ ਇਹ ਸਮਝਦੇ ਹਨ ਕਿ ਮਾਂ-ਪਿਓ ਹੁਣ ਬਜ਼ੁਰਗ ਹੋ ਗਏ ਹਨ ਇਹ ਸਾਡੇ 'ਤੇ ਬੋਝ ਹਨ, ਕੁਝ ਬੱਚੇ ਆਪਣੇ ਮਾਂ- ਪਿਓ ਨੂੰ ਬਜ਼ੁਰਗ ਹੋਣ ਦੇ ਨਾਤੇ ਉਹਨਾਂ ਦਾ ਪੂਰਾ ਆਦਰ, ਮਾਣ-ਸਤਿਕਾਰ ਕਰਦੇ ਹਨ, ਕੁਝ ਬੱਚੇ ਆਪਣੇ ਮਾਂ-ਪਿਓ ਨੂੰ ਆਪਣੇ ਨੌਕਰ ਵਾਂਗ ਹੀ ਸਮਝਦੇ ਹਨ ਕਿ ਇਹ ਕੰਮ ਕਰ ਰਹੇ ਹਨ ਅਸੀਂ ਇਹਨਾਂ ਨੂੰ ਖਾਣ ਨੂੰ ਦੇ ਰਹੇ ਹਾਂ, ਕੁਝ ਬੱਚੇ ਆਪਣੇ ਮਾਂ-ਪਿਓ ਨੂੰ ਇਸ ਲਈ ਸਤਿਕਾਰ ਦਿੰਦੇ ਹਨ, ਪਿਆਰ ਦਿੰਦੇ ਹਨ, ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਸਾਡੇ ਮਾਂ-ਪਿਓ ਕੋਲ ਜਮੀਨ ਜਾਇਦਾਦ ਹੈ, ਪੈਸੇ ਹਨ ਇਹ ਸਭ ਸਾਨੂੰ ਮਿਲੇਗਾ, ਇਸ ਉਮੀਦ ਵਿੱਚ ਹੀ ਸੇਵਾ ਕਰਦੇ ਹਨ। ਕੁਝ ਅਜਿਹੇ ਬੱਚੇ ਵੀ ਹਨ ਜੋ ਮਾਂ-ਪਿਓ ਨੂੰ ਮਰਨ ਤੋਂ ਬਾਅਦ ਵੀ ਘਰੋਂ ਬਾਹਰ ਨਹੀਂ ਕੱਢਦੇ, ਤੁਸੀਂ ਸੋਚੋਗੇ ਕਿ ਇਹ ਕੀ ਗੱਲ ਹੋਈ ਇਹ ਤਾਂ ਹੋ ਨਹੀਂ ਸਕਦਾ। ਜਦੋਂ ਇਨਸਾਨ ਮਰ ਗਿਆ ਤਾਂ ਉਸ ਨੂੰ ਕਿੱਥੇ ਸੰਭਾਲਾਂਗੇ, ਕਿੱਥੇ ਰੱਖਾਂਗੇ। ਪਰ ਕੁਝ ਲੋਕ ਇਸ ਤਰ੍ਹਾਂ ਦੇ ਵੀ ਹੁੰਦੇ ਹਨ।

ਮੇਰੇ ਇੱਕ ਦੋਸਤ ਵਿਪਿਨ ਜੀ ਨੇ ਇੱਕ ਕਹਾਣੀ ਸੁਣਾਈ ਸੀ ਕਿ ਉਹਨਾਂ ਦੇ ਕੋਈ ਜਾਣ-ਪਛਾਣ ਵਾਲੇ ਦੇ ਮਾਤਾ-ਪਿਤਾ ਜੀ ਦੀ ਮੌਤ ਹੋ ਗਈ। ਉਹ ਬੱਚੇ ਆਪਣੇ ਮਾਂ-ਪਿਓ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਸਮਝਦੇ ਸਨ ਕਿ ਜੋ ਕੁਝ ਅਸੀਂ ਅੱਜ ਹਾਂ ਉਹ ਆਪਣੇ ਮਾਂ-ਪਿਓ ਦੇ ਬਦੌਲਤ ਹੀ ਹਾਂ ਅਤੇ ਇਹ ਅਸਲੀਅਤ ਵੀ ਹੈ। ਸਾਡੇ ਮਾਂ-ਪਿਓ ਨਹੀਂ ਹੁੰਦੇ ਤਾਂ ਅਸੀਂ ਇਸ ਦੁਨੀਆਂ 'ਤੇ ਕਿੱਥੋਂ ਆਉਂਦੇ? ਅਸੀਂ ਅਕਸਰ ਆਪਣੇ ਮਾਂ-ਬਾਪ ਦੇ ਜ਼ਰੀਏ ਹੀ ਆਏ ਹਾਂ ਅਤੇ ਮਾਂ-ਬਾਪ ਦਾ ਦੇਣ ਅਸੀਂ ਸੱਤ ਜਨਮ ਤੱਕ ਨਹੀਂ ਦੇ ਸਕਦੇ, ਸੱਤ ਜਨਮ ਤਾਂ ਕੀ ਦੇ ਹੀ ਨਹੀਂ ਸਕਦੇ।

ਹੋਇਆ ਇਹ ਸੀ ਕਿ ਕਿਸੇ ਦੇ ਮਾਂ-ਪਿਓ ਚਲਾਣਾ ਕਰ ਗਏ। ਬੱਚਿਆਂ ਨਾਲ ਮਾਂ-ਪਿਓ ਦਾ ਅਤੇ ਮਾਂ-ਪਿਓ ਦਾ ਬੱਚਿਆਂ ਨਾਲ ਬੇਹੱਦ ਪਿਆਰ ਸੀ। ਪਰਿਵਾਰ ਨੇ ਇਹ ਫੈਸਲਾ ਕੀਤਾ ਕਿ ਜਦ ਉਹਨਾਂ ਦੇ ਮਾਂ-ਪਿਓ ਦਾ ਸਸਕਾਰ ਹੋ ਜਾਵੇਗਾ, ਰਾਖ ਹੱਡੀਆਂ ਆਦੀ ਜੋ ਵੀ ਹੋਵੇਗਾ ਉਹ ਅਸੀਂ ਕਿਸੇ ਵਗਦੇ ਪਾਣੀ ਵਿੱਚ ਜਲ ਪ੍ਰਵਾਹ ਨਹੀਂ ਕਰਨਾ ਸਗੋਂ ਇਹ ਅਸੀਂ ਘਰ ਵਿੱਚ ਦੋ ਵੱਡੇ ਗਮਲੇ ਬਣਾ ਕੇ ਉਹਨਾਂ ਵਿੱਚ ਹੀ ਪਾਵਾਂਗੇ ਅਤੇ ਉਹਨਾਂ ਗਮਲਿਆਂ ਵਿੱਚ ਫੁੱਲ ਬੂਟੇ ਲਾਵਾਂਗੇ। ਉਹਨਾਂ ਨੇ ਇਸੇ ਤਰ੍ਹਾਂ ਹੀ ਕੀਤਾ। ਪਹਿਲਾਂ ਇੱਕ ਦੀ ਮੌਤ ਹੋ ਗਈ, ਇੱਕ ਗਮਲਾ ਲੈ ਕੇ ਉਹਨਾਂ ਨੇ ਉਸਦੇ ਵਿੱਚ ਅਸਥ ਪਾ ਕੇ ਫਲਦਾਰ ਬੂਟਾ ਲਾ ਦਿੱਤਾ। ਜਦੋਂ

ਦੂਜੇ ਦੀ ਮੌਤ ਹੋਈ ਤਾਂ ਇੱਕ ਹੋਰ ਵੱਡਾ ਗਮਲਾ ਲੈ ਕੇ ਉਸ ਵਿੱਚ ਸਾਰੇ ਅਸਥ, ਸਣੇ ਰਾਖ ਪਾ ਕੇ ਫਲਦਾਰ ਬੂਟਾ ਲਾ ਦਿੱਤਾ। ਕੁਝ ਸਮੇਂ ਬਾਅਦ ਬੂਟਿਆਂ ਨੂੰ ਫਲ ਲੱਗਣੇ ਸ਼ੁਰੂ ਹੋ ਗਏ। ਉਹਨਾਂ ਦੀ ਆਸਥਾ, ਉਹਨਾਂ ਦੀ ਭਾਵਨਾ, ਉਹਨਾਂ ਦਾ ਪਿਆਰ, ਸਤਿਕਾਰ ਆਪਣੇ ਮਾਂ-ਪਿਓ ਪ੍ਰਤੀ ਰੰਗ ਲਿਆਇਆ। ਉਹਨਾਂ ਕੋਲ ਪਹਿਲਾਂ-ਪਹਿਲ ਇੱਕ ਘਰ ਸੀ। ਉਸ ਘਰ ਵਿੱਚ ਮਾਂ-ਪਿਓ ਦੀ ਇੰਨੀ ਕਿਰਪਾ ਹੋਈ ਇੱਕ ਹੋਰ ਘਰ ਖਰੀਦਿਆ, ਇੱਕ ਹੋਰ ਖਰੀਦਿਆ। ਇਸ ਤਰ੍ਹਾਂ ਕਰਦਿਆਂ-ਕਰਦਿਆਂ ਉਹਨਾਂ ਦੇ ਦਿਨ ਫਿਰਨ ਲੱਗ ਪਏ। ਉਹਨਾਂ ਨੇ ਇੱਕ ਘਰ ਤੋਂ ਸੱਤ ਘਰ ਬਣਾਏ।

ਮੇਰਾ ਕਹਿਣ ਤੋਂ ਭਾਵ ਇਹ ਨਹੀਂ ਕਿ ਕੋਈ ਅੰਧ-ਵਿਸ਼ਵਾਸ ਪਾਲਣ ਦੀ ਲੋੜ ਹੈ ਨਹੀਂ, ਇਹ ਸਿਰਫ ਉਹਨਾਂ ਦਾ ਵਿਸ਼ਵਾਸ ਸੀ, ਉਹਨਾਂ ਦੀ ਭਾਵਨਾ ਸੀ, ਉਹਨਾਂ ਦਾ ਪਿਆਰ ਸੀ ਆਪਣੇ ਮਾਂ-ਪਿਓ ਪ੍ਰਤੀ, ਉਹਨਾਂ ਦੀ ਸ਼ਰਧਾ ਸੀ ਅਤੇ ਉਹਨਾਂ ਦੀ ਸ਼ਰਧਾ ਭਾਵਨਾ ਨੂੰ ਹੀ ਫਲ ਲੱਗਿਆ ਹੈ।

ਸੋ ਆਓ! ਅਸੀਂ ਇਹ ਪ੍ਰਣ ਕਰੀਏ ਕਿ ਆਪਣੇ ਮਾਂ-ਪਿਓ ਨੂੰ ਵੱਧ ਤੋਂ ਵੱਧ ਸਤਿਕਾਰ, ਪਿਆਰ, ਸਨੇਹ ਦਈਏ ਤਾਂ ਕਿ ਉਹਨਾਂ ਨੂੰ ਕਦੇ ਇਹ ਮਹਿਸੂਸ ਨਾ ਹੋਵੇ ਕਿ ਉਹ ਅਣਗੌਲੇ ਕੀਤੇ ਜਾ ਰਹੇ ਹਨ ਜਾਂ ਇਹ ਮਹਿਸੂਸ ਨਾ ਕਰਨ ਕਿ ਉਹਨਾਂ ਦੀ ਤਾਂ ਇਸ ਘਰ ਵਿੱਚ ਜ਼ਰੂਰਤ ਹੀ ਨਹੀਂ ਹੈ, ਉਹ ਇਸ ਘਰ 'ਚ ਬੇਕਾਰ ਚੀਜ਼ ਹਨ ਜਾਂ ਉਹ ਇਸ ਘਰ ਵਿੱਚ ਇੱਕ ਵਾਧੂ ਹੀ ਚੀਜ਼ ਹਨ। ਨਹੀਂ, ਉਹਨਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹਨਾਂ ਤੋਂ ਬਿਨਾਂ ਘਰ ਨਹੀਂ ਚੱਲਦਾ। ਛੋਟੀ-ਛੋਟੀ ਗੱਲ ਲਈ ਉਹਨਾਂ ਦੀ ਸਲਾਹ ਲਵੋ, ਉਹਨਾਂ ਕੋਲ ਬੈਠੋ, ਉਹਨਾਂ ਨਾਲ ਦੋਸਤੀ ਕਰੋ, ਸੁਬਹ-ਸ਼ਾਮ ਉਹਨਾਂ ਕੋਲ ਬੈਠ ਕੇ ਛੋਟੀਆਂ-ਛੋਟੀਆਂ ਗੱਲਾਂ ਕਰੋ, ਇਸ ਨਾਲ ਬਜ਼ੁਰਗ ਮਾਂ-ਪਿਓ ਦੀ ਉਮਰ ਵਧਦੀ ਹੈ ਅਤੇ ਖੁਸ਼ੀ ਉਹਨਾਂ ਦੇ ਚਿਹਰੇ 'ਤੇ ਆਵੇਗੀ। ਉਹਨਾਂ ਨੂੰ ਸਮੇਂ-ਸਮੇਂ ਤੇ ਬਾਹਰ ਵੀ ਲੈ ਕੇ ਜਾਓ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਕੋਈ ਕੀਮਤ ਨਹੀਂ ਅਦਾ ਕਰਨੀ ਪਵੇਗੀ ਪਰ ਉਹਨਾਂ ਦੀ ਜ਼ਿੰਦਗੀ ਸੌਖੀ ਅਤੇ ਵਧੀਆ ਹੋਵੇਗੀ, ਵਧੀਆ ਚੱਲੇਗੀ।

ਉਮੀਦ ਹੈ ਸਮਝਣ ਦੀ ਕੋਸ਼ਿਸ਼ ਕਰੋਗੇ।

✲✲✲

# ਵਿਹਾਰ ਅਤੇ ਵਿਉਪਾਰ

'ਆਓ ਜੀ ਕੁਮਾਰ ਸਾਹਿਬ, ਬੈਠੋ, ਦੱਸੋ ਕਿਵੇਂ ਆਉਣਾ ਹੋਇਆ। "ਸਿੱਧੂ ਸਾਹਿਬ ਇੱਕ ਕੰਮ ਆਏ ਹਾਂ, ਸਾਡਾ ਕੰਮ ਕਰ ਦਿਓ।"

"ਕੰਮ ਤਾਂ ਹੁੰਦੇ ਹੀ ਰਹਿੰਦੇ ਹਨ ਕੁਮਾਰ ਸਾਹਿਬ, ਕੋਈ ਚਾਹ-ਪਾਣੀ, ਠੰਡਾ, ਕੁਛ ਤਾਂ ਦੱਸੋ, ਭਾਬੀ ਜੀ ਵੀ ਅੱਜ ਨਾਲ ਆਏ ਹਨ, ਕੁਝ ਤਾਂ ਬਣਦਾ ਹੀ ਹੈ।"

"ਨਹੀਂ ਸਿੱਧੂ ਸਾਹਿਬ! ਕੁਝ ਨਹੀਂ। ਅਸੀਂ ਇੱਕ ਕੰਮ ਆਏ ਹਾਂ।"

"ਦੱਸੋ?"

"ਕੰਮ ਇਹ ਹੈ ਕਿ ਸਾਨੂੰ ਇੱਕ ਬੈੱਡ ਚਾਹੀਦਾ ਹੈ ਹੋਰ ਕੋਈ ਚੀਜ਼ ਨਹੀਂ। ਬਸ ਇਕੱਲਾ ਬੈਡ ਹੀ ਚਾਹੀਦਾ ਹੈ, ਸਾਡੇ ਘਰੇ ਮਹਿਮਾਨ ਆਉਣੇ ਹਨ ਤੇ ਸਾਨੂੰ ਉਹਨਾਂ ਲਈ ਇੱਕ ਬੈੱਡ ਦੀ ਜ਼ਰੂਰਤ ਹੈ।"

"ਕੋਈ ਗੱਲ ਨਹੀਂ ਕੁਮਾਰ ਸਾਹਿਬ, ਆ ਜਾਓ ਤੁਹਾਨੂੰ ਦਿਖਾ ਦਿੰਦੇ ਹਾਂ।"

ਸਿੱਧੂ ਸਾਹਿਬ ਨੇ ਸਟੋਰ ਵਿੱਚ ਨਵੇਂ ਆਏ ਸਾਰੇ ਬੈੱਡ ਕੁਮਾਰ ਸਾਹਿਬ ਨੂੰ ਦਿਖਾ ਦਿੱਤੇ ਤੇ ਹਰ ਇੱਕ ਦਾ ਮੁੱਲ ਵੀ ਦੱਸ ਦਿੱਤਾ। ਕੁਮਾਰ ਸਾਹਿਬ ਤੇ ਉਹਨਾਂ ਦੀ ਪਤਨੀ ਨੇ ਇੱਕ ਬੈਡ ਪਸੰਦ ਕਰ ਲਿਆ। ਸਿੱਧੂ ਸਾਹਿਬ ਨੂੰ ਪੁੱਛਿਆ ਕਿ "ਕਿੰਨੇ ਪੈਸੇ ਸਿੱਧੂ ਸਾਹਿਬ" ਤਾਂ ਉਹਨਾਂ ਨੇ ਕਿਹਾ "ਕੋਈ ਗੱਲ ਨਹੀਂ ਕੁਮਾਰ ਸਾਹਿਬ ਪੈਸਿਆਂ ਦਾ ਵੀ ਕਰ ਲਵਾਂਗੇ।" "ਨਹੀਂ, ਨਹੀਂ, ਇਹ ਗੱਲ ਨਹੀਂ ਤੁਸੀਂ ਦੱਸੋ ਜੋ ਜਾਇਜ਼ ਬਣਦੇ ਹਨ।"

ਸਿੱਧੂ ਸਾਹਿਬ ਨੇ ਸਾਰਾ ਹਿਸਾਬ ਲਾ ਕੇ ਉਹਨਾਂ ਨੂੰ ਦੱਸ ਦਿੱਤਾ ਤਾਂ ਕੁਮਾਰ ਸਾਹਿਬ ਨੇ ਕਿਹਾ ਕੁਛ ਰਿਆਇਤ ਵੀ ਕਰੋ। ਸਿੱਧੂ ਸਾਹਿਬ ਨੇ ਕਿਹਾ, "ਵੇਖੋ ਕੁਮਾਰ ਸਾਹਿਬ! ਵੱਧ ਤੋਂ ਵੱਧ ਮੈਂ 500 ਰੁਪਏ ਦੀ ਛੋਟ ਦੇ ਸਕਦਾ ਹੈ, ਜਿਹੜਾ ਮੇਰਾ ਆਪਣਾ ਮੁਨਾਫਾ ਹੈ।" ਕੁਮਾਰ ਸਾਹਿਬ ਕੁਝ ਸੋਚਣ ਲੱਗੇ ਤਾਂ ਸਿੱਧੂ ਸਾਹਿਬ ਨੇ ਉਹਨਾਂ ਨੂੰ ਬਾਹੋਂ ਫੜਿਆ ਤੇ ਕਹਿਣ ਲੱਗੇ, "ਆਓ ਬਾਹਰ ਚਲਦੇ ਹਾਂ, ਦੁਪਹਿਰ ਦਾ ਸਮਾਂ ਹੈ, ਖਾਣਾ ਖਾਂਦੇ ਹਾਂ।" ਕੁਮਾਰ ਸਾਹਿਬ ਨੇ ਕਿਹਾ, "ਨਹੀਂ ਨਹੀਂ ਸਿੱਧੂ ਸਾਹਿਬ, ਹੁਣ ਨਹੀਂ ਫੇਰ ਸੀ।"

ਸਿੱਧੂ ਸਾਹਿਬ ਲੁਧਿਆਣਾ ਸ਼ਹਿਰ ਵਿੱਚ ਆਪਣਾ ਬੈਡ, ਸੋਫਾ, ਮੇਜ਼, ਕੁਰਸੀਆਂ ਆਦਿ ਸਾਰਾ ਫਰਨੀਚਰ ਦਾ ਹੋਲਸੇਲ ਦਾ ਕੰਮ ਕਰਦੇ ਸਨ। ਸਿੱਧੂ ਸਾਹਿਬ ਦਾ ਇੱਕ ਬਹੁਤ ਵੱਡਾ ਨਾਮ ਸੀ ਲੁਧਿਆਣਾ ਸ਼ਹਿਰ ਵਿੱਚ। ਉਹਨਾਂ ਨੂੰ ਵੱਡੇ ਵੱਡੇ ਅਫਸਰ ਜਾਣਦੇ ਪਹਿਚਾਣਦੇ ਸਨ। ਸਰਕਾਰੇ ਦਰਬਾਰੇ ਪੂਰੀ ਪਹੁੰਚ ਸੀ ਤੇ ਉਹਨਾਂ ਦਾ ਜਿਹੜੇ ਬੈਂਕ ਵਿੱਚ ਖਾਤਾ ਸੀ ਉਸੇ ਬੈਂਕ ਦੇ ਮੁਲਾਜ਼ਮ ਸਨ, ਕੁਮਾਰ ਸਾਹਿਬ।

ਸਿੱਧੂ ਸਾਹਿਬ ਕੁਮਾਰ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ, ਉਹਨਾਂ ਨੂੰ ਅਤੇ ਉਹਨਾਂ ਦੀ ਪਤਨੀ ਨੂੰ ਕਾਰ ਵਿੱਚ ਬਿਠਾਇਆ ਅਤੇ ਇੱਕ ਵਧੀਆ ਹੋਟਲ ਵਿੱਚ ਲੈ ਗਏ। ਘੰਟਾ ਭਰ ਗੱਲਾਂ ਬਾਤਾਂ ਕੀਤੀਆਂ, ਖਾਣਾ ਖਾਧਾ, ਖਾਣੇ ਦਾ ਬਿੱਲ ਤਕਰੀਬਨ 5000 ਰੁਪਿਆ ਸਿੱਧੂ ਸਾਹਿਬ ਨੇ ਦੇ ਦਿੱਤਾ। ਜਦ ਵਾਪਸ ਆਉਣ ਲੱਗੇ ਤਾਂ ਕੁਮਾਰ ਸਾਹਿਬ ਨੇ ਪੁੱਛਿਆ, "ਸਿੱਧੂ ਸਾਹਿਬ! ਇੱਕ ਗੱਲ ਦੱਸੋ ਕਿ ਤੁਸੀਂ ਮੈਨੂੰ ਬੈੱਡ ਵਿੱਚੋਂ 500 ਤੋਂ ਵੱਧ ਛੋਟ ਨਹੀਂ ਦੇ ਰਹੇ ਸੀ ਪਰ ਇੱਥੇ ਹੋਟਲ ਵਿੱਚ ਆ ਕੇ ਤੁਸੀਂ 5000 ਰੁਪਏ ਦਾ ਬਿੱਲ ਤਾਰਿਆ ਹੈ, ਇਹ ਗੱਲ ਮੇਰੇ ਸਮਝ ਵਿੱਚ ਨਹੀਂ ਆਈ। ਜੇ ਉੱਥੇ ਮੈਨੂੰ ਹੀ 500 ਤੋਂ ਅੱਗੇ ਹੋਰ ਪੰਜ ਸੱਤ ਸੌ ਛੱਡ ਦਿੰਦੇ ਤਾਂ ਚੰਗਾ ਨਹੀਂ ਸੀ, ਹੁਣ ਤੁਸੀਂ ਪੰਜ ਹਜ਼ਾਰ ਰੁਪਏ ਖਰਚ ਕੀਤਾ।" ਸਿੱਧੂ ਸਾਹਿਬ ਕਹਿਣ ਲੱਗੇ, "ਕੁਮਾਰ ਸਾਹਿਬ ਉਹ ਮੇਰਾ ਵਿਉਪਾਰ ਹੈ, ਉੱਥੇ ਮੈਂ 500 ਰੁਪਏ ਤੋਂ ਵੱਧ ਛੋਟ ਨਹੀਂ ਦੇ ਸਕਦਾ ਕਿਉਂਕਿ ਮੈਨੂੰ ਬਚਦੇ ਹੀ ਇੰਨੇ ਹਨ। ਇੱਥੇ ਹੋਟਲ ਤੇ ਆਇਆ 5000 ਰੁਪਿਆ ਲੱਗਿਆ ਹੈ, ਇਹ ਮੇਰਾ ਵਿਹਾਰ ਹੈ, ਮੇਰਾ ਸਲੀਕਾ ਹੈ, ਮੇਰਾ ਆਪਣਾ ਤਰੀਕਾ ਹੈ, ਮੇਰਾ ਆਪਣਾ ਪ੍ਰਾਹੁਣਾਚਾਰੀ ਦਾ ਢੰਗ ਹੈ।"

ਸੋ ਜਦ ਖਾਣਾ ਖਾ ਕੇ ਵਾਪਸ ਆਏ ਤਾਂ ਕੁਮਾਰ ਸਾਹਿਬ ਨੇ ਸਿਰਫ ਬੈਡ ਹੀ ਨਹੀਂ ਲਿਆ ਸਗੋਂ ਇੱਕ ਸੋਫਾ ਸੈਟ, ਡਾਇਨਿੰਗ ਟੇਬਲ ਅਤੇ ਕੁਰਸੀਆਂ ਵੀ ਨਾਲ ਖਰੀਦੇ, ਕਿਉਂਕਿ ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਜਿਸ ਬੰਦੇ ਦਾ ਵਿਹਾਰ ਇੰਨਾ ਵਧੀਆ ਹੈ ਉਸ 'ਤੇ ਇਹ ਸ਼ੱਕ ਕਰਨਾ ਕਿ ਉਹ ਪੈਸੇ ਘੱਟ ਨਹੀਂ ਕਰਦਾ, ਤਾਂ ਬਹੁਤ ਮਾੜੀ ਗੱਲ ਹੈ।

ਸੋ ਵਿਹਾਰ ਆਪਣੀ ਜਗ੍ਹਾ, ਵਿਉਪਾਰ ਆਪਣੀ ਜਗ੍ਹਾ।

✲✲✲

# ਹੜ੍ਹ ਆਏ, ਹੜ੍ਹ ਗਏ

"ਸੋਨੂੰ ਤੂੰ ਕਿੱਥੇ ਹੈਂ?" ਅਚਾਨਕ ਅੱਜ ਭੂਆ ਨੂੰ ਸੋਨੂੰ, ਆਪਣੇ ਭਤੀਜੇ ਦੀ ਯਾਦ ਕਿਸ ਤਰ੍ਹਾਂ ਆ ਗਈ। ਸੋਨੂੰ, ਭੂਆ ਦਾ ਫ਼ੋਨ ਆਇਆ ਦੇਖ਼ ਕੇ ਬਹੁਤ ਹੈਰਾਨ ਹੋਇਆ ਕਿਓਂਕਿ ਇਹ ਭੂਆ ਤਾਂ ਕਦੇ ਕਿਸੇ ਨੂੰ ਵੀ ਫ਼ੋਨ ਨਾਂ ਕਰਨ ਕਰਕੇ ਜਾਣੀ ਜਾਂਦੀ ਸੀ, ਬੇਹੱਦ ਕੰਜੂਸ। "ਭੂਆ ਜੀ ਮੈਂ ਪਟਿਆਲੇ ਆਇਆ ਹਾਂ, ਹੜ੍ਹਾਂ ਤੋ ਪੀੜਤ ਲੋਕਾਂ ਦੀ ਮੱਦਦ ਲਈ ਆਪਣੀ ਪੂਰੀ ਟੀਮ ਨਾਲ ਆਇਆ ਹੋਇਆ ਹਾਂ।" ਭੂਆ ਜੀ ਨੂੰ ਸਤਿ ਸ੍ਰੀ ਆਕਾਲ ਬੁਲਾਉਣ ਤੋਂ ਬਾਅਦ ਸੋਨੂੰ ਨੇ ਆਪਣੇ ਆਉਣ ਦਾ ਕਾਰਨ ਵੀ ਦੱਸਿਆ। "ਸੋਨੂੰ ਤੇਰੇ ਨਾਨਕੇ ਵੀ ਪਟਿਆਲੇ ਦੇ ਕੋਲ ਹੀ ਹਨ ਕਿਤੇ, ਮੈਨੂੰ ਪਿੰਡ ਦਾ ਨਾਮ ਪੱਕਾ ਪਤਾ ਨਹੀਂ, ਪਰ ਹਾਂ ਇੰਨਾ ਹੀ ਪਤਾ ਹੈ ਕਿ ਪਟਿਆਲੇ ਦੇ ਕੋਲ ਹੀ ਹਨ ਕਿਤੇ।" ਜਿਹੜੀ ਭੂਆ 35 ਸਾਲ ਤੱਕ ਇਸ ਵਿਸ਼ੇ 'ਤੇ ਕਦੇ ਕੁਝ ਵੀ ਨਹੀਂ ਸੀ ਬੋਲੀ ਸਗੋਂ ਮੂੰਹ ਨੂੰ ਤਾਲਾ ਹੀ ਲਗਾ ਕੇ ਰਖਿਆ ਸੀ, ਅੱਜ ਅਚਾਨਕ ਇਹ ਕੀ ਕਹਿ ਰਹੀ ਸੀ, ਉਸਨੂੰ ਸਮਝ ਨਹੀਂ ਸੀ ਆ ਰਹੀ। ਆਪਣੀ ਮਾਂ ਨੂੰ ਲੈ ਕੇ ਸੋਨੂੰ ਦੀ ਬੇਚੈਨੀ ਇੱਕ ਦਮ ਸੱਤਵੇਂ ਅਸਮਾਨ 'ਤੇ ਜਾ ਚੜ੍ਹੀ ਸੀ, ਉਸ ਮਾਂ ਨੂੰ ਲੈ ਕੇ, ਜਿਸ ਨੂੰ ਮਰੀ ਹੋਈ ਨੂੰ ਤਕਰੀਬਨ 32 ਸਾਲ ਹੋ ਗਏ ਸਨ।

ਸੋਨੂੰ ਦੀ ਮਾਂ, ਜੀਤੋ ਦਾ ਵਿਆਹ ਕਰਤਾਰ ਸਿੰਘ ਨਾਲ 35 ਸਾਲ ਪਹਿਲਾਂ ਹੋਇਆ ਸੀ। ਇੱਕ ਦਿਨ ਦੋਵੇਂ ਪਤੀ ਪਤਨੀ ਪਿੰਡ ਤੋਂ ਸ਼ਹਿਰ ਨੂੰ ਆਪਣੇ ਮੋਟਰ ਸਾਈਕਲ 'ਤੇ ਜਾ ਰਹੇ ਸਨ ਕਿ ਇੱਕ ਹਾਦਸੇ ਵਿੱਚ ਕਰਤਾਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੋਨੂ ਅਜੇ ਦੋ ਸਾਲ ਦਾ ਬਾਲ ਹੀ ਸੀ। ਸਹੁਰੇ ਘਰ ਵਾਲਿਆਂ ਦੀ ਘਟੀਆ ਅਤੇ ਤੰਗ ਸੋਚ ਕਰਕੇ ਜੀਤੋ ਨੂੰ ਘਰੇ ਨਾਂ ਰੱਖਣ ਦਾ ਫ਼ੈਸਲਾ ਕੀਤਾ ਅਤੇ ਉਸਦੇ ਪੇਕੇ ਸੁਨੇਹਾ ਘੱਲ ਕੇ ਪੇਕੇ ਪਰਿਵਾਰ ਨੂੰ ਬੁਲਾ, ਜੀਤੋ ਨੂੰ ਉਨ੍ਹਾਂ ਨਾਲ ਹੀ ਤੋਰ ਦਿੱਤਾ। ਇਸ ਹਾਦਸੇ ਵਿੱਚ ਮਾਰੇ ਗਏ ਕਰਤਾਰੇ ਦਾ ਦੋਸ਼ ਉਹ ਜੀਤੋ ਸਿਰ ਹੀ ਮੜ੍ਹਦੇ ਸਨ ਅਤੇ ਉਸਨੂੰ ਕਿਸੇ ਵੀ ਕੀਮਤ 'ਤੇ ਘਰ ਰੱਖਣ ਲਈ ਤਿਆਰ ਨਹੀਂ ਸਨ।

ਜੀਤੋ ਦਾ ਪੇਕਾ ਪਰਿਵਾਰ ਬਹੁਤ ਨਰਮ ਅਤੇ ਗ਼ਰੀਬ ਸੀ, ਉਨ੍ਹਾਂ ਨੇ ਵੀ ਗੁਰੂ ਦਾ ਭਾਣਾ ਸਮਝ ਕੇ ਮੰਨ ਲਿਆ ਅਤੇ ਆਪਣੀ ਧੀ ਨੂੰ ਆਪਣੇ ਨਾਲ ਹੀ ਲੈ ਗਏ। ਕਰਤਾਰ ਸਿੰਘ ਦੇ ਸਾਰੇ ਪ੍ਰੀਵਾਰ ਨੇ ਇਹ ਕਸਮ ਚੁੱਕ ਲਈ ਕਿ ਵੱਡਾ ਹੋਣ 'ਤੇ ਇਸ ਛੋਟੇ ਜਿਹੇ ਸੋਨੂ ਨੂੰ ਇਸ ਦੀ ਮਾਂ ਬਾਰੇ ਕੁਝ ਵੀ ਨਹੀਂ ਦੱਸਣਗੇ ਸਗੋਂ ਸਾਰੇ ਮੈਂਬਰ ਇਹੋ ਹੀ ਕਹਿਣਗੇ ਕਿ ਮੋਟਰ ਸਾਈਕਲ ਹਾਦਸੇ ਵਿੱਚ ਉਸਦੇ ਮਾਤਾ ਅਤੇ ਪਿਤਾ ਦੋਨਾਂ ਦੀ ਹੀ ਮੌਤ ਹੋ ਗਈ ਸੀ, ਇਹੀ ਗੱਲ ਸਭ ਨੂੰ ਪੱਕੀ ਕੀਤੀ ਗਈ ਅਤੇ ਅੱਜ ਤੱਕ ਇਹੀ ਗੱਲ ਹੀ ਦੁਹਰਾਈ ਜਾਂਦੀ ਰਹੀ ਕਿ ਹਾਦਸੇ ਵਿੱਚ ਦੋਵੇਂ ਹੀ ਮਾਰੇ ਗਏ ਸਨ। ਸੋਨੂ ਜਿਵੇਂ-ਜਿਵੇਂ ਵੱਡਾ ਹੁੰਦਾ ਗਿਆ, ਆਪਣੀ ਮਾਂ ਬਾਬਤ ਪੁੱਛਦਾ

ਤਾਂ ਪਰਿਵਾਰ ਦਾ ਹਰ ਇਕ ਜੀਅ ਇੱਕੋ ਹੀ ਰਟਿਆ ਰਟਾਇਆ ਜ਼ਵਾਬ ਗੱਚ ਭਰ ਕੇ ਦਿੰਦੇ ਤਾਂ ਕਿ ਸੋਨੂ ਨੂੰ ਕੋਈ ਸ਼ੱਕ ਨਾ ਹੋਏ।

ਹੁਣ ਸੋਨੂ ਦੇ ਦਿਮਾਗ਼ ਵਿੱਚ ਵੀ ਇਹ ਗੱਲ ਹੀ ਘਰ ਕਰ ਗਈ ਸੀ ਕਿ ਉਸਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਦਾਦਾ-ਦਾਦੀ ਹੀ ਉਸਨੂੰ ਪਾਲਣ ਵਾਲੇ ਹਨ। ਪ੍ਰੰਤੂ ਦਿਲ ਦੇ ਕਿਸੇ ਇੱਕ ਖੂੰਜੇ ਵਿੱਚੋਂ ਅਵਾਜ਼ ਆਉਂਦੀ ਸੀ ਕਿ ਸੋਨੂੰ ਤੇਰੀ ਮਾਂ ਜਿੰਦਾ ਹੈ।

ਸੋਨੂੰ ਨੇ ਧੰਨ-ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦਾ ਪੱਲਾ ਫੜਿਆ। ਗੁਰਬਾਣੀ ਦੀ ਸੰਥਿਆ ਲੈਣੀ ਸ਼ੁਰੂ ਕਰ ਦਿੱਤੀ। ਅੱਜ ਕੱਲ ਗੁਰੂ ਘਰ ਦਾ ਕੀਰਤਨੀਆ ਬਣ ਗਿਆ ਸੀ ਅਤੇ ਸੰਗਤਾਂ ਸਨਮੁੱਖ ਸਿੱਖ ਧਰਮ ਅਤੇ ਗੁਰਬਾਣੀ ਦੀ ਵਿਆਖਿਆ ਵੀ ਕਰਨ ਲੱਗ ਪਿਆ ਸੀ।

ਕੋਈ ਚਾਹੇ ਲੱਖ ਝੂਠ ਬੋਲ ਲਵੇ ਪਰ ਸੋਨੂ ਦਾ ਦਿਲ ਕਈ ਵਾਰ ਇਹ ਗੱਲ ਹਜ਼ਮ ਕਰਨ ਵਿੱਚ ਅਸਮਰੱਥ ਸੀ। ਪਤਾ ਨਹੀਂ ਉਸਨੂੰ ਕਿਉਂ ਲੱਗਦਾ ਸੀ ਕਿ ਉਸ ਦੀ ਮਾਂ ਜਿੰਦਾ ਹੈ, ਜਦੋ ਕਿ ਘਰ ਦੇ ਜਾਂ ਪਿੰਡ ਦੇ ਕਿਸੇ ਵੀ ਫਰਦ ਤੋਂ ਇਹ ਨਹੀਂ ਸੀ ਸੁਣਿਆ ਕਿ ਉਸਦੀ ਮਾਂ ਜਿੰਦਾ ਹੈ।

ਜਦ ਜੁਲਾਈ 2023 ਨੂੰ ਪੰਜਾਬ ਵਿੱਚ ਹੜ੍ਹਾਂ ਨੇਂ ਬਹੁਤ ਤਬਾਹੀ ਕੀਤੀ ਸੀ ਤਾਂ ਸੋਨੂੰ ਆਪਣੀ ਪੂਰੀ ਟੀਮ ਨਾਲ ਹਰਿਆਣਾ ਤੋਂ ਪੰਜਾਬ ਪਹੁੰਚਿਆ ਹੋਇਆ ਸੀ ਤਾਂ ਉਸ ਦੇ ਦਿਲ ਦੀ ਆਵਾਜ਼ ਨੂੰ ਉਸਦੀ ਮਾਂ ਨੇ ਸੁਣ ਲਿਆ। ਭੂਆ ਦੇ ਥੋੜ੍ਹਾ ਜਿਹਾ ਇਸ਼ਾਰਾ ਦੇਣ ਤੋਂ ਬਾਅਦ ਸੋਨੂੰ ਨੇ ਪੂਰੀ ਵਾਹ ਲਾ ਕੇ ਇਧਰੋਂ ਉਧਰੋਂ ਪੁੱਛ ਕੇ ਆਪਣੇ ਨਾਨਕੇ ਪਿੰਡ ਦਾ ਨਾਮ ਪਤਾ ਕਰ ਲਿਆ। ਸੋਨੂ ਪਾਗਲਾਂ ਦੀ ਤਰ੍ਹਾਂ ਉਸ ਪਿੰਡ ਵੱਲ ਨੂੰ ਭੱਜ ਤੁਰਿਆ ਜਿੱਥੇ ਉਸਨੂੰ ਤਾਂ ਕੀ ਉਸਦੇ ਨਾਮ ਨੂੰ ਵੀ ਕੋਈ ਨਹੀਂ ਸੀ ਜਾਣਦਾ ਸੀ। ਦਿਲ ਨੂੰ ਦਿਲ ਦੀ ਰਾਹ ਹੁੰਦੀ ਹੈ, ਇਹ ਸੁਣਿਆ ਤਾਂ ਸੀ ਬਹੁਤ ਵਾਰੀ ਪ੍ਰੰਤੂ ਦੇਖਿਆ ਪਹਿਲੀ ਵਾਰ ਸੀ।

ਸੋਨੂ ਵਾਹੋ ਦਾਹੀ ਉਸ ਪਿੰਡ ਵਿੱਚ ਪਹੁੰਚ ਗਿਆ ਜਿੱਥੇ ਉਸਦੇ ਨਾਨਕੇ ਸੁਣੀ ਦੇ ਸਨ। ਉਸਨੂੰ ਆਪਣੇ ਨਾਨਕੇ ਘਰ ਦੀ ਇੱਕ ਹੀ ਸੂਹ ਸੀ ਕਿ ਉਸਦੇ ਨਾਨਾ ਜੀ ਦੀ ਮੌਤ ਅਧਰੰਗ ਕਰਕੇ ਹੋਈ ਸੀ। ਪਿੰਡ ਦੇ ਬਾਹਰ ਤੋਂ ਹੀ ਪੁੱਛਣਾ ਸ਼ੁਰੂ ਕਰ ਦਿੱਤਾ ਆਪਣੇ ਨਾਨੇ ਬਾਰੇ ਕਿ ਇਸ ਪਿੰਡ ਵਿੱਚ ਕੋਈ ਇਸ ਨਾਮ ਦਾ ਵਿਅਕਤੀ ਸੀ, ਜਿਸ ਦੀ ਮੌਤ ਅਧਰੰਗ ਕਰਕੇ ਹੋਈ ਸੀ। ਜਿਸ ਬਜ਼ੁਰਗ ਦੀ ਮੌਤ ਅੱਜ ਤੋਂ ਤਕਰੀਬਨ 40 ਸਾਲ ਪਹਿਲਾਂ ਹੋਈ ਸੀ ਉਸ ਬਾਰੇ ਅੱਜ ਦੇ ਨੌਂਜਵਾਨਾਂ ਨੂੰ ਕੀ ਪਤਾ ਹੋ ਸਕਦਾ ਸੀ।

ਜੇਕਰ ਤੁਸੀਂ ਜਨੂੰਨ ਦੀ ਹੱਦ ਤੱਕ ਪ੍ਰਮਾਤਮਾ ਦੀ ਵੀ ਤਲਾਸ਼ ਕਰੋ ਤਾਂ ਉਹ ਵੀ ਜ਼ਰੂਰ ਮਿਲ ਜਾਂਦਾ ਹੈ। ਪੰਜ ਸੱਤ ਘਰਾਂ ਤੋਂ ਪੁੱਛਦਾ ਹੋਇਆ ਪਿੰਡ ਦੇ ਕਿਸੇ ਪੁਰਾਣੇ ਬਜ਼ੁਰਗ ਨੂੰ ਜਾ ਮਿਲਿਆ। ਆਪਣੀ ਵਿਥਿਆ ਖੋਲ ਸੁਣਾਈ ਤਾਂ ਉਸ ਨੇ

ਸੋਨੂੰ ਨੂੰ ਸਹੀ ਟਿਕਾਣੇ 'ਤੇ ਪਹੁੰਚਾ ਦਿੱਤਾ। ਜਾ ਨਾਨਕਿਆਂ ਦੇ ਘਰ ਦਾ ਬੂਹਾ ਖੜਕਾਇਆ। ਉਸਦੀ ਆਪਣੀ ਹੀ ਨਾਨੀ, ਬਜ਼ੁਰਗ ਔਰਤ ਨੇ ਬੂਹਾ ਖੋਲ੍ਹ ਕੇ ਅੰਦਰ ਆਉਣ ਲਈ ਕਿਹਾ। ਮਹਿਮਾਨ ਨਿਵਾਜ਼ੀ ਤਾਂ ਪੰਜਾਬੀਆਂ ਨੂੰ ਵਿਰਾਸਤ ਵਿੱਚ ਹੀ ਮਿਲੀ ਹੁੰਦੀ ਹੈ। ਹੌਲ਼ੀ-ਹੌਲ਼ੀ ਇੱਕ ਫਿਲਮੀ ਕਹਾਣੀ ਦੀ ਤਰਾਂ ਉਸ ਬਜ਼ੁਰਗ ਨੂੰ ਪੁੱਛਦਾ ਹੈ ਕਿ ਮਾਤਾ ਜੀ ਤੁਹਾਡੇ ਕਿੰਨੇ ਬੱਚੇ ਹਨ, ਕਿੱਥੇ-ਕਿੱਥੇ ਵਿਆਹੇ ਹੋਏ ਹਨ। ਇਹ ਸਾਰੇ ਸਵਾਲਾਂ ਦੇ ਜਵਾਬ ਦਿੰਦੀ ਹੋਈ ਉਹ ਬਜੁਰਗ ਘਬਰਾਅ ਰਹੀ ਸੀ ਕਿ ਇਹ ਕੌਣ ਆਦਮੀ ਹੈ ਜੋ ਮੇਰੇ ਘਰ ਦੀ ਸਾਰੀ ਜਾਣਕਾਰੀ ਲੈ ਰਿਹਾ ਹੈ। ਤੁਹਾਡੀ ਕੋਈ ਧੀ ਵੀ ਸੀ, ਜਿਹੜੀ ਵਿਆਹੀ ਗਈ ਸੀ, ਉਸਦਾ ਇੱਕ ਬੇਟਾ ਵੀ ਸੀ ਜਿਸਦਾ ਨਾਮ ਸੋਨੂ ਸੀ। ਹੁਣ ਉਸ ਬਜ਼ੁਰਗ ਨਾਨੀ ਦੇ ਜਿਵੇਂ ਸਾਹ-ਸਤ ਹੀ ਮੁੱਕ ਗਏ ਹੋਣ।

"ਕਾਕਾ ਜੀ ਤੁਸੀਂ ਇਹ ਸੱਭ ਕੁਝ ਕਿਉਂ ਪੁੱਛ ਰਹੇ ਹੋ, ਦੱਸ ਰਹੇ ਹੋ, ਮੇਰੇ ਪੱਲੇ ਕੁਝ ਵੀ ਨਹੀਂ ਪੈ ਰਿਹਾ।" "ਉਹ ਬਦਨਸੀਬ ਸੋਨੂ ਮੈਂ ਹੀ ਹਾਂ", ਕਹਿ ਕੇ ਸੋਨੂੰ ਨੇ ਘੁੱਟ ਕੇ ਆਪਣੀ ਨਾਨੀ ਨੂੰ ਜੱਫੀ ਪਾਈ। ਇਹ ਸਭ ਕੁੱਝ ਨੂੰ ਦੇਖ਼ ਰਹੀ ਸੋਨੂੰ ਦੀ ਮਾਂ ਜਸਵੀਰ ਕੌਰ ਵੀ ਭੱਜੀ-ਭੱਜੀ ਆ ਗਈ ਅਤੇ ਉਸਨੇ ਆਪਣੇ 35 ਸਾਲ ਤੱਕ ਗੁੰਮ ਹੋਏ ਸੋਨੂੰ ਨੂੰ ਘੁੱਟ ਕੇ ਜੱਫੀ ਇਸ ਤਰ੍ਹਾਂ ਪਾਈ ਜਿਸ ਤਰ੍ਹਾਂ ਉਹ ਸੋਨੂੰ ਦੇ ਵਿੱਚ ਹੀ ਸਮਾਅ ਜਾਣਾ ਚਾਹੁੰਦੀ ਹੋਵੇ। ਇਹ ਮਿਲਣੀ ਤਿੰਨ ਦਹਾਕਿਆਂ ਦੇ ਮਾਂ ਅਤੇ ਪੁੱਤਰ ਦੇ ਸਬਰ ਦੀ ਮਿਲਣੀ ਸੀ। ਸੋਨੂ ਆਪਣੇ ਦਾਦਕੇ ਪਰਿਵਾਰ ਨੂੰ ਕੋਸ ਰਿਹਾ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸੋਨੂੰ ਨੂੰ ਐਨਾ ਲੰਬਾ ਸਮਾਂ ਹਨ੍ਹੇਰੇ ਵਿੱਚ ਹੀ ਰੱਖਿਆ।

ਤਿੰਨ ਦਹਾਕਿਆਂ ਦੀਆਂ ਤੜਫਦੀਆਂ ਰੂਹਾਂ ਦਾ ਅੱਜ ਮਿਲਾਪ ਹੋ ਗਿਆ ਸੀ। ਸੋਨੂੰ ਅਤੇ ਉਸਦੀ ਮਾਂ ਲਈ ਤਾਂ ਇਹ ਹੜ੍ਹ ਆਏ ਨਹੀਂ ਸਗੋਂ ਉਨ੍ਹਾਂ ਦੇ ਸਾਰੇ ਗਮ ਅਤੇ ਸੰਤਾਪ ਹੀ ਰੋੜ੍ਹ ਕੇ ਲੈ ਗਏ। ਸੋਨੂੰ ਨੇ ਆਪਣੀ ਮਾਂ ਨੂੰ ਆਪਣੇ ਨਾਲ ਹੀ ਲਿਜਾਣ ਦਾ ਫ਼ੈਸਲਾ ਕੀਤਾ। ਮਾਂ ਨੂੰ ਇਸ ਤੋਂ ਜਿਆਦਾ ਖ਼ੁਸ਼ੀ ਕੀ ਹੋ ਸਕਦੀ ਹੈ ਕਿ ਉਸਦਾ ਬੇਟਾ ਉਸਨੂੰ ਆਪਣੇ ਨਾਲ਼ ਹੀ ਰੱਖਣ ਲਈ ਤਿਆਰ ਹੈ। ਅੱਜ ਓਹ ਦਿਨ ਵੀ ਆ ਗਿਆ ਜਦੋਂ ਜਸਵੀਰ ਕੌਰ ਆਪਣੇ ਪੁੱਤਰ ਦੇ ਘਰ ਪੂਰੀ ਸ਼ਾਨੋ ਸ਼ੌਕਤ ਨਾਲ ਜਾਣ ਲਈ ਤਿਆਰ ਹੋ ਰਹੀ ਸੀ। ਸੋਨੂੰ ਦੇ ਘਰ ਵੀ ਪੂਰੀਆਂ ਤਿਆਰੀਆਂ ਹੋ ਰਹੀਆਂ ਸਨ। ਸੋਨੂੰ ਵੱਡਾ ਹੋਇਆ, ਸਕੂਲ ਵਿੱਚ ਪੜ੍ਹਾਈ ਕੀਤੀ, ਵਿਆਹ ਕਰਵਾਇਆ, ਬੱਚੇ ਵੀ ਹੋ ਗਏ ਪਰ ਸੱਭ ਕੁਝ ਜਸਵੀਰ ਕੌਰ ਤੋਂ ਉਹਲੇ ਉਹਲੇ ਹੀ ਹੋ ਗਿਆ

ਅੱਜ ਪੂਰੇ ਬੈਂਡ ਵਾਜਿਆਂ ਨਾਲ ਮਾਂ ਨੂੰ ਲੈ ਕੇ ਸੋਨੂੰ ਆਪਣੇ ਦਾਦਕੇ ਪਿੰਡ ਆਇਆ ਤਾਂ ਪਿੰਡ ਵਾਲਿਆ ਨੇ ਜਸਵੀਰ ਕੌਰ ਦਾ ਸਵਾਗਤ ਅਤੇ ਸਨਮਾਨ ਇਸ ਤਰ੍ਹਾਂ ਕੀਤਾ ਜਿਸ ਤਰ੍ਹਾਂ ਇੱਕ ਨਵੀਂ ਵਿਆਹੀ ਬਹੂ ਦਾ ਹੁੰਦਾ ਹੈ। ਅੱਜ ਆਪਣੇ ਸਹੁਰੇ ਘਰ ਦੋਬਾਰਾ ਵਾਪਿਸ ਆ ਕੇ ਜਸਵੀਰ ਕੌਰ ਦੀ ਖ਼ੁਸ਼ੀ ਦਾ ਕੋਈ

ਅੰਤ ਨਹੀਂ ਸੀ। ਉਹ ਵਾਰ-ਵਾਰ ਆਪਣੇ ਪੋਤੇ-ਪੋਤੀਆਂ, ਨੂੰਹ ਅਤੇ ਪੁੱਤਰ ਨੂੰ ਚੁੰਮਦਿਆਂ ਨਹੀਂ ਸੀ ਥੱਕਦੀ।

(ਅਸਲੀ ਕਹਾਣੀ, ਪਾਤਰ ਕਾਲਪਨਿਕ)

✲✲✲

# ਜ਼ਿੰਦਗੀ ਦਾ ਮੋੜ

ਕਿਸ ਤਰ੍ਹਾਂ ਅੱਜ ਸੈਮ ਦਾ ਉਸਦੇ ਪਰਿਵਾਰ ਸਮੇਤ ਪੂਰਾ ਤਨਦੇਹੀ ਨਾਲ ਮਾਣ ਸਤਿਕਾਰ ਹੋ ਰਿਹਾ ਸੀ, ਕਦੇ ਸੋਚਿਆ ਵੀ ਨਹੀਂ ਸੀ। ਜਿਸ ਦਿਨ ਹੀ ਇਸ ਮਾਰੀਆ ਨਾਮ ਦੀ ਲੜਕੀ ਨਾਲ ਮੁਲਾਕਾਤ ਇੱਕ ਟੈਕਸੀ ਦੇ ਟ੍ਰਿਪ ਦੌਰਾਨ ਹੋਈ ਸੀ, ਉਸੇ ਦਿਨ ਤੋਂ ਹੀ ਮਾਰੀਆ ਨੇ ਸੈਮ ਨਾਲ ਰਾਬਤਾ ਬਣਾਇਆ ਹੋਇਆ ਸੀ। ਸੈਮ ਇੱਕ ਸੀਨੀਅਰ ਸਿਟੀਜਨ ਗਰੁੱਪ ਦਾ ਪ੍ਰਬੰਧਕ ਸੀ ਅਤੇ ਉਸੇ ਦਿਨ ਤੋਂ ਹੀ ਓਸਨੇ ਮਾਰੀਆ ਨੂੰ ਵੀ ਉਸਦਾ ਮੈਂਬਰ ਬਣਾ ਲਿਆ ਜਿੱਥੇ ਦੂਸਰੇ ਹੀ ਹਫਤੇ ਹੋਣ ਵਾਲੀ ਕਲੱਬ ਦੀ ਇਕੱਤਰਤਾ ਵਿੱਚ ਮਾਰੀਆ ਦੀ ਮੁਲਾਕਾਤ ਇੱਕ ਵਿਦੇਸ਼ੀ ਮੂਲ ਦੇ ਬਹੁਤ ਹੀ ਪਹੁੰਚੇ ਹੋਏ ਕਾਰੋਬਾਰੀ, ਨਾਥਨ, ਨਾਲ ਹੋਈ ਜਿਸ ਦਾ ਸਾਰਾ ਹੀ ਪਰਿਵਾਰ ਕਿਸੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਅਤੇ ਸਦਾ ਲਈ ਨਾਥਨ ਤੋਂ ਵਿੱਛੜ ਗਿਆ ਸੀ। ਉਹੀ ਪਹਿਲੀ ਮਿਲਣੀ ਅੱਜ ਰੰਗ ਲਿਆਈ ਕਿ ਨਾਥਨ ਅਤੇ ਮਾਰੀਆ ਸ਼ਾਦੀ ਦੇ ਪਵਿੱਤਰ ਰਿਸ਼ਤੇ ਵਿੱਚ ਬੱਝਣ ਜਾ ਰਹੇ ਸਨ ਅਤੇ ਦੋਨੋਂ ਹੀ ਪਰਿਵਾਰਾਂ ਵੱਲੋਂ ਸੈਮ ਅਤੇ ਉਸਦਾ ਪਰਿਵਾਰ ਇੱਕ ਅਹਿਮ ਕੜੀ ਹੋਣ ਕਰਕੇ, ਪੂਰੇ ਮਾਣ-ਸਤਿਕਾਰ ਨਾਲ ਇੱਕ ਪਾਸੇ ਲੱਗੀ ਸਟੇਜ ਤੇ ਇਸ ਸਭ ਕੁੱਝ ਦਾ ਅਨੰਦ ਮਾਣ ਰਹੇ ਸਨ ਅਤੇ ਉਸ ਉਪੱਰ ਵਾਲੇ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਕਰ ਰਹੇ ਸਨ ਕਿ ਉਹ ਸਰਬ ਸ਼ਕਤੀਮਾਨ ਪ੍ਰਮਾਤਮਾ ਕਿਸ ਤਰ੍ਹਾਂ ਸੰਜੋਗ-ਵਿਜੋਗ ਬਣਾਉਂਦਾ ਹੈ। ਜਿਸ ਪੰਡਾਲ ਵਿੱਚ ਇਹ ਸਭ ਜਸ਼ਨ ਮਨਾਏ ਜਾ ਰਹੇ ਸਨ ਉੱਥੇ ਹੀ ਮਾਰੀਆ ਦਾ ਪਹਿਲਾਂ ਵਾਲਾ ਮਿੱਤਰ ਅਤੇ ਉਸਦੇ ਦੋ ਬੱਚਿਆਂ ਦਾ ਬਾਪ, ਮਹਿਮਾਨਾਂ ਦੀ ਆਉ ਭਗਤ ਵਿੱਚ ਲੱਗਾ ਹੋਇਆ ਸੀ ਅਤੇ ਉਹ ਰਹਿ-ਰਹਿ ਕੇ ਆਪਣੇ ਕੀਤੇ ਹੋਏ ਗੁਨਾਹਾਂ ਲਈ ਪਸਚਾਤਾਪ ਕਰ ਰਿਹਾ ਸੀ, ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ।

ਤਿੰਨ ਮਹੀਨੇ ਪਹਿਲਾਂ ਦੀ ਕਹਾਣੀ ਕਿਵੇਂ ਇਸ ਤਰ੍ਹਾਂ ਇੱਕ ਵਧੀਆ ਮੋੜ ਲਵੇਗੀ, ਸੈਮ ਦੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ। ਉਸਨੂੰ ਯਾਦ ਆਇਆ ਕਿ ਇੱਕ ਦਿਨ ਸੈਮ ਨੂੰ ਜਿਉਂ ਹੀ ਊਬਰ ਦੀ request ਆਈ ਤਾਂ ਉਹ ਦਿੱਤੇ ਹੋਏ ਪਤੇ ਤੇ ਸਮੇਂ ਸਿਰ ਪਹੁੰਚ ਗਿਆ। ਜਿਹੜੀ ਸਵਾਰੀ ਨੇ request ਭੇਜੀ ਸੀ ਉਹ ਸ਼ਾਇਦ ਸਾਮੋਆ ਮੂਲ਼ ਦੀ ਇੱਕ ਅਧਖੜ ਜਿਹੀ ਉਮਰ ਦੀ ਕੰਮ ਕਰਨ ਵਾਲੀ ਔਰਤ ਸੀ। ਉਸ ਨਾਲ ਦੋ ਬੱਚੇ, ਲੜਕਾ ਤਿੰਨ ਸਾਲ ਤੋਂ ਘੱਟ ਅਤੇ ਲੜਕੀ ਮਸਾਂ ਹੀ ਸਾਲ ਕੁ ਦੀ ਹੋਵੇਗੀ। ਆਪਣੇ ਘਰ ਦੇ ਬਾਹਰ ਖੜ੍ਹੀ ਉਹ ਆਪਣੀ ਸਵਾਰੀ ਦਾ ਇੰਤਜ਼ਾਰ ਕਰ ਰਹੀ ਸੀ, ਦੋ ਜਵਾਕ ਉਸ ਦੇ ਨਾਲ, ਇੱਕ ਗੋਦੀ ਚੜ੍ਹਿਆ ਹੋਇਆ ਅਤੇ ਇੱਕ ਉਸਦੀ ਉਂਗਲ ਫੜੀ ਖੜਾ ਸੀ। ਇੱਕ ਰਬਿਸ਼ ਵਾਲਾ ਕਾਲਾ ਬੈਗ ਉਸ ਚੁੱਕਿਆ ਹੋਇਆ। ਸੈਮ ਨੂੰ ਸਮਝ ਨਹੀਂ ਆਈ ਕਿ ਇਹ ਕਿਤੇ ਜਾ ਰਹੀ ਹੈ ਜਾਂ ਆਪਣੇ ਕਪੜੇ ਧਵਾਉਣ ਲਈ ਕਿਤੇ ਜਾਣਾ ਚਾਹੁੰਦੀ ਹੈ। ਉਸਦੇ ਆਪਣੇ ਕੱਪੜੇ

ਅਤੇ ਬੱਚਿਆਂ ਦੇ ਵੀ ਕੋਈ ਢੰਗ ਸਿਰ ਦੇ ਨਹੀਂ ਸਨ ਪਾਏ ਹੋਏ। ਖ਼ੈਰ । ਜਿਉਂ ਹੀ ਸੈਮ ਨੇ ਆਪਣੀ ਕਾਰ ਤੋਰੀ ਤਾਂ ਉਹ ਔਰਤ ਆਪਣੇ ਕਿਸੇ ਨਾਲ ਦੀ ਕੰਮ ਕਰਨ ਵਾਲੀ ਔਰਤ ਨਾਲ ਫ਼ੋਨ ਕਰ ਕੇ ਦੱਸ ਰਹੀ ਸੀ ਕਿ ਅੱਜ ਹੀ ਨਹੀਂ ਸਗੋਂ ਹੁਣੇ ਹੁਣੇ ਉਸ ਦੀ ਆਪਣੇ ਮਿੱਤਰ ਨਾਲ ਅਣਬਣ ਹੋ ਗਈ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਮਾਤਾ ਪਿਤਾ ਦੇ ਘਰ ਜਾ ਰਹੀ ਹੈ ਅਤੇ ਉਸ ਦੂਸਰੀ ਔਰਤ ਨੂੰ ਰੋ-ਰੋ ਕੇ ਉਸਦੀ ਆਪਣੀ ਕੰਮ ਦੀ ਅੱਜ ਦੀ ਸ਼ਿਫਟ ਕਰਨ ਲਈ ਮਿੰਨਤਾਂ ਕਰ ਰਹੀ ਸੀ । ਉਸ ਦੀ ਹਾਲਤ ਦੇਖ ਦੇਖ ਸੈਮ ਬਹੁਤ ਹੀ ਭਾਵੁਕ ਹੋ ਰਿਹਾ ਸੀ, ਉਹ ਸੋਚ ਰਿਹਾ ਸੀ ਕਿ ਬੱਸ ਇਹੀ ਹੈ ਇੱਕ ਔਰਤ ਦੀ ਆਪਣੇ ਸਾਥੀ ਨਾਲ ਬਿਤਾਏ ਚਾਰ ਸਾਲ ਦੀ ਕਮਾਈ, ਦੋ ਮਾਸੂਮ ਬੱਚੇ ਅਤੇ ਇੱਕ ਰਬਿਸ਼ ਬੈਗ ਵਿੱਚ ਪਾਏ ਕੱਪੜੇ, ਜਿਸ ਵਿੱਚ ਉਸਦੇ ਆਪਣੇ, ਦੋਨਾਂ ਬੱਚਿਆਂ ਦੇ ਕਪੜੇ ਅਤੇ ਖਿਡੌਣੇ ਅਤੇ ਹੋਰ ਉਸਦਾ ਅਪਣਾ ਬਾਕੀ ਲੋੜੀਂਦਾ ਨਿੱਕ-ਸੁੱਕ। ਤੁਰਦੇ ਹੋਏ ਉਸ ਨੇ ਆਪਣੇ ਮਿੱਤਰ ਨੂੰ ਮਿੰਨਤ ਕੀਤੀ ਕਿ ਕੁਝ ਪੈਸੈ ਉਸ ਨੂੰ ਬੱਚਿਆਂ ਲਈ ਕੁਝ ਖਾਣ ਪੀਣ ਦਾ ਸਮਾਨ ਖਰੀਦਣ ਲਈ ਤਾਂ ਦੇ ਦੇਵੇ ਪ੍ਰੰਤੂ ਉਸ ਮਾਂ ਦੇ ਪੁੱਤ ਨੇ ਇੱਕ ਧੇਲਾ ਵੀ ਨਹੀਂ ਦਿੱਤਾ।

ਚਲਦੇ ਹੋਏ ਸਫ਼ਰ ਦੌਰਾਨ ਸੈਮ ਨੇ, ਅੱਧੀ ਰਹਿੰਦੀ ਕਹਾਣੀ ਉਸ ਤੋਂ ਸੁਣੀ ਕਿ ਕਿਸ ਤਰਾਂ ਉਸਦਾ ਇਹ ਦੋਸਤ ਪਿਛਲੇ ਚਾਰ ਸਾਲਾਂ ਤੋਂ ਉਸ ਨਾਲ ਧੋਖਾ ਕਰਦਾ ਰਿਹਾ ਹੈ ਅਤੇ ਬੱਚਿਆਂ ਦੇ ਸਾਹਮਣੇ ਹੀ ਉਸਨੂੰ ਬਹੁਤ ਹੀ ਗੰਦੀਆਂ ਗਾਲਾਂ ਵੀ ਕੱਢਦਾ ਰਿਹਾ ਹੈ, ਤਾਂ ਅੱਜ ਤੰਗ ਆ ਕੇ ਉਸਨੇ ਇਹ ਕਦਮ ਚੁੱਕਿਆ ਕਿ ਆਪਣੇ ਬੁੱਢੇ ਮਾਤਾ ਪਿਤਾ ਦੇ ਘਰ ਜਾਣ ਦਾ ਫ਼ੈਸਲਾ ਕੀਤਾ ਹੈ। ਸੈਮ ਸੋਚ ਸੋਚ ਕੇ ਬਹੁਤ ਪ੍ਰੇਸ਼ਾਨ ਅਤੇ ਹੈਰਾਨ ਹੋ ਰਿਹਾ ਸੀ ਉਸ ਸਭ ਕੁਝ 'ਤੇ।

ਉਸਦਾ ਸਾਰਾ ਕਿਰਾਇਆ ਮੁਸ਼ਕਿਲ ਨਾਲ $15.00 ਬਣਿਆ ਹੋਵੇਗਾ ਪ੍ਰੰਤੂ ਉਸਨੂੰ ਉਸਦੇ ਮਾਪਿਆਂ ਦੇ ਘਰ ਉਤਾਰ ਕੇ ਉਨ੍ਹਾਂ ਦੋ ਮਾਸੂਮ ਬੱਚਿਆਂ ਦੇ ਭੁੱਖੇ ਚਿਹਰੇ ਦੇਖ ਨਹੀਂ ਸਨ ਹੁੰਦੇ ਤਾਂ ਉਸ ਨੇ ਉਸਦੇ ਵੱਡੇ ਬੱਚੇ ਨੂੰ $50.00 ਦਾ ਇੱਕ ਨੋਟ ਉਸ ਔਰਤ ਦੇ ਰੋਂਦੇ ਰੋਂਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਫੜਾ ਦਿੱਤਾ ਤਾਂ ਕਿ ਘੱਟੋ ਘਟ ਆਪਣਿਆਂ ਬੱਚਿਆਂ ਲਈ ਹੁਣ ਤਾਂ ਕੁਝ ਖਵਾਉਣ ਦਾ ਇੰਤਜ਼ਾਮ ਕਰ ਸਕੇ। ਉਸੇ ਵਕਤ ਹੀ ਸੈਮ ਨੇ ਮਾਰੀਆ ਨੂੰ ਇਹ ਗੱਲ ਵੀ ਕਹੀ ਸੀ ਕਿ ਇਹ ਦੋ ਮਾਸੂਮ ਬੱਚੇ ਆਪਣੀ ਕਿਸਮਤ ਨਾਲ ਲੈ ਕੇ ਆਏ ਹਨ ਅਤੇ ਇੰਨ੍ਹਾਂ ਨਾਲ ਇੱਕ ਦਿਨ ਤੇਰੀ ਕਿਸਮਤ ਵੀ ਜ਼ਰੂਰ ਬਦਲੇਗੀ।

✲✲✲

# ਵੱਡੇ ਘਰ ਦੀ ਧੀ

ਗੁਰਨਾਮ ਸਿੰਘ ਨੇ ਆਪਣੇ ਇਕਲੌਤੇ ਪੁੱਤਰ, ਬਲਬੀਰ ਸਿੰਘ, (ਬੀਰੇ) ਨੂੰ ਬੜੇ ਤੰਗ ਹਾਲਾਤਾਂ ਵਿੱਚ ਪਾਲ-ਪੋਸ ਕੇ ਪੜ੍ਹਾਇਆ ਅਤੇ ਨੌਕਰੀ ਦੇ ਸਿਰੇ ਕੀਤਾ। ਨੌਕਰੀ ਵੀ ਸਰਕਾਰੀ ਮਿਲ ਗਈ ਪਰ ਬੀਰੇ ਦੇ ਦਿਮਾਗ ਵਿੱਚ ਬਾਹਰ ਜਾਣ ਦਾ ਭੂਤ ਕਈ ਸਾਲਾਂ ਤੋਂ ਹੀ ਸਵਾਰ ਸੀ। ਗੁਰਨਾਮ ਸਿੰਘ ਨੇ ਸੋਚਿਆ ਕਿ ਚਲੋ ਜਿਸ ਤਰ੍ਹਾਂ ਕਹਿੰਦੇ ਹਨ ਕਿ, "ਜਿਵੇਂ ਵਿਆਹਿਆ ਗਿਆ ਉਵੇਂ ਹੀ ਮਿਰਗੀ ਹਟ ਜਾਊ" ਪਰ ਨਹੀਂ, ਇਹ ਫਾਰਮੂਲਾ ਵੀ ਕਾਰਗਰ ਸਿੱਧ ਨਾਂ ਹੋਇਆ। ਵਿਆਹ ਵੀ ਕਰ ਦਿੱਤਾ, ਨੂੰਹ ਕੁਲਦੀਪ ਕੌਰ ਵੀ ਬਹੁਤ ਖ਼ੂਬਸੂਰਤ ਅਤੇ ਸਰਦੇ ਪੁੱਜਦੇ ਘਰ ਦੀ ਮਿਲ ਗਈ। ਕੁੜੀ ਵਾਲਿਆਂ ਨੇ ਗੁਰਨਾਮ ਸਿੰਘ ਦੇ ਬੇਟੇ ਨੂੰ ਦਾਜ ਦੇ ਕੇ ਘਰ ਦੇ ਸਾਰੇ ਹੀ ਧੋਣੇ ਧੋ ਦਿੱਤੇ। ਸਾਲ ਦੇ ਅੰਦਰ ਅੰਦਰ ਹੀ ਪੋਤ੍ਰੇ ਦੀ ਦਾਤ ਵੀ ਪ੍ਰਮਾਤਮਾ ਨੇ ਉਨ੍ਹਾਂ ਦੇ ਘਰ ਦੇ ਦਿੱਤੀ। ਗੁਰਨਾਮ ਸਿੰਘ ਨੂੰ ਥੋੜ੍ਹਾ ਸਕੂਨ ਮਿਲਦਾ ਲੱਗਦਾ ਸੀ ਕਿ ਹੁਣ ਬਾਹਰ ਜਾਣ ਦੀ ਗੱਲ ਕੁਛ ਠੰਡੀ ਪੈ ਗਈ ਲੱਗਦੀ ਸੀ। ਕੁਲਦੀਪ ਦੇ ਰਿਸ਼ਤੇਦਾਰ ਸਾਰੇ ਹੀ ਕੈਨੇਡਾ ਵਿਖ਼ੇ ਵੱਸੇ ਹੋਏ ਸਨ। ਘਰ ਵਾਲੀ ਦੀ ਕੋਈ ਵੀ ਗੱਲ ਟਾਲਣੀ ਜਿਵੇਂ ਬੀਰੇ ਲਈ ਔਖੀ ਹੀ ਨਹੀਂ ਸਗੋਂ ਨਾਂ ਮੁਮਕਿਨ ਜਿਹੀ ਹੋ ਗਈ ਸੀ।

ਕੁੜੀ ਦੇ ਮਾਮੇ ਨੇ ਕੈਨੇਡਾ ਦੇ ਪੇਪਰ ਭੇਜ ਦਿੱਤੇ ਅਤੇ ਅਗਲੇ ਹੀ ਮਹੀਨੇ ਤਿੰਨੇ ਜਣੇ ਰੰਗੀਨ ਸੁਪਨਿਆਂ ਦੀ ਧਰਤੀ, ਕੈਨੇਡਾ ਵਿਖੇ ਜਾ ਪਹੁੰਚੇ। ਗੁਰਨਾਮ ਸਿੰਘ ਬਹੁਤ ਉਦਾਸ ਰਹਿਣ ਲੱਗਿਆ। ਗੁਰਨਾਮ ਸਿੰਘ, ਜਿਹੜਾ ਕਦੇ ਆਪਣੀ ਪਤਨੀ ਨੂੰ ਉੱਚੀ ਵੀ ਨਹੀਂ ਸੀ ਬੋਲਿਆ ਹੁਣ ਨਿੱਕੀ ਨਿੱਕੀ ਗੱਲ 'ਤੇ ਆਪਣੀ ਘਰ ਵਾਲੀ ਨਾਲ ਲੜ ਪੈਣਾ, ਉਸਦਾ ਸੁਭਾਅ ਜਿਹਾ ਹੀ ਬਣ ਗਿਆ ਸੀ।

ਬੀਰੇ ਦਾ ਵੀ ਕੈਨੇਡਾ ਜਾ ਕੇ ਕਈ ਮਹੀਨੇ ਦਿਲ ਨਾਂ ਲੱਗਿਆ, ਉਹ ਆਪਣੇ ਮਾਂ ਬਾਪ ਬਾਰੇ ਸੋਚ ਸੋਚ ਕੇ ਉਦਾਸ ਰਹਿਣ ਲੱਗਿਆ। ਅਣਮੰਨੇ ਜਿਹੇ ਦਿਲ ਨਾਲ ਕੰਮ 'ਤੇ ਜਾਂਦਾ ਅਤੇ ਸ਼ਾਮ ਨੂੰ ਹਾਰ ਟੁੱਟ ਕੇ ਘਰ ਆ ਕੇ ਸੌਂ ਜਾਂਦਾ। ਇੱਕ ਦਿਨ ਆਪਣੀ ਪਤਨੀ ਨੂੰ, ਆਪਣੇ ਮਾਂ ਪਿਓ ਨੂੰ ਕੈਨੇਡਾ ਬੁਲਾਉਣ ਲਈ ਕਹਿਣ 'ਤੇ, ਪਤਨੀ ਨੇ ਇਹ ਕਹਿ ਕੇ ਸਾਫ਼ ਇੰਨਕਾਰ ਕਰ ਦਿੱਤਾ ਕਿ ਜੇਕਰ ਬੁੜ੍ਹੇ-ਬੁੜ੍ਹੀ ਦਾ ਐਨਾ ਹੀ ਤਿਹੁ ਸੀ ਤਾਂ ਕੈਨੇਡਾ ਕਿਉਂ ਆਉਣਾ ਸੀ? ਘਰ ਵਾਲੀ ਦੀ ਮਰਜ਼ੀ ਦੇ ਬਿਨਾਂ ਹੀ ਉਸਨੇ ਆਪਣੇ ਮਾਂ ਪਿਓ ਦੇ ਪੇਪਰ ਭੇਜ ਦਿੱਤੇ ਅਤੇ ਸਾਲ ਤੋਂ ਪਹਿਲਾਂ ਹੀ ਬੇਬੇ ਬਾਪੂ, ਦੋਨੋਂ ਹੀ ਕੈਨੇਡਾ ਆ ਗਏ। ਦੋਨੋਂ ਹੀ ਪ੍ਰੀਵਾਰ ਨੂੰ ਮਿਲ ਕੇ ਬਹੁਤ ਖੁਸ਼ ਸਨ ਪ੍ਰੰਤੂ ਪ੍ਰੀਵਾਰ ਵਿਚੋਂ ਕੁਲਦੀਪ ਕੌਰ ਉਨ੍ਹਾਂ ਦੇ ਆਉਣ 'ਤੇ ਬਿਲਕੁਲ ਹੀ ਖ਼ੁਸ਼ ਨਹੀਂ ਸੀ। ਉਹ ਅੰਦਰ ਹੀ ਅੰਦਰ ਹਰ ਵਕਤ ਕੁਝ ਨਾ ਕੁਝ ਸੋਚਦੀ ਰਹਿੰਦੀ। ਬਾਪੂ ਆਹਿਸਤਾ ਆਹਿਸਤਾ ਘਰੋਂ ਬਾਹਰ ਨਿੱਕਲ, ਘਰ ਦੇ

ਨਜਦੀਕ ਹੀ ਬਣੇ ਪਾਰਕ ਵਿੱਚ ਜਾ ਬਹਿੰਦਾ। ਕੁਝ ਨਵੇਂ ਦੋਸਤ ਵੀ ਬਣਾ ਲਏ ਜਿੰਨ੍ਹਾ ਵਿੱਚ ਇੱਕ ਉਸਦਾ ਬਹੁਤ ਹੀ ਨਜਦੀਕੀ ਦੋਸਤ, ਪ੍ਰੀਤਮ ਸਿੰਘ,ਜੋ ਉਸਦੇ ਬਚਪਨ ਦਾ ਸਾਥੀ ਸੀ, ਵੀ ਮਿਲ ਗਿਆ।

ਇੱਕ ਦਿਨ ਗੁਰਨਾਮ ਸਿੰਘ ਦੇ ਜੋਰ ਪਾਉਣ 'ਤੇ ਉਸਦਾ ਦੋਸਤ, ਪ੍ਰੀਤਮ, ਗੁਰਨਾਮ ਸਿੰਘ ਦੇ ਨਾਲ ਘਰ ਆ ਗਿਆ। ਅਜੇ ਆ ਕੇ ਬੈਠੇ ਹੀ ਸਨ ਕਿ ਨੂੰਹ ਰਾਣੀ ਅੰਦਰੋਂ ਬੜੀ ਹੀ ਫੁਰਤੀ ਨਾਲ ਆਈ ਅਤੇ ਹੁਕਮੀ ਅੰਦਾਜ਼ ਵਿੱਚ ਕਹਿਣ ਲੱਗੀ, "ਆਪਣੇ ਪਾਰਕ ਵਾਲੇ ਦੋਸਤ ਸਿਰਫ਼ ਪਾਰਕ ਤੱਕ ਹੀ ਸੀਮਤ ਰੱਖਿਆ ਕਰੋ, ਘਰ ਨਹੀਂ ਲੈ ਕੇ ਆਉਣੇ, ਇਹ ਘਰ ਹੈ ਕੋਈ ਹੋਟਲ ਜਾਂ ਢਾਬਾ ਨਹੀਂ ਕਿ ਅਸੀਂ ਕਿਸੇ ਲਈ ਚਾਹ ਬਣਾਈਏ।" ਇੰਨੀ ਗੱਲ ਸੁਣਦਿਆਂ ਹੀ ਗੁਰਨਾਮ ਸਿੰਘ ਦਾ ਦੋਸਤ, ਪ੍ਰੀਤਮ ਸਿੰਘ ਚੁੱਪ-ਚਾਪ ਨੀਵੀਂ ਪਾ ਕੇ ਨਿੱਕਲ ਗਿਆ ਪ੍ਰੰਤੂ ਗੁਰਨਾਮ ਸਿੰਘ ਨੂੰ ਮਰਨ ਲਈ ਜ਼ਮੀਨ ਕੋਈ ਜਗ੍ਹਾ ਨਹੀਂ ਸੀ ਦੇ ਰਹੀ। ਉਹ ਵਾਰ-ਵਾਰ ਇਹੀ ਸੋਚ ਰਿਹਾ ਸੀ ਕਿ ਆਹ ਦਿਨ ਦੇਖਣ ਲਈ ਮੈਂ ਇੱਥੇ ਆਇਆਂ ਹਾਂ। ਕੁਲਦੀਪ ਨੂੰ ਇਹ ਬਿਲਕੁਲ ਹੀ ਨਹੀਂ ਸੀ ਪਤਾ ਕਿ ਜਿਹੜਾ ਇਹ ਗੁਰਨਾਮ ਸਿੰਘ ਦਾ ਦੋਸਤ, ਪ੍ਰੀਤਮ ਸਿੰਘ ਹੈ, ਉਸਦੇ ਹੀ ਮਾਲਿਕ, ਜਿੱਥੇ ਕੁਲਦੀਪ ਨੌਕਰੀ ਕਰਦੀ ਸੀ, ਦਾ ਪਿਓ ਹੈ। ਹੁਣ ਬੀਰੇ ਨੂੰ ਮਹਿਸੂਸ ਹੋਇਆ ਕਿ ਸਰਕਾਰੀ ਨੌਕਰੀ ਛੱਡ ਕੇ ਇੱਥੇ ਆ ਕੇ ਦਿਹਾੜੀਆਂ ਕਰਨੀਆਂ, ਉਸਦਾ ਗ਼ਲਤ ਫ਼ੈਸਲਾ ਸੀ ਤੇ ਮਨ ਹੀ ਮਨ ਧਾਰ ਲਿਆ ਕਿ ਹੁਣ ਕੈਨੇਡਾ ਨਹੀਂ ਰਹਿਣਾ ... ਮਾਂ-ਪਿਓ ਨਾਲ ਵਾਪਸ ਪਿੰਡ ਚਲੇ ਜਾਣਾ ਹੈ।

ਉਹ ਰੈਸਟੋਰੈਂਟ ਜਿੱਥੇ ਕੁਲਦੀਪ ਨੌਕਰੀ ਕਰਦੀ ਹੈ, ਸਿਲਵਰ ਜੁਬਲੀ ਮਨਾ ਰਹੇ ਹਨ। ਕਈ ਨਾਮਵਰ ਹਸਤੀਆਂ ਅਤੇ ਉੱਘੇ ਲੋਕ ਵੀ ਆਉਣ ਵਾਲੇ ਸਨ, ਧੂਮ-ਧਾਮ ਨਾਲ ਤਿਆਰੀਆਂ ਹੋ ਰਹੀਆਂ ਸਨ।

ਉਸ ਦਿਨ ਕੁਲਦੀਪ ਤੇ ਬੀਰਾ ਵੀ ਤਿਆਰ ਹੋਕੇ ਜਾ ਰਹੇ ਨੇ ਅਤੇ ਅਪਣੇ ਬੇਟੇ ਨੂੰ ਦਾਦੀ-ਦਾਦਾ ਕੋਲ ਛੱਡ ਜਾਂਦੇ ਹਨ।

ਬੜੀ ਜ਼ੋਰਾਂ ਸ਼ੋਰਾਂ ਨਾਲ ਤਿਆਰੀਆਂ ਕੀਤੀਆਂ ਹਨ ਜਿਸ ਵਿੱਚ ਕੁਲਦੀਪ ਦਾ ਵੀ ਕਾਫੀ ਯੋਗਦਾਨ ਹੈ!

ਰੈਸਟੋਰੈਂਟ ਦੀ ਮੇਨ ਗੇਟ ਤੇ ਗੁਰਮੇਲ ਸਿੰਘ ਆਪ ਮਹਿਮਾਨਾਂ ਨੂੰ ਜੀ ਆਇਆਂ ਕਹਿ ਰਿਹਾ ਸੀ। ਪਾਰਟੀ ਪੂਰੇ ਜੋਰ ਸ਼ੋਰ ਨਾਲ ਚੱਲ ਰਹੀ ਸੀ, ਬਹੁਤ ਸੋਹਣੀ ਸਟੇਜ 'ਤੇ ਖਾਸ ਮਹਿਮਾਨ ਬੈਠੇ ਸਨ!

ਪਰ ਇਹ ਕੀ? ਕੁਲਦੀਪ ਤੇ ਬੀਰਾ ਵੇਖਕੇ ਹੈਰਾਨ, ਸਟੇਜ 'ਤੇ ਪ੍ਰੀਤਮ ਸਿੰਘ ਨਾਲ ਗੁਰਨਾਮ ਸਿੰਘ ਤੇ ਉਸਦੀ ਪਤਨੀ ਅਤੇ ਪੋਤਰਾ ਵੀ ਬੈਠੇ ਸਨ । ਉਹ ਸੋਚਾਂ ਵਿੱਚ ਪੈ ਗਏ ਕਿ ਇਹ ਸਾਰੇ ਐਥੇ ਕਿਵੇਂ ਆ ਗਏ !

ਆਏ ਖ਼ਾਸ ਮਹਿਮਾਨਾਂ ਦੇ ਨਾਲ ਨਾਲ ਪ੍ਰੀਤਮ ਸਿੰਘ ਅਤੇ ਗੁਰਨਾਮ ਸਿੰਘ

ਦਾ ਵੀ ਸਤਿਕਾਰ ਕੀਤਾ ਜਾ ਰਹਿਆ ਸੀਂ! ਗੁਰਮੇਲ ਸਿੰਘ ਨੇ ਬੜੀ ਸ਼ਾਨ ਨਾਲ ਆਪਣੇ ਪਿਤਾ ਜੀ, ਪ੍ਰੀਤਮ ਸਿੰਘ ਦੇ ਨਾਲ ਉਨ੍ਹਾਂ ਦੇ ਜਿਗਰੀ ਦੋਸਤ ਗੁਰਨਾਮ ਸਿੰਘ ਦੀ ਵੀ ਜਾਣ ਪਹਿਚਾਣ ਕਰਾਈ।

ਕੁਲਦੀਪ, ਚਾਹ ਪਾਣੀ ਅਤੇ ਸਨੈਕਸ ਲੈ ਕੇ ਪ੍ਰੀਤਮ ਸਿੰਘ ਅਤੇ ਗੁਰਨਾਮ ਸਿੰਘ ਲਈ ਖ਼ਾਸ ਤੌਰ 'ਤੇ ਆਪ ਹਾਜਿਰ ਹੋ ਰਹੀ ਸੀਂ ਤੇ ਅੰਦਰੋਂ ਬਹੁਤ ਸ਼ਰਮਿੰਦਗੀ ਮਹਿਸੂਸ ਕਰ ਰਹੀ ਸੀ। ਬੀਰਾ ਬਹੁਤ ਖੁਸ਼ ਹੋ ਰਿਹਾ ਸੀਂ।

ਕੁਲਦੀਪ, ਵੱਡੇ ਘਰ ਦੀ ਧੀ ਨੂੰ ਅਪਣੀ ਗਲਤੀ ਦਾ ਬੇਹੱਦ ਅਫ਼ਸੋਸ ਹੁੰਦਾ ਹੈ, ਆਪਣੇ ਮਾਲਕ ਗੁਰਮੇਲ ਸਿੰਘ ਦੇ ਸਾਹਮਣੇ ਜਾ ਕੇ ਅਪਣੇ ਸਹੁਰੇ ਗੁਰਨਾਮ ਸਿੰਘ ਅਤੇ ਮਾਲਕ ਦੇ ਪਿਤਾ ਪ੍ਰੀਤਮ ਸਿੰਘ ਕੋਲ਼ੋਂ ਪੈਰੀਂ ਪੈ ਕੇ ਮੁਆਫ਼ੀ ਮੰਗਦੀ ਹੈ ਤੇ ਵਾਅਦਾ ਕਰਦੀ ਹੈ ਕਿ ਐਸੀ ਗਲਤੀ ਫਿਰ ਕਦੇ ਨਹੀਂ ਕਰੇਗੀ।

ਹੁਣ ਸਾਰੇ ਖੁਸ਼ੀ-ਖੁਸ਼ੀ ਆਪਣੇ ਸੋਹਣੇ ਘਰ ਜਾਂਦੇ ਹਨ।

✲✲✲

# ਮੋਕਸ਼

ਇੱਕ ਪੁਰਾਤਨ ਕਥਾ ਹੈ। ਕੋਈ ਸਾਧੂ ਦਰੱਖਤ ਦੇ ਹੇਠਾਂ ਬੈਠਾ ਤਪੱਸਿਆ ਕਰ ਰਿਹਾ ਸੀ, ਆਪਣੇ ਆਪ ਨੂੰ ਸਾਧ ਰਿਹਾ ਸੀ, ਆਪਣੇ ਆਪ ਨੂੰ ਸੋਧ ਰਿਹਾ ਸੀ। ਬਹੁਤ ਲੰਬਾ ਸਮਾਂ ਉਸਨੇ ਤਪੱਸਿਆ ਕੀਤੀ ਤਾਂ ਇੱਕ ਦਿਨ ਉਸ ਨੂੰ ਗਿਆਨ ਹੋਇਆ, ਅਕਾਸ਼ਵਾਣੀ ਹੋਈ, ਚਾਨਣ ਹੋਇਆ, ਪ੍ਰਕਾਸ਼ ਹੋਇਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦਾ ਸਰੀਰ ਬਹੁਤ ਹਲਕਾ-ਹਲਕਾ ਹੋ ਗਿਆ ਹੈ ਅਤੇ ਉਸ ਨੂੰ ਸਭ ਕੁਝ ਵੱਖਰਾ-ਵੱਖਰਾ ਲੱਗਦਾ ਸੀ। ਉਸਨੇ ਆਪਣੀਆਂ ਅੱਖਾਂ ਆਸੇ ਪਾਸੇ ਦੌੜਾਈਆਂ, ਸਭ ਕੁਝ ਬਦਲਿਆ-ਬਦਲਿਆ ਲੱਗਦਾ ਸੀ। ਉਸ ਨੇ ਆਪਣੀ ਨਿਗਹਾ ਦਰਖਤ ਉੱਪਰ ਵੱਲ ਨੂੰ ਕੀਤੀ ਤਾਂ ਕੀ ਦੇਖਦਾ ਹੈ ਕਿ ਉੱਥੇ ਇੱਕ ਪੰਛੀ ਬੈਠਾ ਹੈ। ਜਿਉਂ ਹੀ ਉਸ ਦੀ ਨਿਗ੍ਹਾ ਉਸ ਪੰਛੀ ਉੱਪਰ ਪਈ ਉਹ ਪੰਛੀ ਮਰ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਉਸ ਦੀ ਦ੍ਰਿਸ਼ਟੀ ਵਿਚ ਇੰਨਾ ਤੇਜ ਹੈ ਕਿ ਉਹ ਜਿਸ ਵੱਲ ਵੀ ਵੇਖੇਗਾ ਉਸ ਦੀ ਮੌਤ ਹੋ ਜਾਵੇਗੀ, ਉਹ ਉਸ ਨੂੰ ਭਸਮ ਕਰ ਦੇਵੇਗਾ। ਉਸ ਜਗ੍ਹਾ ਤੋਂ ਉਹ ਉੱਠਿਆ, ਕਿਸੇ ਦੇ ਘਰ ਅੱਗੇ ਜਾ ਕੇ ਅਲਖ ਜਗਾਈ ਅਤੇ ਕੁਝ ਖਾਣ ਲਈ ਮੰਗਿਆ। ਅੰਦਰੋਂ ਕੋਈ ਜਵਾਬ ਨਹੀਂ ਆਇਆ ਤਾਂ ਉਸ ਨੇ ਦੁਬਾਰਾ ਅਲਖ ਜਗਾਈ। ਇੰਨੇ ਚਿਰ ਨੂੰ ਇੱਕ ਔਰਤ ਅੰਦਰੋਂ ਆਈ, ਉਸਨੇ ਕਿਹਾ ਬਾਬਾ ਥੋੜ੍ਹਾ ਸਬਰ ਕਰ ਮੈਂ ਵਿਅਸਤ ਹਾਂ ਆਪਣੇ ਪਤੀ ਦੀ ਸੇਵਾ ਕਰ ਰਹੀ ਹਾਂ ਉਸ ਤੋਂ ਬਾਅਦ ਤੈਨੂੰ ਕੁਝ ਦਿੰਦੇ ਹਾਂ।

ਸਾਧੂ ਗੁੱਸੇ ਵਿੱਚ ਆ ਗਿਆ ਅਤੇ ਉਸ ਨੇ ਉਸ ਔਰਤ ਨੂੰ ਕਿਹਾ ਕਿ ਜਾਣਦੀ ਹੈ ਤੂੰ ਕਿਸ ਨਾਲ ਗੱਲ ਕਰ ਰਹੀ ਹੈ ਤਾਂ ਉਸ ਔਰਤ ਨੇ ਅੱਗੋਂ ਜਵਾਬ ਦਿੱਤਾ, ਬਾਬਾ ਜੀ! 'ਮੈਂ ਪੰਛੀ ਨਹੀਂ ਹਾਂ'। ਇਹ ਗੱਲ ਸੁਣ ਕੇ ਸਾਧੂ ਦੇ ਹੋਸ਼ ਉੱਡ ਗਏ। ਉਸਨੇ ਮਹਿਸੂਸ ਕੀਤਾ ਕਿ ਇਸ ਨੂੰ ਇਹ ਕਿਸ ਤਰਾਂ ਪਤਾ ਚੱਲਿਆ। ਸਾਧੂ ਨੇ ਇਹ ਮਹਿਸੂਸ ਕੀਤਾ ਕਿ ਇਹ ਔਰਤ ਤਾਂ ਮੇਰੇ ਤੋਂ ਵੀ ਅੱਗੇ ਪਹੁੰਚੀ ਹੋਈ ਹੈ। ਸਾਧੂ ਨੇ ਉਸ ਔਰਤ ਨੂੰ ਪੁੱਛਿਆ ਕਿ ਤੈਨੂੰ ਇਹ ਗਿਆਨ ਕਿੱਥੋਂ ਆਇਆ ਹੈ ਤਾਂ ਉਸ ਨੇ ਕਿਹਾ ਮੇਰਾ ਇੱਕ ਗੁਰੂ ਹੈ ਉਹ ਇਸ ਥਾਂ ਤੇ ਰਹਿੰਦਾ ਹੈ ਤੁਸੀਂ ਉਥੇ ਜਾਓ। ਸਾਧੂ ਦੀ ਜਗਿਆਸਾ ਹੋਰ ਤੇਜ਼ ਹੋ ਗਈ ਤੇ ਉਹ ਉਸ ਔਰਤ ਦੇ ਗੁਰੂ ਵੱਲ ਚੱਲ ਪਿਆ। ਉੱਥੇ ਜਾ ਕੇ ਵੀ ਉਸ ਨੇ ਉਸੇ ਤਰ੍ਹਾਂ ਅਲਖ ਜਗਾਈ ਤਾਂ ਅੰਦਰੋਂ ਇੱਕ ਔਰਤ ਆਈ ਉਸਨੇ ਕਿਹਾ ਬਾਬਾ ਥੋੜਾ ਜਿਹਾ ਰੁਕ ਮੈਂ ਆਪਣੇ ਸੱਸ ਸਹੁਰੇ ਦੀ ਸੇਵਾ ਕਰ ਰਹੀ ਹਾਂ, ਤੈਨੂੰ ਮੈਂ ਖੈਰ ਪਾਉਂਦੀ ਹਾਂ। ਤਾਂ ਸਾਧੂ ਨੇ ਫਿਰ ਉਹੀ ਪੁਰਾਣੇ ਬਚਨ ਦੁਹਰਾਏ ਕਿ ਤੈਨੂੰ ਪਤਾ ਨਹੀਂ ਮੈਂ ਕੌਣ ਹਾਂ ਕਿਉਂਕਿ ਉਸ ਨੂੰ ਆਪਣੇ ਗਿਆਨ ਦਾ ਬਹੁਤ ਹੰਕਾਰ ਹੋ ਗਿਆ ਸੀ ਤਾਂ ਉਸ ਔਰਤ ਨੇ ਵੀ ਉਸ ਨੂੰ ਇਹੀ ਕਿਹਾ ਕਿ, 'ਮੈਂ ਪੰਛੀ ਨਹੀਂ ਹਾਂ'। ਸਾਧੂ ਦੀ ਜਗਿਆਸਾ ਹੋਰ ਜਿਆਦਾ ਵੱਧ ਗਈ

ਕਿ ਇਹ ਕੀ ਹੋ ਰਿਹਾ ਹੈ ਇਹ ਲੋਕ ਤਾਂ ਮੈਥੋਂ ਵੀ ਬਹੁਤ ਅੱਗੇ ਗਏ ਹੋਏ ਹਨ, ਪਹੁੰਚੇ ਹੋਏ ਹਨ, ਮੈਂ ਤਾਂ ਇਹਨਾਂ ਦੇ ਮੁਕਾਬਲੇ ਕੁਝ ਵੀ ਨਹੀਂ ਹਾਂ। ਸਾਧੂ ਨੇ ਉਸ ਔਰਤ ਤੋਂ ਵੀ ਉਸ ਦੇ ਗਿਆਨ ਦੀ ਸਾਰੀ ਵਾਰਤਾ ਸੁਣੀ ਤਾਂ ਔਰਤ ਨੇ ਕਿਹਾ ਕਿ ਮੇਰਾ ਇੱਕ ਗੁਰੂ ਹੈ ਤੁਸੀਂ ਉਸ ਕੋਲ ਜਾਓ। ਸਾਧੂ ਆਪਣੀ ਜਗਿਆਸਾ ਨੂੰ ਲੈ ਕੇ ਉਸ ਦੂਸਰੀ ਔਰਤ ਦੇ ਗੁਰੂ ਵੱਲ ਵੀ ਚੱਲ ਪਿਆ। ਉੱਥੇ ਪਹੁੰਚ ਕੇ ਕੀ ਵੇਖਦਾ ਹੈ ਕਿ ਉਸ ਦਾ ਗੁਰੂ ਇੱਕ ਕਸਾਈ ਹੈ। ਜਦ ਅਲਖ ਜਗਾਈ ਅੰਦਰੋਂ ਕਸਾਈ ਆਇਆ ਤਾਂ ਉਸ ਨੇ ਕਿਹਾ ਬਾਬਾ ਥੋੜਾ ਜਿਹਾ ਰੁਕ ਮੈਂ ਆਪਣੀ ਦੁਕਾਨ ਸ਼ੁਰੂ ਕਰ ਲਵਾਂ ਫਿਰ ਤੈਨੂੰ ਮੈਂ ਖੈਰ ਪਾਉਂਦਾ ਹਾਂ। ਉਸ ਜਗ੍ਹਾ 'ਤੇ ਜਾ ਕੇ ਉਸ ਸਾਧੂ ਨੂੰ ਗਿਆਨ ਹੋਇਆ ਕਿ ਜਰੂਰੀ ਨਹੀਂ ਕਿ ਗਿਆਨ ਤੁਹਾਨੂੰ ਉਜਾੜ ਬੀਆਬਾਨ ਵਿੱਚ ਜਾ ਕੇ ਹੀ ਮਿਲਣਾ ਹੈ, ਗਿਆਨ ਤੁਹਾਨੂੰ ਆਪਣੇ ਮਾਂ-ਪਿਓ, ਆਪਣੇ ਪਤੀ ਜਾਂ ਕਿਸੇ ਜਰੂਰਤਮੰਦ ਦੀ ਸੇਵਾ ਕਰਕੇ ਵੀ ਮਿਲ ਸਕਦਾ ਹੈ।

ਸੋ ਕਿਸੇ ਜਰੂਰਤਮੰਦ ਦੀ ਸੇਵਾ ਕਰੋ, ਜਰੂਰਤਮੰਦ ਦੀ ਜਰੂਰਤ ਪੂਰੀ ਕਰੋ, ਆਪਣੇ ਮਾਂ-ਪਿਓ ਦੀ, ਆਪਣੇ ਸੱਸ-ਸਹੁਰੇ ਦੀ, ਬਜ਼ੁਰਗਾਂ ਦੀ ਸੇਵਾ ਕਰੋ, ਤਾਂ ਤੁਹਾਨੂੰ ਮੋਕਸ਼ ਪ੍ਰਾਪਤ ਹੋ ਹੀ ਜਾਵੇਗਾ।

***

# ਰੱਬ ਦਾ ਭਾਣਾ

"ਅਰੇ ਮਧੂ, ਦੇਖੋ ਯਾਰ ਮੈਂ ਕਬ ਸੇ ਖੜਾ ਹੂੰ, ਆਧੇ ਘੰਟੇ ਸੇ ਬਾਹਰ ਇੰਤਜ਼ਾਰ ਕਰ ਰਹਾਂ ਹੂੰ, ਅਭੀ ਔਰ ਕਿਤਨਾ ਸਮਾਂ ਲੱਗੇਗਾ?" ਇਹ ਸ਼ਬਦ ਸਨ ਵਿਪਿਨ ਜੀ ਦੇ। ਉਨ੍ਹਾਂ ਦੀ ਪਤਨੀ ਸੈਲੂਨ ਵਿੱਚ ਇੱਕ ਘੰਟੇ ਤੋਂ ਆਪਣੀ ਲੀਪਾ ਪੋਚੀ ਕਰਾਉਣ ਗਈ ਹੋਈ ਸੀ ਅਤੇ ਵਿਪਿਨ ਜੀ ਖੜੇ ਬਾਹਰ ਇੰਤਜ਼ਾਰ ਕਰ ਰਹੇ ਸਨ। ਕਿਉਂਕਿ ਵਿਪਿਨ ਜੀ ਨੂੰ ਸਮਾਂ ਦਿੱਤਾ ਗਿਆ ਸੀ ਕਿ ਅੱਧੇ ਘੰਟੇ ਬਾਅਦ ਤੁਸੀਂ ਆ ਜਾਣਾ ਤੇ ਆਪਾਂ ਅੱਗੇ ਪਾਰਟੀ ਤੇ ਚਲਣਾ ਹੈ। ਵਿਪਿਨ ਜੀ ਵਿਚਾਰੇ ਬਾਹਰ ਖੜੇ ਅੱਧੇ ਘੰਟੇ ਤੋਂ ਇੰਤਜਾਰ ਕਰ ਰਹੇ ਸਨ ਅਤੇ ਹਾਰ ਕੇ ਆਪਣੀ ਪਤਨੀ ਮਧੂ ਨੂੰ ਫੋਨ ਕੀਤਾ ਅਤੇ ਪੁੱਛਿਆ ਕਿ ਅਜੇ ਹੋਰ ਟਾਈਮ ਕਿੰਨਾ ਲੱਗੇਗਾ, ਮੈਂ ਪਿਛਲੇ ਅੱਧੇ ਘੰਟੇ ਤੋਂ ਬਾਹਰ ਖੜਾ ਇੰਤਜ਼ਾਰ ਕਰ ਰਿਹਾ ਹਾਂ, ਮੇਰੇ ਲਈ ਬਹੁਤ ਔਖਾ ਹੈ। "ਬਸ ਮੈਂ ਅਭੀ ਆਤੀ ਹੂੰ" ਇਹਨਾਂ ਹੀ ਕਹਿ ਕੇ ਮਧੂ ਨੇ ਫੇਰ ਫੋਨ ਬੰਦ ਕਰ ਦਿੱਤਾ।

ਵਿਪਿਨ ਵਿਚਾਰਾ ਬਾਹਰ ਖੜਾ ਉਡੀਕ ਰਿਹਾ ਸੀ ਕਿ ਮਧੂ ਆ ਗਈ, "ਚਲੋ ਚਲੇਂ" ਮਧੂ ਜਲਦੀ ਕਰ ਰਹੀ ਸੀ। ਉਹਨਾਂ ਨੇ ਪਾਰਟੀ 'ਤੇ ਜਾਣਾ ਸੀ ਤਾਂ ਵਿਪਿਨ ਨੇ ਦੇਖਆ ਕਿ ਉਹਨਾਂ ਦੀ ਗੱਡੀ ਦੇ ਮੂਹਰਲੇ ਟਾਇਰ ਕੋਲ ਕੋਈ ਮੰਗਤਾ ਬੈਠਾ ਖਾਣਾ ਖਾ ਰਿਹਾ ਸੀ। ਮਧੂ ਨੇ ਕਿਹਾ ਕਿ ਆਪਾਂ ਤਾਂ ਪਹਿਲਾਂ ਹੀ ਲੇਟ ਹਾਂ। ਹਾਂ ਪਰ ਦੇਖ ਵਿਚਾਰਾ ਰੋਟੀ ਖਾ ਰਿਹਾ ਹੈ ਥੋੜਾ ਇੰਤਜ਼ਾਰ ਕਰ, ਤੁਸੀਂ ਆਪਣੀ ਤਾਂ ਕਦੇ ਗਲਤੀ ਮੰਨਣੀ ਨਹੀਂ ਤੇ ਗਲਤੀ ਮਨਵਾਉਣ ਲਈ ਹੀ ਤਾਂ ਵਿਆਹ ਕਰਾਇਆ ਜਾਂਦਾ ਹੈ ਤਾਂ ਕਿ ਭਾਂਡਾ ਕਿਸੇ ਹੋਰ ਦੇ ਸਿਰ ਭੰਨਿਆ ਜਾਵੇ। ਚਲਦੇ ਹਾਂ ਦੋ ਚਾਰ ਮਿੰਟ ਇੰਤਜਾਰ ਕਰ, ਇਹ ਵਿਚਾਰਾ ਰੋਟੀ ਖਾ ਰਿਹਾ ਹੈ, ਇਸ ਨੂੰ ਖਾਣਾ ਖਾ ਲੈਣ ਦੇ ਫਿਰ ਚਲਦੇ ਹਾਂ। ਮਧੂ ਗੁੱਸੇ ਹੋ ਕੇ ਕਾਰ ਦੇ ਅੰਦਰ ਮੂੰਹ ਸਜਾ ਕੇ ਬੈਠ ਗਈ। ਵਿਪਨ ਨੇ ਦੁਬਾਰਾ ਸਮਝਾ ਬੁਝਾ ਕੇ ਜਾਣ ਲਈ ਰਾਜੀ ਕੀਤਾ ਤੇ ਇਸ ਸਮੇਂ ਵਿੱਚ ਉਹ ਵਿਚਾਰਾ ਮੰਗਤਾ ਵੀ ਉਥੋਂ ਜਾ ਚੁੱਕਿਆ ਸੀ।

ਇਸ ਤਰ੍ਹਾਂ ਕਸ਼ਮਕਸ਼ ਕਰਦਿਆਂ 10 ਮਿੰਟ ਹੋਰ ਲੱਗ ਗਏ ਅਤੇ ਵਿਪਨ ਜੀ ਗੱਡੀ ਲੈ ਕੇ ਤੁਰਨ ਹੀ ਲੱਗੇ ਸਨ ਕਿ ਇੱਕ ਦੋਸਤ ਦਾ ਫੋਨ ਆ ਗਿਆ ਜੋ ਕਿ ਪਹਿਲਾਂ ਤੋਂ ਹੀ ਉਹਨਾਂ ਦਾ ਪਾਰਟੀ ਸਥਾਨ ਤੇ ਇੰਤਜ਼ਾਰ ਤਿਆਰ ਕਰ ਰਿਹਾ ਸੀ। ਦੋਸਤ, ਰਕੇਸ਼ ਕਹਿ ਰਿਹਾ ਸੀ ਕਿ ਵਿਪਨ ਤੂੰ ਕਿੱਥੇ ਹੈ, ਕਿਸ ਰਸਤੇ ਆ ਰਿਹਾ ਹੈ? ਮੈਂ ਤਾਂ ਅਜੇ ਤੁਰਨ ਹੀ ਲੱਗਾ ਹਾਂ, ਵਿਪਿਨ ਨੇ ਜਵਾਬ ਦਿੱਤਾ। ਰਕੇਸ਼ ਨੇ ਦੱਸਿਆ ਕਿ ਜਿਸ ਰਸਤੇ ਤੂੰ ਆਉਣਾ ਹੈ ਉਸ ਰਸਤੇ ਤੇ ਬਣਿਆ ਪੁਲ ਅਜੇ ਪੰਜ ਮਿੰਟ ਪਹਿਲਾਂ ਹੀ ਡਿੱਗਿਆ ਹੈ ਅਤੇ ਕੁਝ ਬੰਦੇ ਵੀ ਮਰੇ ਹਨ ਤੂੰ ਹੋਰ ਰਸਤਾ ਲੈ ਕੇ ਆਈ ਉਹ ਰਸਤਾ ਬੰਦ ਪਿਆ ਹੈ। ਜਿਉ ਹੀ ਇਹ ਗੱਲ ਮਧੂ ਨੇ ਸੁਣੀ ਤਾਂ ਉਸਨੇ ਉਸ ਉੱਪਰ ਵਾਲੇ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਜੇ ਅਸੀਂ 10 ਮਿੰਟ ਪਹਿਲਾਂ ਤੁਰ ਪੈਂਦੇ

ਤਾਂ ਹੋ ਸਕਦਾ ਹੈ ਇਹ ਹਾਦਸਾ ਸਾਡੇ ਨਾਲ ਵਾਪਰ ਜਾਂਦਾ। ਜੋ ਉਹ ਮੰਗਤਾ ਬੈਠਾ ਰੋਟੀ ਖਾ ਰਿਹਾ ਸੀ ਜੇਕਰ ਅਸੀਂ ਉਸ ਨੂੰ ਘੂਰ ਕੇ ਉਠਾ ਦਿੰਦੇ ਤਾਂ ਪੱਕੀ ਗੱਲ ਸੀ ਅਸੀਂ ਵੀ ਉਸ ਹਾਦਸੇ ਦਾ ਸ਼ਿਕਾਰ ਹੋ ਜਾਂਦੇ। ਮੈਂ ਸਮਝਦੀ ਹਾਂ ਕਿ ਉਹ ਮੰਗਤਾ ਨਹੀਂ ਸਗੋਂ ਪਰਮਾਤਮਾ ਦੇ ਰੂਪ ਵਿੱਚ ਸਾਨੂੰ ਬਚਾਉਣ ਲਈ ਹੀ ਆਇਆ ਸੀ।

ਸਾਨੂੰ ਕਦੇ ਵੀ ਕਿਸੇ ਵੀ ਗਰੀਬ ਪ੍ਰਤੀ ਮਾੜੀ ਭਾਵਨਾ ਨਹੀਂ ਰੱਖਣੀ ਚਾਹੀਦੀ ਸਗੋਂ ਇਹ ਸਮਝਣਾ ਚਾਹੀਦਾ ਹੈ ਜੋ ਵੀ ਹੁੰਦਾ ਹੈ ਉਹ ਚੰਗੇ ਲਈ ਹੀ ਹੁੰਦਾ ਹੈ, ਜੇ ਅਸੀਂ ਲੇਟ ਹਾਂ ਤਾਂ ਇਸ ਵਿੱਚ ਵੀ ਸਾਡੀ ਭਲਾਈ ਹੈ। ਇਸ ਤਰ੍ਹਾਂ ਕਰਨ ਨਾਲ ਸਾਡੇ ਮਨ ਨੂੰ ਸ਼ਾਂਤੀ ਮਿਲੇਗੀ।

***

# ਮੂਸਾ ਭੱਜਿਆ ਮੌਤ ਤੋਂ

ਇਹ ਕਹਾਵਤ ਅਸੀਂ ਜਦੋਂ ਦੀ ਸੁਰਤ ਸੰਭਾਲੀ ਹੈ ਸੁਣਦੇ ਹੀ ਆ ਰਹੇ ਹਾਂ ਕਿ 'ਮੂਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜ੍ਹੀ'। ਇਸ ਕਹਾਵਤ ਦੇ ਪਿੱਛੇ ਦੀ ਕਹਾਣੀ ਕੀ ਹੈ, ਇਹ ਤੁਹਾਨੂੰ ਅੱਜ ਦੱਸਦੇ ਹਾਂ।

ਮੂਸਾ ਨਾਮ ਦਾ ਇੱਕ ਵਪਾਰੀ ਸੀ ਜੋ ਆਪਣੇ ਵਪਾਰ ਦੇ ਸੰਬੰਧ ਵਿੱਚ ਵੱਖਰੇ ਵੱਖਰੇ ਸ਼ਹਿਰਾਂ ਵਿੱਚ ਜਾਂਦਾ ਰਹਿੰਦਾ ਸੀ। ਇੱਕ ਸ਼ਹਿਰ ਵਿੱਚ ਉਸਦਾ ਖਾਸ ਤੌਰ 'ਤੇ ਜਾਣਾ ਹੁੰਦਾ ਸੀ ਜਿੱਥੇ ਉਹ ਜਿਆਦਾ ਸਮਾਂ ਆਪਣੇ ਵਪਾਰ ਦੇ ਸਬੰਧ ਵਿੱਚ ਰਹਿੰਦਾ ਹੁੰਦਾ ਸੀ, ਠਹਿਰਦਾ ਸੀ। ਉੱਥੋਂ ਦੇ ਇੱਕ ਤਰਖਾਣ ਭਾਵ ਮਿਸਤਰੀ ਨਾਲ ਉਸ ਦਾ ਦੋਸਤਾਨਾ ਹੋ ਗਿਆ ਅਤੇ ਜਦ ਵੀ ਮੂਸਾ ਉਸ ਸ਼ਹਿਰ ਵਿੱਚ ਜਾਂਦਾ ਤਾਂ ਉਹ ਆਪਣੇ ਉਸ ਦੋਸਤ ਨੂੰ ਜ਼ਰੂਰ ਮਿਲਦਾ। ਇਹ ਉਹਨਾਂ ਸਮਿਆਂ ਦੀ ਗੱਲ ਹੈ ਜਦ ਅਸੀਂ ਅਕਸਰ ਹੀ ਅੱਗ ਵੀ ਕਿਸੇ ਦੇ ਘਰੋਂ ਮੰਗ ਕੇ ਲਿਆਉਂਦੇ ਹੁੰਦੇ ਸੀ। ਮੂਸਾ ਉਸ ਦੋਸਤ ਨੂੰ ਕਹਿੰਦਾ ਮੈਨੂੰ ਅੱਗ ਚਾਹੀਦੀ ਹੈ, ਮਿਸਤਰੀ ਕਹਿੰਦਾ ਕੱਲ ਨੂੰ ਲੈ ਜਾਈ ਬਥੇਰੀ ਅੱਗ ਮਿਲ ਜਾਊ। ਮੂਸੇ ਨੂੰ ਕੋਈ ਗੱਲ ਸਮਝ ਨਾ ਆਈ ਉਹ ਅਗਲੇ ਦਿਨ ਉਸ ਮਿਸਤਰੀ ਕੋਲ ਗਿਆ ਤਾਂ ਦੇਖਿਆ ਕਿ ਸ਼ਹਿਰ ਨੂੰ ਅੱਗ ਲੱਗੀ ਹੋਈ ਸੀ ਅਤੇ ਚਾਰੇ ਪਾਸੇ ਲਪਟਾਂ ਨਿਕਲ ਰਹੀਆਂ ਸਨ।

ਮੂਸੇ ਨੇ ਆਪਣੇ ਦੋਸਤ ਨੂੰ ਪੁੱਛਿਆ ਕਿ ਜਦੋਂ ਤੈਨੂੰ ਪਤਾ ਸੀ ਕਿ ਅੱਗ ਲੱਗ ਜਾਣੀ ਹੈ ਸ਼ਹਿਰ ਵਿੱਚ ਤਾਂ ਤੂੰ ਇਹ ਪਹਿਲਾਂ ਕਿਉਂ ਨਾ ਦੱਸਿਆ ਤਾਂ ਕਿ ਇਸ ਦਾ ਕੋਈ ਇੰਤਜਾਮ ਹੋ ਜਾਂਦਾ, ਹੋ ਸਕਦਾ ਇੰਨਾ ਵੱਡਾ ਨੁਕਸਾਨ ਨਾ ਹੁੰਦਾ। ਮਿਸਤਰੀ ਕਹਿੰਦਾ ਇਹ ਤਾਂ ਹੋਣਾ ਹੀ ਸੀ ਇਸ ਨੂੰ ਕੋਈ ਟਾਲ ਨਹੀਂ ਸੀ ਸਕਦਾ। ਚਲੋ ਗੱਲ ਆਈ ਗਈ ਹੋ ਗਈ। ਜਦੋਂ ਮੂਸਾ ਮਿਸਤਰੀ ਕੋਲ ਗਿਆ ਤਾਂ ਉਹ ਅੱਗੋਂ ਛੋਟੀਆਂ-ਛੋਟੀਆਂ ਲੱਕੜਾਂ ਘੜ ਰਿਹਾ ਸੀ। ਮੂਸੇ ਨੇ ਉਸ ਨੂੰ ਪੁੱਛਿਆ ਕਿ ਇਹ ਕੀ ਕਰ ਰਿਹਾ ਹਾਂ ਇਹ ਛੋਟੀਆਂ- ਛੋਟੀਆਂ ਲੱਕੜਾਂ ਕਿਸ ਕੰਮ ਆਉਣਗੀਆਂ ਤਾਂ ਮਿਸਤਰੀ ਨੇ ਕਿਹਾ ਕਿ ਇਹ ਕੱਲ ਨੂੰ ਕੰਮ ਆਉਣਗੀਆਂ। ਮੂਸਾ ਅੱਗੋਂ ਹੈਰਾਨ ਹੋ ਕੇ ਕਹਿੰਦਾ ਜੇ ਤੈਨੂੰ ਪਤਾ ਹੀ ਹੈ ਕਿ ਕੱਲ ਨੂੰ ਕੰਮ ਆਉਣਗੀਆਂ ਤਾਂ ਤੂੰ ਹੋਣ ਵਾਲੇ ਕਿਸੇ ਦੇ ਨੁਕਸਾਨ ਦਾ, ਤਾਂ ਤੂੰ ਪਹਿਲਾਂ ਕਿਉਂ ਨਹੀਂ ਬਚਾਅ ਕਰ ਸਕਦਾ। ਫਿਰ ਮਿਸਤਰੀ ਨੇ ਉਹੀ ਗੱਲ ਦੱਸੀ ਕਿ ਜੋ ਲਿਖਿਆ ਹੈ ਉਹ ਹੋਣਾ ਹੀ ਹੈ।

ਅਗਲੇ ਦਿਨ ਉਸ ਮਿਸਤਰੀ ਦੇ ਪੁੱਤ ਦੀ ਲੱਤ ਟੁੱਟ ਗਈ ਅਤੇ ਮਿਸਤਰੀ ਉਸਦੇ ਉਹ ਪੱਟੀਆਂ ਉਹੀ ਫੱਟੀਆਂ ਲਾ ਕੇ ਬੰਨ੍ਹ ਰਿਹਾ ਸੀ। ਜਦ ਮੂਸੇ ਨੇ ਫਿਰ ਪੁੱਛਿਆ ਜਦ ਤੈਨੂੰ ਪਤਾ ਸੀ ਤਾਂ ਤੂੰ ਇਸ ਦਾ ਬਚਾਅ ਕਿਉਂ ਨਹੀਂ ਕੀਤਾ। ਮਿਸਤਰੀ ਨੇ ਫਿਰ ਉਹੀ ਜਵਾਬ ਦਿੱਤਾ ਇਹ ਤਾਂ ਲਿਖਿਆ ਹੀ ਸੀ ਮੇਰਾ ਤਾਂ ਇਸ

ਵਿੱਚ ਕੋਈ ਵੀ ਯੋਗਦਾਨ ਨਹੀਂ ਹੈ, ਇਹ ਇਸ ਤਰ੍ਹਾਂ ਹੀ ਹੋਣਾ ਸੀ।

ਕੁਝ ਦਿਨ ਰਹਿ ਕੇ ਮੂਸਾ ਉਥੋਂ ਜਾਣ ਲੱਗਿਆ ਤਾਂ ਉਸ ਮਿਸਤਰੀ ਨੂੰ ਪੁੱਛਦਾ ਹੈ ਕਿ ਹੁਣ ਅੱਗੇ ਕੀ ਹੋਣ ਵਾਲਾ ਹੈ ਉਹ ਤੂੰ ਦੱਸ ਦੇ ਤਾਂ ਕਿ ਕੋਈ ਇੰਤਜ਼ਾਮ ਕੀਤਾ ਜਾ ਸਕੇ। ਮਿਸਤਰੀ ਨੇ ਦੱਸਿਆ ਕਿ ਅੱਜ ਤੋਂ ਇੱਕ ਹਫਤੇ ਬਾਅਦ ਸਾਹਮਣੇ ਵਾਲੇ ਬੋਹੜ ਨਾਲ ਤੈਨੂੰ ਫਾਂਸੀ ਦਿੱਤੀ ਜਾਵੇਗੀ। ਮੂਸਾ ਹੈਰਾਨ ਅਤੇ ਪਰੇਸ਼ਾਨ ਹੋ ਗਿਆ ਕਿ ਮੈਂ ਤਾਂ ਕੋਈ ਕਸੂਰ ਕੀਤਾ ਹੀ ਨਹੀਂ ਤੇ ਮੈਨੂੰ ਫਾਂਸੀ ਕਿਸ ਗੱਲ ਦੀ ਹੋਵੇਗੀ ਤਾਂ ਮਿਸਤਰੀ ਨੇ ਕਿਹਾ ਤੂੰ ਹੁਣ ਜੋ ਕਰਨਾ ਹੈ ਕਰ ਲੈ, ਫਾਂਸੀ ਪੱਕੀ ਹੈ।

ਮੂਸਾ ਉੱਥੋਂ ਭੱਜ ਤੁਰਿਆ ਸ਼ਹਿਰ ਛੱਡ ਕੇ ਬਾਹਰ ਨਿਕਲ ਗਿਆ। ਉਹ ਬਹੁਤ ਥੱਕ ਚੁੱਕਿਆ ਸੀ ਤਾਂ ਪਿੱਛੋਂ ਇੱਕ ਰੱਥ ਆਉਂਦਾ ਦਿਸਿਆ। ਉਸਨੇ ਰੱਥ ਵਾਲੇ ਨੂੰ ਰੋਕਣ ਲਈ ਤਰਲਾ ਕੀਤਾ ਅਤੇ ਉਸ ਨੂੰ ਕਿਹਾ ਕਿ ਮੈਨੂੰ ਇਸ ਸ਼ਹਿਰ ਤੋਂ ਬਾਹਰ ਦੂਰ ਤੱਕ ਲੈ ਜਾਵੇ। ਰੱਥ ਵਾਲੇ ਨੇ ਵੀ ਉਸ ਦੀ ਗੱਲ ਮੰਨ ਲਈ ਤੇ ਉਹ ਦੋਨੋਂ ਜਣੇ ਗੱਲਾਂ ਕਰਦੇ ਕਰਦੇ ਚਲਦੇ ਗਏ। ਦੋਨੋਂ ਹੀ ਥੱਕੇ ਹੋਏ ਸਨ ਤੇ ਉਹਨਾਂ ਦੋਹਾਂ ਦੀ ਅੱਖ ਲੱਗ ਗਈ। ਘੋੜੇ ਬਹੁਤ ਸਿਆਣੇ ਹੁੰਦੇ ਹਨ, ਜਿਹੜੇ ਘੋੜੇ ਉਸ ਰੱਥ ਨੂੰ ਖਿੱਚ ਰਹੇ ਸਨ ਉਹਨਾਂ ਨੂੰ ਅਗਲੇ ਰਸਤੇ ਦਾ ਤਾਂ ਪਤਾ ਨਹੀਂ ਸੀ ਕਿ ਕਿੱਥੇ ਜਾਣਾ ਹੈ ਪਰ ਉਹ ਵਾਪਸ ਮੁੜ ਆਏ। ਜਦ ਨੂੰ ਉਹ ਜਾਗੇ ਤਾਂ ਉਸੇ ਸ਼ਹਿਰ ਵਿੱਚ ਆ ਗਏ ਜਿੱਥੋਂ ਉਹ ਚੱਲੇ ਸੀ। ਮੂਸੇ ਨੇ ਦੇਖਿਆ ਕਿ ਇਹ ਤਾਂ ਉਹੀ ਸ਼ਹਿਰ ਹੈ ਜਿੱਥੋਂ ਅਸੀਂ ਤੁਰੇ ਸੀ। ਰੱਥ ਵਾਲੇ ਨੇ ਉਸ ਨੂੰ ਕਿਹਾ ਕਿ ਕੁਝ ਖਾਣ ਲਈ ਲਿਆ ਭੁੱਖ ਲੱਗੀ ਹੈ, ਮੂਸਾ ਕਹਿੰਦਾ ਮੇਰੇ ਕੋਲ ਤਾਂ ਪੈਸਾ ਹੈ ਕੋਈ ਨਹੀਂ। ਰੱਥ ਵਾਲਾ ਕਹਿੰਦਾ ਪੈਸੈ ਤਾਂ ਮੇਰੇ ਕੋਲ ਵੀ ਨਹੀਂ ਹਨ ਪਰ ਇੱਕ ਕੰਮ ਕਰ ਸਕਦਾ ਹਾਂ। ਮੇਰੇ ਕੋਲ ਇੱਕ ਮੁੰਦਰੀ ਹੈ ਤੂੰ ਇਹ ਮੁੰਦਰੀ ਹਲਵਾਈ ਕੋਲ ਲੈ ਜਾ ਅਤੇ ਉਸ ਤੋਂ ਮਠਿਆਈ ਲੈ ਆ ਤੇ ਆਪਾਂ ਦੋਨੋਂ ਰਲ ਕੇ ਖਾਵਾਂਗੇ। ਮੂਸਾ ਕਹਿੰਦਾ ਠੀਕ ਹੈ ਉਸਨੇ ਮੁੰਦਰੀ ਫੜੀ ਅਤੇ ਹਲਵਾਈ ਕੋਲ ਚਲਾ ਗਿਆ।

ਹਲਵਾਈ ਨੇ ਮੁੰਦਰੀ ਬੜੇ ਗਹੁ ਨਾਲ ਦੇਖੀ। ਮੁੰਦਰੀ ਬਹੁਤ ਮਹਿੰਗੀ ਸੀ ਅਤੇ ਇਹ ਉਹੀ ਮੁੰਦਰੀ ਸੀ ਜਿਸ ਲਈ ਰਾਜੇ ਨੇ ਢੰਡੋਰਾ ਪਿਟਵਾਇਆ ਸੀ ਕਿ ਉਸਦੀ ਮੁੰਦਰੀ ਗੁੰਮ ਗਈ ਹੈ ਜੋ ਵੀ ਮੁੰਦਰੀ ਲੱਭ ਕੇ ਲਿਆਵੇਗਾ ਜਾਂ ਪਤਾ ਦੱਸੇਗਾ ਉਸਨੂੰ ਵਾਜ਼ਬ ਇਨਾਮ ਦਿੱਤਾ ਜਾਵੇਗਾ। ਹਲਵਾਈ ਨੇ ਮੂਸੇ ਨੂੰ ਕਿਹਾ ਤੂੰ ਥੋੜਾ ਰੁਕ ਮੈਂ ਤੈਨੂੰ ਮਿਠਾਈ ਦਿੰਦਾ ਹਾਂ। ਉਸ ਨੇ ਆਪਣੇ ਕਰਿੰਦੇ ਨੂੰ ਅੰਗੂਠੀ ਦੇ ਕੇ ਰਾਜੇ ਦੇ ਦਰਬਾਰ ਵਿੱਚ ਭੇਜ ਦਿੱਤਾ। ਰਾਜੇ ਨੇ ਮੁੰਦਰੀ ਪਹਿਚਾਣ ਲਈ ਅਤੇ ਆਪਣੇ ਦੋ ਸਿਪਾਹੀ ਭੇਜ ਦਿੱਤੇ। ਉਹਨਾਂ ਨੇ ਆਣ ਕੇ ਮੂਸੇ ਨੂੰ ਗ੍ਰਿਫਤਾਰ ਕਰ ਲਿਆ। ਮੂਸਾ ਕਹਿਣ ਲੱਗਾ ਕਿ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ ਮੈਂ ਮੁੰਦਰੀ ਚੋਰੀ ਨਹੀਂ ਕੀਤੀ ਮੈਨੂੰ ਤਾਂ ਇਹ ਮੁੰਦਰੀ ਰੱਥ ਵਾਲੇ ਨੇ ਦਿੱਤੀ ਹੈ ਜੋ ਸ਼ਹਿਰ ਤੋਂ

ਬਾਹਰ ਬੈਠਾ ਹੈ। ਤੁਸੀਂ ਮੇਰੇ ਨਾਲ ਚੱਲੋ ਤੁਹਾਨੂੰ ਮੈਂ ਰੱਥ ਵਾਲੇ ਨੂੰ ਮਿਲਾ ਦਿੰਦਾ ਹਾਂ। ਸਿਪਾਹੀ ਕਹਿੰਦੇ ਠੀਕ ਹੈ। ਜਦ ਉਹ ਵਾਪਿਸ ਸ਼ਹਿਰ ਦੇ ਬਾਹਰ ਵੱਲ ਨੂੰ ਚੱਲੇ ਤਾਂ ਉੱਥੇ ਨਾ ਕੋਈ ਘੋੜਾ ਨਾ ਕੋਈ ਰੱਥ। ਕਿਉਂਕਿ ਚੋਰ ਦੇ ਪੈਰ ਨਹੀਂ ਹੁੰਦੇ। ਰੱਥ ਵਾਲੇ ਨੂੰ ਪਤਾ ਸੀ ਕਿ ਮੈਂ ਚੋਰੀ ਕੀਤੀ ਹੈ। ਅਗਲੇ ਦਿਨ ਮੂਸੇ ਨੂੰ ਰਾਜੇ ਦੇ ਸਾਹਮਣੇ ਪੇਸ਼ ਕੀਤਾ ਗਿਆ। ਰਾਜੇ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਤੇ ਠੀਕ ਉਸੇ ਦਿਨ, ਜਿਸ ਦਿਨ ਉਸ ਮਿਸਤਰੀ ਦੋਸਤ ਨੇ ਕਿਹਾ ਸੀ, ਉਸ ਨੂੰ ਫਾਂਸੀ ਦੀ ਸਜ਼ਾ ਹੋ ਗਈ। ਫਾਂਸੀ ਤੇ ਚੜਨ ਤੋਂ ਪਹਿਲਾਂ ਮੂਸੇ ਨੇ ਇੱਕ ਬੇਨਤੀ ਕੀਤੀ ਕਿ ਮੈਨੂੰ ਆਪਣੇ ਦੋਸਤ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ। ਸਿਪਾਹੀਆਂ ਨੇ ਕਿਹਾ ਠੀਕ ਹੈ ਤੇਰੀ ਇਹ ਆਖਰੀ ਖਾਹਿਸ਼ ਹੈ ਅਸੀਂ ਮਿਸਤਰੀ ਨੂੰ ਬੁਲਾ ਲੈਂਦੇ ਹਾਂ। ਸਿਪਾਹੀਆਂ ਨੇ ਜਦ ਮਿਸਤਰੀ ਨੂੰ ਬੁਲਾਇਆ ਤਾਂ ਮੂਸੇ ਨੇ ਮਿਸਤਰੀ ਨੂੰ ਪੁੱਛਿਆ ਕਿ ਭਰਾ ਜੇ ਤੈਨੂੰ ਇਹ ਪਤਾ ਸੀ ਕਿ ਮੇਰੇ ਨਾਲ ਇਸ ਤਰਾਂ ਵਾਪਰਨਾ ਹੈ ਤਾਂ ਮੈਨੂੰ ਤੂੰ ਦੱਸ ਦਿੰਦਾ ਤਾਂ ਕਿ ਮੈਂ ਕੋਈ ਹੋਰ ਬਚਾਅ ਕਰ ਸਕਦਾ। ਮਿਸਤਰੀ ਕਹਿੰਦਾ ਨਹੀਂ ਇਹ ਇਸੇ ਤਰ੍ਹਾਂ ਹੀ ਲਿਖਿਆ ਸੀ, ਇਸੇ ਤਰ੍ਹਾਂ ਹੀ ਹੋਣਾ ਸੀ। ਇਨਸਾਨ ਜਿੰਨਾ ਮਰਜੀ ਜੋਰ ਲਗਾ ਲਵੇ ਉਸ ਦੀ ਜਦ ਮੌਤ ਆਈ ਹੈ, ਜਿਸ ਜਗ੍ਹਾ ਤੇ ਆਈ ਹੈ, ਜਿੱਥੇ ਲਿਖੀ ਹੈ, ਉੱਥੇ ਹੀ ਹੋਣੀ ਹੈ। ਪਰਮਾਤਮਾ ਦਾ ਭਾਣਾ ਮੰਨਣਾ ਹੀ ਪੈਣਾ ਹੈ, ਜੋ ਅਟੱਲ ਹੈ । ਉਸਦਾ ਸਿਧਾਂਤ ਹੈ, ਜੋ ਲਿਖਿਆ ਹੈ ਉਸਨੂੰ ਕੋਈ ਟਾਲ ਨਹੀਂ ਸਕਦਾ। ਉਸ ਪਿਛੋਂ ਇਹ ਕਹਾਵਤ ਬਣ ਗਈ ਕਿ

ਮੂਸਾ ਭੱਜਿਆ ਮੌਤ ਤੋਂ ਤੇ ਅੱਗੇ ਮੌਤ ਖੜ੍ਹੀ।

***

# ਕਿਸਮਤ

ਦੋ ਭਰਾ ਕੁੱਤੇ, ਇਕੋ ਹੀ ਮਾਂ ਦੇ ਜਾਏ, ਇੱਕੋ ਸਮੇਂ ਹੀ ਪੈਦਾ ਹੋਏ। ਜਿਸ ਤਰਾਂ ਹੱਥ ਦੀਆਂ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਇਸੇ ਤਰ੍ਹਾਂ ਹਰ ਇੱਕ ਇਨਸਾਨ ਦੀ ਕਿਸਮਤ ਵੀ ਅਲੱਗ ਅਲੱਗ ਹੀ ਹੁੰਦੀ ਹੈ, ਪ੍ਰਮਾਤਮਾ ਇੱਕੋ ਜਿਹੀਆਂ ਦੋ ਵਸਤਾਂ ਬਣਾਉਂਦਾ ਹੀ ਨਹੀਂ। ਕੁਝ ਹੀ ਦਿਨਾਂ ਬਾਅਦ ਇੱਕ ਕੁੱਤੇ ਨੂੰ ਪੁਲੀਸ ਵਿਭਾਗ ਵਾਲੇ 500 ਰੁਪਏ ਦਾ ਖਰੀਦ ਕੇ ਲੈ ਗਏ। ਖ਼ੂਬ ਸਰਕਾਰੀ ਖਾਣਾ ਪੀਣਾ, ਉਨ੍ਹਾਂ ਦੇ ਹਿਸਾਬ ਨਾਲ ਹੀ ਰਹਿਣਾ, ਕੰਮ 'ਤੇ ਜਾਣਾ ਅਤੇ ਆਰਾਮ ਕਰਨਾ। ਉਨ੍ਹਾਂ ਨੇ ਇਸ ਕੁੱਤੇ ਨੂੰ ਟਰੇਂਡ ਕੀਤਾ ਕਿ ਸ਼ੱਕੀ ਵਿਅਕਤੀਆਂ ਅਤੇ ਚੋਰਾਂ ਦੇ ਕੱਪੜਿਆਂ ਆਦਿ ਦੀ ਕਿਸ ਤਰਾਂ ਸੁੰਘ ਕੇ ਤਲਾਸ਼ੀ ਲੈਣੀ ਹੈ, ਕਿਸ ਤਰ੍ਹਾਂ ਕਿਸੇ ਸ਼ੱਕੀ ਵਿਆਕਤੀ ਨੂੰ ਛੁਪੇ ਹੋਏ ਨੂੰ ਸੁੰਘ ਕੇ ਲੱਭਣਾ ਹੈ ਆਦਿ। ਉਹ ਪੂਰੀ ਤਨਦੇਹੀ ਨਾਲ ਸਵੇਰੇ ਨਿਸ਼ਚਤ ਸਮੇਂ ਤੋਂ ਇੱਕ ਨਿਸ਼ਚਤ ਸਮੇਂ ਸ਼ਾਮ ਤੱਕ ਆਪਣੀ ਡਿਊਟੀ ਕਰਦਾ ਤੇ ਖਾ ਪੀ ਕੇ ਆਰਾਮ ਕਰਨ ਲਈ ਲੇਟ ਜਾਂਦਾ। ਉਸਦਾ ਕਿਸੇ ਵਿਅਕਤੀ ਵਿਸ਼ੇਸ਼ ਨਾਲ ਕੋਈ ਵੀ ਪਿਆਰ ਦਾ ਰਿਸ਼ਤਾ ਨਹੀਂ ਸੀ ਹੁੰਦਾ ਅਤੇ ਨਾ ਹੀ ਉਸਨੂੰ ਇਸਦੀ ਕੋਈ ਜ਼ਰੂਰਤ ਸੀ, ਬਸ ਨੌਕਰੀ।

ਇਸਦਾ ਦੂਸਰਾ ਭਰਾ ਕਿਸੇ ਅਮੀਰ ਪ੍ਰੀਵਾਰ ਵਿੱਚ 2000 ਰੁਪਏ ਦੀ ਕੀਮਤ ਅਦਾ ਹੋਣ ਤੋਂ ਬਾਅਦ ਚਲਾ ਗਿਆ। ਪ੍ਰੀਵਾਰ ਵਾਲੇ ਉਸਨੂੰ ਆਪਣੇ ਪ੍ਰੀਵਾਰ ਦਾ ਮੈਂਬਰ ਹੀ ਸਮਝਦੇ ਸਨ। ਉਨ੍ਹਾਂ ਨਾਲ ਉਨ੍ਹਾਂ ਦੀ ਗੱਡੀ ਵਿੱਚ ਹੀ ਘੁੰਮਣ ਲਈ ਜਾਣਾ, ਵਧੀਆ ਬਿਸਤਰ ਤੇ ਸੌਣਾ। ਪ੍ਰੀਵਾਰ ਦੇ ਸਾਰੇ ਬੱਚੇ ਉਸਨੂੰ ਖ਼ੂਬ ਪਿਆਰ ਕਰਦੇ ਅਤੇ ਉਸ ਨਾਲ ਮਸਤੀ ਕਰਦੇ। ਇਹ ਕੁੱਤਾ ਆਪਣੇ ਮਾਲਿਕ ਦੀ ਅਤੇ ਉਸਦੇ ਪ੍ਰੀਵਾਰ ਦੀ ਸੁਰੱਖਿਆ ਵੀ ਤਨਦੇਹੀ ਨਾਲ ਕਰਦਾ।

ਦਸ ਸਾਲ ਬਾਅਦ ਉਨ੍ਹਾਂ ਦੋਹਾਂ ਦੇ ਜੀਵਨ ਵਿੱਚ ਇੱਕ ਅਹਿਮ ਘਟਨਾ ਘਟੀ। ਪੁਲੀਸ ਵਾਲਿਆਂ ਨੇ ਕੁੱਤੇ ਨੂੰ ਸੇਵਾ-ਮੁਕਤ ਕਰ ਦਿੱਤਾ। ਖ਼ੂਬ ਉਸਦੀ ਸੇਵਾ ਦੀਆਂ ਸਿਫਤਾਂ ਕੀਤੀਆਂ ਗਈਆਂ। ਹਾਰ ਪਾਏ ਗਏ ਅਤੇ ਇਸਨੂੰ ਇੱਕ ਵੱਖਰੇ ਖੁੱਲ੍ਹੇ ਕਮਰੇ ਵਿੱਚ ਰੱਖ ਦਿੱਤਾ। ਉਸਨੂੰ ਖਾਣ-ਪੀਣ ਲਈ ਸਭ ਕੁਝ ਮਿਲਦਾ ਪ੍ਰੰਤੂ ਉਸਨੂੰ ਕੋਈ ਵੀ ਪਿਆਰ ਨਾਲ ਮਿਲਣ ਲਈ ਨਹੀਂ ਸੀ ਆਉਂਦਾ। ਪੁਲੀਸ ਵਾਲਿਆਂ ਨੇ ਉਸ ਕੁੱਤੇ ਨੂੰ ਵੇਚਣ ਲਈ ਇਸ਼ਤਿਹਾਰ ਦੇ ਦਿੱਤਾ। ਕੋਈ ਜਿਆਦਾ ਖਰੀਦਦਾਰ ਨਹੀਂ ਆਏ। ਇੱਕ ਨੇਕ ਇਨਸਾਨ ਨੇ ਉਸ ਕੁੱਤੇ ਉਪਰ ਤਰਸ ਕਰਕੇ 2500 ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਅਤੇ ਆਪਣੇ ਘਰ ਲੈ ਗਿਆ।

ਦੂਸਰਾ ਭਰਾ ਕਿਸੇ ਤਰਾਂ ਗੁੰਮ ਹੋ ਗਿਆ ਅਤੇ ਉਸਦੇ ਮਾਲਿਕ, ਬੱਚੇ ਅਤੇ ਪ੍ਰੀਵਾਰ ਬਹੁਤ ਪ੍ਰੇਸ਼ਾਨ ਹੋਏ। ਆਸ ਪਾਸ ਬਹੁਤ ਲੱਭਣ ਦੀ ਕੋਸ਼ਿਸ਼ ਵੀ ਬੇਕਾਰ ਰਹੀ। ਉਨ੍ਹਾਂ ਨੇ ਇੱਕ ਸਥਾਨਕ ਅਖ਼ਬਾਰ ਵਿੱਚ ਫ਼ੋਟੋ ਦੇ ਨਾਲ ਇਸ਼ਤਿਹਾਰ ਦੇ

ਦਿੱਤਾ ਕਿ ਜਿਹੜਾ ਵੀ ਕੋਈ ਸਾਡੇ ਇਸ ਕੁੱਤੇ ਨੂੰ ਲੱਭ ਕੇ ਲਿਆਏ ਜਾਂ ਇਸ ਬਾਰੇ ਇਤਲਾਹ ਦੇਵੇਗਾ ਉਸਨੂੰ ਢਾਈ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਦੋਨੋ ਹੀ ਕੁੱਤੇ, ਇੱਕੋ ਮਾਂ ਦੇ ਜਾਏ, ਇੱਕੋ ਹੀ ਉਮਰ ਪ੍ਰੰਤੂ ਕਿਸਮਤ ਅਲੱਗ ਅਲੱਗ। ਇੱਕ ਨੂੰ ਲੱਭਣ ਲਈ ਢਾਈ ਲੱਖ ਦਾ ਇਨਾਮ ਅਤੇ ਦੂਸਰੇ ਨੂੰ ਵੇਚਣ ਲਈ ਢਾਈ ਹਜ਼ਾਰ ਰੁਪਏ ਦੀ ਮੰਗ।

ਦੋਸਤੋ, ਸਾਡਾ ਇਨਸਾਨਾਂ ਦਾ ਵੀ ਅਜਿਹਾ ਹੀ ਹਾਲ ਹੈ। ਅਸੀਂ ਜਦੋਂ ਆਪਣੇ ਅਹੁਦੇ 'ਤੇ ਹੁੰਦੇ ਹਾਂ ਤਾਂ ਅਸੀਂ ਕਿਸੇ ਟੁੰਡੀ ਲਾਟ ਦੀ ਵੀ ਪ੍ਰਵਾਹ ਨਹੀਂ ਕਰਦੇ ਅਤੇ ਕਿਸੇ ਨਾਲ ਵੀ ਪਿਆਰ ਨਹੀਂ ਪਾਲਦੇ, ਸਿਰਫ਼ ਅਹੰਕਾਰ ਹੀ ਅਹੰਕਾਰ, ਘੁੰਮੰਡ ਵਿੱਚ ਅਸੀਂ ਸੜੇ-ਭੁੱਜੇ ਰਹਿੰਦੇ ਹਾਂ, ਪਿਆਰ ਅਸੀਂ ਕਿਸੇ ਨੂੰ ਦਿੰਦੇ ਨਹੀਂ ਅਤੇ ਸਾਨੂੰ ਵੀ ਪਿਆਰ ਮਿਲਦਾ ਨਹੀਂ। ਅਸੀਂ ਸਿਰਫ ਇੱਕ ਮਸ਼ੀਨ ਦੀ ਤਰਾਂ ਹੀ ਆਪਣਾ ਜੀਵਨ ਬਤੀਤ ਕਰਦੇ ਹਾਂ। ਦੂਸਰੇ ਪਾਸੇ ਘਰੇਲੂ ਕੁੱਤੇ ਦੀ ਤਰਾਂ ਜਦ ਅਸੀਂ ਕਿਸੇ ਦੂਸਰੇ ਦੇ ਦਿਲਾਂ ਵਿੱਚ ਸਥਾਨ ਬਣ ਲੈਂਦੇ ਹਾਂ ਤਾਂ ਸਾਨੂੰ ਆਪਣੀ ਜਵਾਨੀ ਭਰ ਤਾਂ ਖੁਸ਼ੀ ਮਿਲਦੀ ਹੀ ਹੈ, ਅਸੀਂ ਬੁੜ੍ਹਾਪੇ ਵਿੱਚ ਵੀ ਆਪਣੇ ਦੋਸਤਾਂ ਮਿੱਤਰਾਂ ਅਤੇ ਪਿਆਰ ਕਰਨ ਵਾਲਿਆਂ ਵਿੱਚ ਘਿਰੇ ਰਹਿੰਦੇ ਹਾਂ। ਸਾਨੂੰ ਆਪਣੀ ਜਵਾਨੀ ਵਿੱਚ ਹੀ ਆਪਣੇ ਬੁੜ੍ਹਾਪੇ ਦਾ ਸਮਾਨ ਤਿਆਰ ਕਰ ਲੈਣਾ ਚਾਹੀਦਾ ਤਾਂ ਕਿ ਸਭ ਤੋਂ ਵੱਡਾ ਰੋਗ, ਬੁਢਾਪਾ, ਆਰਾਮ ਨਾਲ ਕੱਟ ਸਕੇ।

ਦੋਸਤੋ, ਪਿਆਰ ਨਾਲ ਜ਼ਿੰਦਗੀ ਬੜੇ ਆਰਾਮ ਨਾਲ ਕਟ ਜਾਂਦੀ ਹੈ ਜਦੋ ਕਿ ਨਫ਼ਰਤ ਦੀ ਅੱਗ ਅਤੇ ਘ੍ਰਿਣਾ ਨਾਲ ਜ਼ਿੰਦਗੀ ਸਿਵਾਏ ਨਰਕ ਦੇ ਹੋਰ ਕੁਝ ਵੀ ਨਹੀਂ ਹੋ ਸਕਦੀ। ਇਸ ਲਈ ਦੋਸਤੋ-ਜੋ ਬੀਜੋਗੇ ਓਹੀ ਕੱਟੋਗੇ।

✲✲✲

# ਸਿਮਰਨ

ਸਿਮਰਨ ਇਕ ਖਾਨਦਾਨੀ ਅਮੀਰ ਬੱਚਾ ਸੀ। ਉਸ ਦੇ ਮਾਤਾ ਪਿਤਾ ਹੀਰੇ ਜਵਾਹਰਾਤ ਦੇ ਬਹੁਤ ਵੱਡੇ ਕਾਰੋਬਾਰੀ ਸਨ ਅਤੇ ਉਹਨਾਂ ਨੇ ਬੇ-ਤਹਾਸ਼ਾ ਜਾਇਦਾਦ, ਸੋਨਾ, ਚਾਂਦੀ, ਹੀਰੇ, ਜਵਾਹਰਾਤ ਬਹੁਤ ਕੁਝ ਇਕੱਠਾ ਕੀਤਾ ਸੀ। ਸਿਮਰਨ ਉਸ ਸਭ ਦਾ ਇਕੱਲਾ ਹੀ ਮਾਲਕ ਸੀ।

ਅੱਜ ਤੋਂ ਤਕਰੀਬਨ 15 ਸਾਲ ਪਹਿਲਾਂ ਸਿਮਰਨ ਦੀ ਸ਼ਾਦੀ ਪ੍ਰੀਤ ਨਾਲ ਬੜੀ ਧੂਮ ਧਾਮ ਨਾਲ ਹੋਈ। ਪ੍ਰੀਤ ਜਦ ਆਪਣੇ ਸਹੁਰੇ ਘਰ ਪਹਿਲੀ ਵਾਰ ਆਈ ਤਾਂ ਉਸ ਨੇ ਜੋ ਕੁਝ ਆਪਣੇ ਵਿਆਹ ਤੋਂ ਪਹਿਲਾਂ ਆਪਣੇ ਸਹੁਰੇ ਪਰਿਵਾਰ ਬਾਰੇ ਸੁਣਿਆ ਸੀ, ਕਿ ਉਹ ਬੇਹੱਦ ਅਮੀਰ ਪ੍ਰੀਵਾਰ ਹੈ, ਉਹ ਸੱਚ ਪਾਇਆ ਅਤੇ ਉਸਨੇ ਦੇਖਿਆ ਕਿ ਘਰ ਵਿੱਚ ਮਾਇਆ ਦੀ ਬਹੁਤਾਤ ਹੈ, ਸੋਨੇ ਚਾਂਦੀ ਦਾ ਕੋਈ ਹਿਸਾਬ ਹੀ ਨਹੀਂ ਅਤੇ ਉਸ ਦੇ ਮਨ ਵਿੱਚ ਲਾਲਚ ਆ ਗਿਆ। ਉਸਨੇ ਜਦ ਵੀ ਮੌਕਾ ਮਿਲਿਆ, ਸੋਨਾ ਚਾਂਦੀ ਅਤੇ ਪੈਸੇ ਆਪਣੀ ਮਾਤਾ ਨੂੰ ਲੁਕਵੇਂ ਢੰਗ, ਗ਼ਲਤ ਤਰੀਕੇ ਨਾਲ ਦੇ ਦੇਣੇ। ਇੱਥੇ ਸਿਮਰਨ ਦੇ ਘਰੇ ਕਿਸੇ ਗੱਲ ਦੀ ਕੋਈ ਕਮੀ ਨਹੀਂ ਸੀ ਅਤੇ ਨਾ ਹੀ ਉਹਨਾਂ ਨੇ ਕਦੇ ਸੋਚਿਆ ਸੀ ਕਿ ਉਹਨਾਂ ਦੇ ਘਰ ਦੀ ਨੂੰਹ ਉਹਨਾਂ ਨਾਲ ਇਸ ਤਰਾਂ ਕਰੇਗੀ, ਪਰ ਇਹ ਹੋ ਰਿਹਾ ਸੀ। ਪ੍ਰੀਤ ਨੂੰ ਇਹ ਸਭ ਕੁਝ ਕਰਦਿਆਂ ਕਈ ਸਾਲ ਲੰਘ ਗਏ ਸਨ ਅਤੇ ਉਹਨਾਂ ਦੇ ਘਰੇ ਦੋ ਬੱਚੀਆਂ ਵੀ ਸਨ। ਕਿਉਂਕਿ ਸਿਮਰਨ ਇੱਕ ਬਹੁਤ ਬੇਪਰਵਾਹ ਇਨਸਾਨ ਸੀ ਪਰ ਦਿਲ ਦਾ ਬਹੁਤ ਅਮੀਰ ਸੀ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਪ੍ਰੀਤ ਇਸ ਤਰਾਂ ਕਰੇਗੀ। ਇਕ ਦਿਨ ਅਚਾਨਕ ਇਸ ਸਭ ਕੁਝ ਦਾ ਪਤਾ ਸਿਮਰਨ ਨੂੰ ਲੱਗ ਜਾਂਦਾ ਹੈ। ਉਸ ਨੇ ਪ੍ਰੀਤ ਨੂੰ ਸਮਝਾਇਆ ਕਿ ਇਹ ਜੋ ਕੁਝ ਹੋ ਰਿਹਾ ਹੈ ਗਲਤ ਹੈ ਪਰ ਪ੍ਰੀਤ ਆਪਣੇ ਪੈਰਾਂ 'ਤੇ ਪਾਣੀ ਹੀ ਨਾ ਪੈਣ ਦੇਵੇ ਅਤੇ ਉਸਨੇ ਕੋਈ ਵੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਜਦਕਿ ਸਿਮਰਨ ਨੇ ਇਹ ਸਭ ਕੁਝ ਆਪਣੇ ਅੱਖੀਂ ਦੇਖਿਆ ਸੀ। ਸਿਮਰਨ ਨੇ ਫੈਸਲਾ ਕਰ ਲਿਆ ਕਿ ਜੇ ਇਹ ਔਰਤ 10 ਸਾਲ ਤੱਕ ਮੇਰੇ ਨਾਲ ਰਹਿ ਕੇ ਵੀ ਦਗਾ ਕਮਾਉਂਦੀ ਹੈ ਤਾਂ ਅੱਗੇ ਲਈ ਇਸ ਤੋਂ ਮੈਂ ਕੀ ਉਮੀਦ ਕਰ ਸਕਦਾ ਹਾਂ।

ਸਿਮਰਨ ਨੇ ਇੱਕ ਦਿਨ ਵਕੀਲ ਨੂੰ ਮਿਲ ਕੇ ਤਲਾਕ ਦੇ ਕਾਗਜ਼ ਪੱਤਰ ਤਿਆਰ ਕਰਵਾ ਲਏ ਅਤੇ ਪ੍ਰੀਤ ਨੂੰ ਫੜਾ ਦਿੱਤੇ ਅਤੇ ਉਸਨੂੰ ਸਮਾਂ ਦੇ ਦਿੱਤਾ ਤਾਂ ਕਿ ਕਿਸੇ ਨਾਲ ਸਲਾਹ ਮਸ਼ਵਰਾ ਕਰਨਾ ਹੈ ਤਾਂ ਕਰ ਲਵੇ ਅਤੇ ਇਨ੍ਹਾਂ ਕਾਗਜ਼ਾਂ ਉਪੱਰ ਦਸਤਖ਼ਤ ਕਰ ਦੇਵੇ। ਪ੍ਰੀਤ ਬਹੁਤ ਤੜਫੀ ਤੇ ਬਹੁਤ ਮਿੰਨਤ ਤਰਲਾ ਕੀਤਾ ਕਿ ਉਹ ਇਸ ਤਰਾਂ ਨਾ ਕਰੇ, ਪਰ ਸਿਮਰਨ ਨੇ ਆਪਣਾ ਫੈਸਲਾ ਨਾ ਬਦਲਿਆ ਅਤੇ ਕੀਤੇ ਹੋਏ ਫੈਸਲੇ ਤੇ ਅੱਗੇ ਵਧਣ ਦਾ ਆਪਣਾ ਫੈਸਲਾ ਕਾਇਮ ਰਖਿਆ।

ਘਰ ਵਿੱਚ ਇਸ ਤਰਾਂ ਦੋ ਹਫਤੇ ਤੱਕ ਬਹਿਸ ਚਲਦੀ ਰਹੀ ਪਰ ਸਿਮਰਨ ਆਪਣੇ ਫੈਸਲੇ 'ਤੇ ਦ੍ਰਿੜ ਸੀ। ਹੁਣ ਪ੍ਰੀਤ ਨੂੰ ਵੀ ਪਤਾ ਲੱਗ ਗਿਆ ਸੀ ਕਿ ਸਿਵਾਏ ਕਾਗਜਾਂ ਉੱਪਰ ਦਸਤਖਤ ਕਰਨ ਤੋਂ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਹੈ। ਉਸ ਨੇ ਆਪਣੀ ਬਣਦੇ ਹਿੱਸੇ ਦੀ ਜਾਇਦਾਦ ਲੈ ਲਈ ਅਤੇ ਬੱਚੀਆਂ ਸਮੇਤ ਆਪਣੇ ਵੱਖਰੇ ਘਰ ਵਿੱਚ ਰਹਿਣ ਲੱਗ ਪਈ ।

ਸਿਮਰਨ ਦੇ ਮਾਂ ਪਿਓ ਵੀ ਬਿਰਧ ਸਨ, ਉਹ ਵੀ ਬਹੁਤ ਕਲਪੇ ਪਰ ਹੁਣ ਕੁਛ ਨਹੀਂ ਸੀ ਬਣ ਸਕਦਾ। ਕੁਝ ਸਮਾਂ ਬੀਤਿਆ ਸਿਮਰਨ ਨੇ ਆਪਣੇ ਬੁੱਢੇ ਮਾਂ ਬਾਪ ਦੀ ਸੇਵਾ ਲਈ ਇੱਕ ਵਾਰ ਫਿਰ ਤੋਂ ਵਿਆਹ ਕਰਾਉਣ ਬਾਰੇ ਸੋਚਿਆ। ਕਈ ਥਾਂਈਂ ਗੱਲ ਚੱਲੀ ਅਖੀਰ ਵਿੱਚ ਇੱਕ ਔਰਤ ਨਾਲ ਵਿਆਹ ਕਰਨ ਦਾ ਸੋਚਿਆ ਜਿਸ ਦਾ ਕਿ ਘਰ ਵਾਲਾ ਪਹਿਲਾਂ ਹੀ ਮਰ ਚੁੱਕਿਆ ਸੀ ਅਤੇ ਉਸਦੇ ਇੱਕ ਬੱਚਾ ਵੀ ਸੀ।

ਅੱਜ ਰਸਮ ਪੂਰੀ ਕੀਤੀ ਗਈ। ਗੁਰਮੀਤ ਅਤੇ ਸਿਮਰਨ ਦੀ ਸ਼ਾਦੀ ਹੋ ਗਈ। ਚਾਵਾਂ ਨਾਲ ਗੁਰਮੀਤ ਨੂੰ ਘਰੇ ਲਿਆਂਦਾ ਗਿਆ। ਜਦ ਇਸ ਗੱਲ ਦਾ ਪਤਾ ਪ੍ਰੀਤ ਨੂੰ ਲੱਗਿਆ ਤਾਂ ਉਸਨੂੰ ਬਹੁਤ ਅਫਸੋਸ ਹੋਇਆ, ਆਪਣੇ ਕੀਤੇ ਦਾ ਬਹੁਤ ਪਛਤਾਵਾ ਹੋਇਆ ਪਰ ਹੁਣ ਕੁਛ ਨਹੀਂ ਸੀ ਹੋ ਸਕਦਾ, ਸਮਾਂ ਬੀਤ ਚੁੱਕਿਆ ਸੀ। ਗੁਰਮੀਤ ਕਿਉਂਕਿ ਬਹੁਤ ਗਰੀਬ ਘਰ ਚੋਂ ਆਈ ਸੀ ਉਸ ਨੂੰ ਤਾਂ ਸਿਰਫ ਇੱਕ ਸਹਾਰਾ ਹੀ ਚਾਹੀਦਾ ਸੀ ਕਿਉਂਕਿ ਉਸਨੇ ਆਪਣੀ ਜਿੰਦਗੀ ਵਿੱਚ ਬਹੁਤ ਠੋਕਰਾਂ ਖਾਧੀਆਂ ਸਨ। ਸੋ ਉਹ ਇਸ ਪਰਿਵਾਰ ਵਿੱਚ ਆ ਕੇ ਧੰਨ ਕਰਦੀ ਸੀ। ਉਸਨੇ ਸਿਮਰਨ ਦੇ ਮਾਂ-ਪਿਓ ਦੀ ਤਨੋ ਮਨੋ ਸੇਵਾ ਕੀਤੀ ਅਤੇ ਉਹਨਾਂ ਦਾ ਮਨ ਜਿੱਤ ਲਿਆ। ਸਿਮਰਨ ਦੇ ਮਾਂ-ਪਿਓ ਵੀ ਗੁਰਮੀਤ ਦੀ ਸੇਵਾ ਤੇ ਬਹੁਤ ਖੁਸ਼ ਸਨ।

ਕਿਉਂਕਿ ਸਿਮਰਨ ਨੂੰ ਇਹ ਅਦਾਲਤ ਵੱਲੋਂ ਅਧਿਕਾਰ ਸੀ ਕਿ ਉਹ ਆਪਣੇ ਬੱਚਿਆਂ ਨੂੰ ਹਫਤੇ ਵਿੱਚ ਇੱਕ ਵਾਰ ਮਿਲ ਸਕਦਾ ਸੀ ਅਤੇ ਉਸਨੇ ਇਹ ਜਾਰੀ ਰੱਖਿਆ। ਇਸ ਦੌਰਾਨ ਕਦੇ ਕਦੇ ਉਸ ਦੀ ਪ੍ਰੀਤ ਨਾਲ ਵੀ ਹੈਲੋ ਹਾਏ ਹੋ ਜਾਂਦੀ ਪਰ ਜਿਆਦਾ ਨਹੀਂ। ਸਮਾਂ ਬੀਤਦਾ ਗਿਆ। ਅਚਾਨਕ ਸਿਮਰਨ ਦੀ ਵੱਡੀ ਬੇਟੀ ਬਹੁਤ ਬਿਮਾਰ ਹੋ ਗਈ ਅਤੇ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਾਉਣਾ ਪਿਆ। ਜਦ ਡਾਕਟਰਾਂ ਨੇ ਉਸਦਾ ਨਰੀਖਣ ਕੀਤਾ ਤਾਂ ਉਹਨਾਂ ਨੇ ਇਹ ਪਾਇਆ ਕਿ ਇਸ ਨੂੰ bone marrow ਦੀ ਕਮੀ ਹੈ। ਜਦ ਇਸ ਬਾਰੇ ਸਿਮਰਨ ਨੂੰ ਪਤਾ ਲੱਗਿਆ ਤਾਂ ਉਸ ਨੇ ਵੀ ਪ੍ਰੀਤ ਨਾਲ ਗੱਲ ਕੀਤੀ। ਪ੍ਰੀਤ ਨੇ ਕਿਹਾ ਕਿ ਇਸ ਨੂੰ bone marrow ਚਾਹੀਦਾ ਹੈ ਇਹ ਜਾਂ ਤਾਂ ਪਿਤਾ ਜਾਂ ਮਾਤਾ ਦਾ bone marrow ਹੀ ਮਿਲ ਸਕਦਾ ਹੈ। ਸਿਮਰਨ ਨੇ ਹਸਪਤਾਲ ਵਿੱਚ ਜਾ ਕੇ ਚੈੱਕ ਕਰਵਾਇਆ ਤਾਂ ਉਸ ਦਾ bone marrow ਆਪਣੀ ਬੱਚੀ ਨਾਲ ਮੇਲ ਖਾ

ਗਿਆ। ਉਸਨੇ ਤੁਰੰਤ ਡਾਕਟਰਾਂ ਨੂੰ ਕਹਿ ਦਿੱਤਾ ਕਿ ਤੁਸੀਂ ਮੇਰਾ bone marrow ਲੈ ਕੇ ਮੇਰੀ ਬੱਚੀ ਨੂੰ ਬਚਾਓ। ਡਾਕਟਰਾਂ ਨੇ ਆਪਣੀ ਪੂਰੀ ਕੋਸ਼ਿਸ਼ ਕਰਕੇ ਸਿਮਰਨ ਦਾ bone marrow ਲੈ ਕੇ ਉਸ ਦੀ ਬੇਟੀ ਨੂੰ ਲਗਾ ਦਿੱਤਾ ਅਤੇ ਬੱਚੀ ਦੀ ਜਾਨ ਬਚਾ ਲਈ। ਆਪਣੀ ਬੱਚੀ ਦੀ ਜਾਨ ਬਚ ਜਾਣ ਤੇ ਪ੍ਰੀਤ ਬਹੁਤ ਖੁਸ਼ ਹੋਈ ਅਤੇ ਉੱਥੇ ਉਸ ਨੂੰ ਪਛਤਾਵਾ ਵੀ ਬਹੁਤ ਹੋਇਆ ਕਿ ਉਹ ਕੀ ਕਰ ਬੈਠੀ ਹੈ, ਕਿਉਂ ਕਰ ਬੈਠੀ ਹੈ, ਥੋੜੇ ਜਿਹੇ ਲਾਲਚ ਨੇ ਉਸ ਦੀ ਜਿੰਦਗੀ ਬਰਬਾਦ ਕਰ ਦਿੱਤੀ। ਅੱਜ ਉਸ ਕੋਲ ਆਪਣੀ ਮਾਂ ਵੀ ਨਹੀਂ ਸੀ ਬਚੀ ਜਿਸ ਕੋਲ ਉਹ ਦੁਖ-ਸੁਖ ਕਰ ਸਕੇ। ਬੇਸ਼ੱਕ ਅੱਜ ਉਸ ਕੋਲ ਆਪਣਾ ਘਰ, ਨੌਕਰੀ, ਕਾਰ ਸਭ ਕੁਝ ਹੈ ਪਰ ਜੋ ਸੁਖ ਉਸਨੂੰ ਸਿਮਰਨ ਦੇ ਨਾਲ ਹੁੰਦਿਆਂ ਸਿਮਰਨ ਦੇ ਘਰੋਂ ਮਿਲਦੇ ਸਨ ਉਹ ਸਾਰੇ ਸੁੱਖਾਂ ਤੋਂ ਵਾਂਝੀ ਹੋ ਗਈ ਹੈ।

✲✲✲

# ਸਤਯੁੱਗੀ ਦੋਸਤ

ਰਾਮ ਸ਼ਰਨ ਘਰ ਦਾ ਮੁਖੀਆ ਸੀ । ਇੱਕ ਦਿਨ ਉਸ ਦੀ ਤਬੀਅਤ ਅਚਾਨਕ ਖਰਾਬ ਹੋ ਗਈ ਤੇ ਹਸਪਤਾਲ ਤੱਕ ਪਹੁੰਚਦੇ ਪਹੁੰਚਦੇ ਉਸ ਦੀ ਮੌਤ ਹੋ ਗਈ। ਉਸਦੇ ਪਿੱਛੇ ਉਸਦੀ ਪਤਨੀ ਅਤੇ ਇੱਕਲੌਤਾ ਬੇਟਾ ਰਹਿ ਗਏ ਸਨ। ਕਿਉਂਕਿ ਰਾਮ ਸ਼ਰਨ ਇਕੱਲਾ ਹੀ ਘਰ ਦਾ ਕਮਾਊ ਮੁਖੀਆ ਸੀ ਅਤੇ ਬੇਟਾ ਕਰਮੂ ਅਜੇ ਛੋਟਾ ਸੀ। ਉਸ ਦੀ ਪਤਨੀ ਭਾਨੀ, ਕੋਈ ਕੰਮ ਕਾਜ ਨਹੀਂ ਸੀ ਕਰਦੀ। ਹਾਲਾਤ ਇਹ ਹੋ ਗਏ ਕਿ ਦੋ ਵਕਤ ਦੀ ਰੋਟੀ ਦੇ ਲਾਲੇ ਪੈ ਗਏ। ਕਰਮੂ ਦੀ ਪੜ੍ਹਾਈ ਬੰਦ ਹੋ ਗਈ ਅਤੇ ਉਸਦੀ ਮਾਂ ਹੁਣ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਆਪਣੇ ਬੇਟੇ ਨੂੰ ਪਾਲ ਰਹੀ ਸੀ। ਉਹ ਵੀ ਬਜ਼ੁਰਗ ਹੋ ਗਈ ਅਤੇ ਕਰਮੂ ਅਜੇ 18-19 ਸਾਲ ਦਾ ਹੀ ਹੋਇਆ ਸੀ ਕਿ ਘਰ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ ਕਿਉਂਕਿ ਕਰਮੂ ਦੀ ਮਾਂ ਦੀ ਬਿਮਾਰੀ ਉਪਰ ਬਹੁਤ ਖਰਚ ਹੋ ਗਿਆ ਸੀ।

ਅੱਜ ਕਰਮੂ ਦੀ ਮਾਂ ਨੇ ਕਰਮੂ ਨੂੰ ਕਿਹਾ ਕਿ ਬੇਟਾ ਆਪਣੇ ਕੋਲ ਇੱਕ ਆਖਰੀ ਪੂੰਜੀ ਬਚੀ ਹੈ, ਉਹ ਹੈ ਤੇਰੇ ਪਿਤਾ ਜੀ ਦਾ ਦਿੱਤਾ ਹੋਇਆ ਹੀਰਿਆਂ ਦਾ ਹਾਰ। ਇਹ ਤੂੰ ਵੇਚਕੇ ਆ ਅਤੇ ਚਾਰ ਪੈਸੇ ਆਉਣਗੇ ਤਾਂ ਫਿਰ ਆਪਣਾ ਘਰ ਦਾ ਗੁਜਾਰਾ ਚਲੇਗਾ। ਬੇਟੇ ਨੇ ਹੀਰਿਆਂ ਦਾ ਹਾਰ ਲਿਆ ਅਤੇ ਆਪਣੇ ਪਿਤਾ ਦੇ ਇੱਕ ਦੋਸਤ ਜੌਹਰੀ ਕੋਲ ਚਲਾ ਗਿਆ। ਨਮਸਤੇ ਬੁਲਾਈ ਅਤੇ ਕਿਹਾ ਅੰਕਲ ਜੀ ਇਹ ਮੇਰੇ ਪਾਪਾ ਦਾ ਹੀਰਿਆਂ ਦਾ ਹਾਰ ਹੈ ਜਿਹੜਾ ਉਹਨਾਂ ਨੇ ਔਖੇ ਵੇਲੇ ਲਈ ਸੰਭਾਲ ਕੇ ਰੱਖਿਆ ਸੀ, ਇਹ ਮੈਂ ਵੇਚਣਾ ਹੈ ਕਿਉਂਕਿ ਘਰ ਦੇ ਹਾਲਾਤ ਬਹੁਤ ਖਰਾਬ ਹਨ ਅਤੇ ਸਾਡੇ ਘਰ ਵਿੱਚ ਰੋਟੀ ਦੇ ਲਾਲੇ ਪਏ ਹੋਏ ਹਨ। ਉਹ ਜੋਹਰੀ ਬਹੁਤ ਸਿਆਣਾ ਸੀ ਅਤੇ ਸਮਝਦਾਰ ਵੀ ਸੀ ਅਤੇ ਉਹਨਾਂ ਦੀ ਮਜਬੂਰੀ ਨੂੰ ਵੀ ਸਮਝਦਾ ਸੀ। ਹਾਲਾਤ ਨੂੰ ਦੇਖਦੇ ਹੋਏ ਉਸ ਜੌਹਰੀ ਨੇ ਆਪਣੇ ਦੋਸਤ ਦੇ ਬੇਟੇ ਨੂੰ ਕਿਹਾ ਕਿ ਬੇਟੇ ਦੇਖ ਇਹ ਹਾਰ ਬਹੁਤ ਕੀਮਤੀ ਹੈ, ਇਸ ਨੂੰ ਤੂੰ ਅਜੇ ਨਾ ਵੇਚ,ਕਿਉਂਕਿ ਅਜੇ ਮੰਦਾ ਚੱਲ ਰਿਹਾ ਹੈ। ਤੂੰ ਇੱਕ ਕੰਮ ਕਰ ਮੇਰੇ ਕੋਲ ਦੁਕਾਨ ਤੇ ਆਇਆ ਕਰ, ਮੈਂ ਤੈਨੂੰ ਕੰਮ ਦੇ ਦੇਵਾਂਗਾ। ਇਸ ਨਾਲ ਤੇਰੇ ਘਰ ਦਾ ਗੁਜ਼ਾਰਾ ਚੱਲਣਾ ਸ਼ੁਰੂ ਹੋ ਜਾਏਗਾ ਤੇ ਹੌਲੀ ਹੌਲੀ ਜਦੋਂ ਮੰਦੀ ਖਤਮ ਹੋ ਗਈ ਤਾਂ ਇਹ ਹਾਰ ਆਪਾਂ ਵੇਚ ਦੇਵਾਂਗੇ। ਕਰਮੂ ਨੇ ਜੌਹਰੀ ਦੀ ਇਹ ਗੱਲ ਮੰਨ ਲਈ ਅਤੇ ਹਾਰ ਵਾਪਸ ਆਪਣੀ ਮਾਤਾ ਨੂੰ ਫੜਾ ਦਿੱਤਾ। ਅਗਲੇ ਹੀ ਦਿਨ ਤੋਂ ਕਰਮੂ ਉਸ ਜੌਹਰੀ ਦੀ ਦੁਕਾਨ 'ਤੇ ਕੰਮ ਕਰਨ ਲਈ ਜਾਣ ਲੱਗ ਪਿਆ। ਹਰ ਮਹੀਨੇ ਪੈਸੇ ਆਉਣ ਲੱਗ ਪਏ, ਘਰ ਦਾ ਗੁਜਾਰਾ ਹੋਣ ਲੱਗ ਪਿਆ। ਸਮਾਂ ਬੀਤਦਾ ਗਿਆ ਅਤੇ ਸਮੇਂ ਦੇ ਨਾਲ ਹਾਲਾਤ ਵੀ ਬਦਲਦੇ ਗਏ।

ਅੱਜ ਚਾਰ ਸਾਲ ਬਾਅਦ ਕਰਮੂ ਉਹੀ ਹਾਰ ਲੈ ਕੇ ਆਪਣੀ ਮਾਂ ਨੂੰ ਕਹਿੰਦਾ

ਕਿ ਮਾਂ ਲਿਆ ਆਪਾਂ ਹੁਣ ਹਾਰ ਵੇਚ ਦਿੰਦੇ ਹਾਂ ਕਿਉਂਕਿ ਹੁਣ ਹਾਲਾਤ ਠੀਕ ਹਨ, ਹੁਣ ਮੰਦੀ ਨਹੀਂ ਹੈ। ਮਾਤਾ ਨੇ ਉਹ ਹਾਰ ਕੱਢ ਕੇ ਕਰਮੂ ਨੂੰ ਦੇ ਦਿੱਤਾ। ਜਦ ਕਰਮੂ ਨੇ ਉਸ ਹਾਰ ਨੂੰ ਗੌਹ ਨਾਲ ਤਕਿਆ ਤਾਂ ਦੇਖਿਆ ਕਿ ਇਹ ਹੀਰੇ ਤਾਂ ਨਕਲੀ ਹਨ। ਉਹ ਹਾਰ ਲੈ ਕੇ ਆਪਣੇ ਦੁਕਾਨਦਾਰ ਮਾਲਕ ਕੋਲ ਚਲਾ ਗਿਆ। ਉਸ ਨੂੰ ਜਾ ਕੇ ਹਾਰ ਦਿਖਾਇਆ ਅਤੇ ਕਿਹਾ ਕਿ ਇਹ ਹੀਰੇ ਤਾਂ ਨਕਲੀ ਹਨ। ਇਸ ਬਾਰੇ ਤੁਸੀਂ ਸਾਨੂੰ ਉਸ ਦਿਨ ਕਿਉਂ ਨਹੀਂ ਦੱਸਿਆ ਤਾਂ ਉਸ ਜੌਹਰੀ ਨੇ ਕਰਮੂ ਨੂੰ ਦੱਸਿਆ ਕਿ ਜੇ ਉਸ ਦਿਨ ਮੈਂ ਤੈਨੂੰ ਦੱਸ ਦਿੰਦਾ ਕਿ ਇਹ ਹੀਰੇ ਨਕਲੀ ਹਨ ਤਾਂ ਤੁਹਾਡਾ ਮਾਂ ਪੁੱਤ ਦਾ ਦਿਲ ਟੁੱਟ ਜਾਣਾ ਸੀ ਅਤੇ ਹੌਂਸਲਾ ਪਸਤ ਹੋ ਜਾਣਾ ਸੀ ਤੇ ਨਾਲ ਹੀ ਤੁਸੀਂ ਇਹ ਕਹਿਣਾ ਸੀ ਕਿ ਮੇਰੇ ਪਿਤਾ ਜੀ ਦੇ ਦੋਸਤ ਨੇ ਸਸਤੇ ਵਿੱਚ ਇਹ ਹੀਰਿਆਂ ਦਾ ਹਾਰ ਰੱਖਣ ਲਈ ਝੂਠ ਬੋਲਿਆ ਹੈ ਕਿ ਇਹ ਨਕਲੀ ਹਨ। ਹੁਣ ਤੈਨੂੰ ਆਪ ਨੂੰ ਸਮਝ ਆ ਗਈ ਹੈ ਅਤੇ ਤੂੰ ਹੁਣ ਖ਼ੁਦ ਪਰਖ ਕਰ ਸਕਦਾ ਹੈ ਕਿ ਅਸਲੀ ਅਤੇ ਨਕਲੀ ਹੀਰੇ ਕੀ ਹੁੰਦੇ ਹਨ। ਸੋ ਹੁਣ ਤੂੰ ਇਸ ਕਾਬਲ ਹੋ ਗਿਆ ਹੈ ਕਿ ਹੁਣ ਨਕਲੀ ਅਤੇ ਅਸਲੀ ਦੀ ਪਹਿਚਾਣ ਕਰ ਸਕਦਾ ਹੈਂ। ਤੂੰ ਇੱਕ ਵਧੀਆ ਦੁਕਾਨਦਾਰ ਬਣ ਗਿਆ ਹੈ। ਮੇਰੀ ਇਹੀ ਤਮੰਨਾ ਸੀ ਕਿ ਤੂੰ ਆਪਣੇ ਪੈਰਾਂ ਤੇ ਖੜਾ ਹੋ ਜਾਵੇ ਅਤੇ ਆਪਣਾ ਕਾਰੋਬਾਰ ਆਪ ਕਰੇਂ।

ਕਰਮੂ ਅਤੇ ਉਸਦੀ ਮਾਂ ਅੱਜ ਸੁਖ ਦੀ ਰੋਟੀ ਖਾਂਦੇ ਹਨ ਅਤੇ ਆਪਣਾ ਜੀਵਨ ਬਸਰ ਵਧੀਆ ਢੰਗ ਨਾਲ ਕਰ ਰਹੇ ਹਨ।

ਸਾਨੂੰ ਕਿਸੇ ਦੀ ਮਜ਼ਬੂਰੀ ਦਾ ਨਾਜਾਇਜ਼ ਫਾਇਦਾ ਨਹੀਂ ਉਠਾਉਣਾ ਚਾਹੀਦਾ ਸਗੋਂ ਔਖੇ ਵੇਲੇ ਮੱਦਦ ਕਰਨੀ ਚਾਹੀਦੀ ਹੈ।

***

# ਧਰਮ

ਪਾਕਿਸਤਾਨ ਤੋਂ ਉੱਜੜ ਕੇ ਆਏ ਅਰੂੜ ਸਿੰਘ ਨੇ ਆਪਣੇ ਦੋ ਪੁੱਤਰਾਂ ਨਾਲ਼ ਪੰਜਾਬ ਦੇ ਇੱਕ ਪਿੰਡ ਵਿੱਚ ਆ ਡੇਰਾ ਲਾਇਆ। ਬੁੱਢਾ ਸਰੀਰ ਸੀ ਜਦ ਉੱਜੜ ਕੇ ਆਏ ਸੀ ਅਤੇ ਦੋਨੋਂ ਬੱਚੇ ਵੀ ਅਜੇ ਐਨੇ ਜਵਾਨ ਨਹੀਂ ਸਨ ਹੋਏ ਕਿ ਰੋਟੀ ਰੋਜ਼ੀ ਕਮਾ ਸਕਦੇ। ਵੱਡਾ ਬੇਟਾ ਕਿਸੇ ਟੇਲਰ ਮਾਸਟਰ ਨਾਲ ਕੱਪੜੇ ਸਿਉਣ ਲੱਗ ਪਿਆ ਅਤੇ ਛੋਟਾ ਥੋੜ੍ਹਾ ਬਹੁਤਾ ਵਿਉਪਾਰ ਵੱਲ ਨੂੰ ਹੋ ਤੁਰਿਆ।

ਸਮਾਂ ਆਪਣੀ ਚਾਲੇ ਚੱਲਦਾ ਗਿਆ ਅਤੇ ਛੋਟੇ ਭਰਾ ਕਰਮ ਸਿੰਘ ਦੇ ਦੋ ਬੱਚੇ ਬੇਟਾ ਅਤੇ ਬੇਟੀ ਅਜੇ 8 ਅਤੇ 10 ਸਾਲ ਦੇ ਹੀ ਸਨ ਕਿ ਕਿਸੇ ਉਸਦੇ ਸਾਥੀ ਨੇ ਉਸ ਨੂੰ ਲਾਲਚ ਵਿੱਚ ਲਿਆ ਕੇ ਬਰਮਾ ਵਿੱਚ ਲਿਜਾ ਕੇ ਉਸਦੀ ਨਕਦੀ ਅਤੇ ਸਾਰਾ ਮਾਲ ਅਸਬਾਬ ਖੋਹ ਕੇ ਕਤਲ ਕਰ ਦਿੱਤਾ ਅਤੇ ਬੱਚੇ ਯ਼ਤੀਮ ਹੋ ਗਏ। ਉਸ ਸਮੇਂ ਦੇ ਸਮਾਜਿਕ ਰਿਵਾਜ਼ ਅਨੁਸਾਰ ਕਰਮ ਸਿੰਘ ਦੀ ਵਿਧਵਾ ਨੂੰ ਕਰਮ ਸਿੰਘ ਦੇ ਵੱਡੇ ਭਰਾ- ਮੰਗਲ ਸਿੰਘ ਦੇ ਘਰੇ ਬਹਾ ਦਿੱਤਾ ਤਾਂ ਕਿ ਬੱਚੇ ਪਲ ਜਾਣ। ਮੰਗਲ ਸਿੰਘ ਨੇ ਵੀ ਆਪਣੇ ਰਿਸ਼ਤੇਦਾਰਾਂ ਦੀ ਇਸ ਗੁਜ਼ਾਰਿਸ਼ ਨੂੰ ਚੁੱਪ ਚਾਪ ਕਬੂਲ ਕਰ ਲਿਆ।

ਸਮਾਂ ਬੀਤਦਾ ਗਿਆ ਅਤੇ ਚਾਰੇ ਬੱਚੇ ਵੱਡੇ ਹੋ ਗਏ। ਮੰਗਲ ਸਿੰਘ ਨੇ ਚਾਰੇ ਬੱਚੇ ਆਪਣੀ ਹੈਸੀਅਤ ਅਨੁਸਾਰ ਵਿਆਹ ਕੇ ਆਪਣੇ ਆਪਣੇ ਘਰੀਂ ਵਸਾ ਦਿੱਤੇ। ਕੁੜੀ ਆਪਣੇ ਸਹੁਰੇ ਘਰ ਚਲੀ ਗਈ ਅਤੇ ਤਿੰਨੇ ਭਰਾ ਆਪਣੀ ਆਪਣੀ ਮਿਹਨਤ ਦੇ ਸਦਕਾ ਅਪਣਾ-ਆਪਣਾ ਘਰ ਬਣਾਉਣ ਵਿੱਚ ਕਾਮਯਾਬ ਹੋ ਗਏ। ਆਪਣੇ-ਆਪਣੇ ਪ੍ਰੀਵਾਰਾਂ ਵਿੱਚ ਰੁੱਝ ਗਏ। ਕੁਝ ਸਮਾਂ ਲੰਘਿਆ ਤਾਂ ਮੰਗਲ ਸਿੰਘ ਵੀ ਚੜ੍ਹਾਈ ਕਰ ਗਏ ਅਤੇ ਸਾਂਝੀ ਜ਼ਮੀਨ ਵੇਚ ਕੇ ਚਾਰ ਹਿੱਸੇ ਪਾਏ ਗਏ, ਤਿੰਨ ਭਰਾਵਾਂ ਦੇ ਅਤੇ ਇੱਕ ਭੈਣ ਦਾ।

ਜੇਕਰ ਅਸੀਂ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਕੀ ਕੋਈ ਇਸ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਵੇਗਾ, ਕਦੇ ਵੀ ਨਹੀਂ। ਅੱਜ ਕੱਲ ਤਾਂ ਆਪਣੇ ਹੀ ਪ੍ਰੀਵਾਰ ਦਾ ਢਿੱਡ ਭਰਨ ਲਈ ਲਾਲੇ ਪਏ ਹੋਏ ਹਨ, ਓਪਰੀ ਜਿੰਮੇਵਾਰੀ ਕੋਈ ਕਿਵੇਂ ਚੁੱਕੇਗਾ। ਧੰਨ ਸੀ ਉਹ ਸਮਾਂ ਅਤੇ ਧੰਨ ਸਨ ਓਹ ਲੋਕ ਜਿਹੜੇ ਆਪਣੇ ਪ੍ਰੀਵਾਰ ਦੇ ਲਏ ਗਏ ਇਸ ਤਰ੍ਹਾਂ ਦੇ ਫ਼ੈਸਲੇ ਨੂੰ ਵੀ ਸਿਰ ਮੱਥੇ ਤੇ ਮੰਨਦੇ ਸਨ। ਧੰਨ ਸੀ ਉਹ ਮੰਗਲ ਸਿੰਘ ਸ਼ਖ਼ਸ ਜਿਸ ਨੇ ਐਨੀ ਵੱਡੀ ਜਿੰਮੇਵਾਰੀ ਚੱਕੀ ਅਤੇ ਬਹੁਤ ਖ਼ੂਬਸੂਰਤੀ ਨਾਲ ਨਿਭਾਈ।

✲✲✲

# ਕਿਸਮਤ ਦਾ ਪਹੀਆ

ਸੋਨੀ ਨੂੰ 18 ਸਾਲ ਦੀ ਉਮਰ ਤੋਂ ਹੀ ਵਿਦੇਸ਼ ਵਿੱਚ ਜਾਣ ਦਾ ਜਨੂੰਨ ਸੀ। ਘਰ ਦੇ ਹਾਲਾਤ ਅਜਿਹੇ ਸਨ ਕਿ ਉਸਨੂੰ ਦਿਸ ਰਿਹਾ ਸੀ ਕਿ ਜਿਸ ਤਰ੍ਹਾਂ ਸਾਡਾ ਬਾਪੂ ਦਿਹਾੜੀ-ਦੱਪਾ ਕਰਕੇ ਸਾਨੂੰ ਪਾਲ ਰਿਹਾ ਹੈ, ਇਸ ਤਰ੍ਹਾਂ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਔਖਾ ਹੋ ਜਾਵੇਗਾ। ਯਾਰਾਂ ਦੋਸਤਾਂ ਨਾਲ ਗੱਲ ਬਾਤ ਹੁੰਦੀ ਤਾਂ ਇੱਕੋ ਗੱਲ ਹੀ ਮੁੱਖ ਹੁੰਦੀ ਕਿ ਕਿਸ ਤਰ੍ਹਾਂ ਇੱਥੋਂ ਨਿੱਕਲਿਆ ਜਾਏ। 24-25 ਸਾਲ ਦੀ ਉਮਰ ਤੱਕ ਪਹੁੰਚਦੇ ਪਹੁੰਚਦੇ ਸੋਨੀ ਨੂੰ ਕਿਸੇ ਟਰੈਵਲ ਏਜੰਟ ਦਾ ਪਤਾ ਲੱਗਿਆ ਕਿ ਇਹ ਸਿਰਫ 20 ਲੱਖ ਰੁਪਏ ਲੈ ਕੇ ਹੀ ਵਿਦੇਸ਼ ਵਿੱਚ ਭੇਜ ਦਿੰਦਾ ਹੈ ਅਤੇ ਪੈਸੇ ਵੀ ਬਾਅਦ ਵਿੱਚ ਹੀ ਦੇਣੇ ਹੋਣਗੇ। ਜੇਕਰ ਪਿਆਸਾ ਕਾਂ ਕੁੱਜੇ ਵਿੱਚ ਪੱਥਰ ਪਾ ਕੇ ਪਾਣੀ ਪੀਣ ਦੇ ਸਮਰੱਥ ਹੋ ਸਕਦਾ ਹੈ ਤਾਂ ਇੱਕ ਇੰਨਸਾਨ ਕਿਉਂ ਨਹੀਂ ਕੋਈ ਰਾਹ ਲੱਭ ਸਕਦਾ।

ਜਲੰਧਰ ਦੀ ਬੱਸ ਫੜੀ ਤੇ ਜਾ ਦਿੱਤੀ ਦਸਤਕ ਟਰੈਵਲ ਏਜੰਟ ਦੇ ਦਫ਼ਤਰ। ਦੋ ਚਾਰ ਮੁਲਾਕਾਤਾਂ ਹੋਈਆਂ, ਆਪਣਾ ਵਿਸ਼ਵਾਸ਼ ਬਣਾਇਆ ਟਰੈਵਲ ਏਜੰਟ ਨੇ ਵੀ। ਬਾਪੂ ਨੂੰ ਮਨਾ ਲਿਆ ਕਿ ਇੱਕ ਕਿੱਲਾ ਗਹਿਣੇ ਰੱਖ ਕੇ ਬਣਦੇ ਪੈਸੈ ਦਾ ਇੰਤਜ਼ਾਮ ਕਰ ਲਵੇ। ਦੱਸਣਾ ਕੁਝ ਹੋਰ ਤੇ ਕਰਨਾ ਕੁਝ ਹੋਰ, ਇਹੀ ਤਾਂ ਸਿਆਣੇ ਅਤੇ ਸੁਲਝੇ ਹੋਏ ਟਰੈਵਲ ਏਜੰਟ ਦੀ ਪਹਿਚਾਣ ਹੁੰਦੀ ਹੈ। ਸਭ ਕੁਝ ਤਹਿ ਹੋ ਗਿਆ।

ਅੱਜ ਘਰ ਤੋਂ ਵਿਦਾਇਗੀ ਸੀ, ਮਾਂ ਬਾਪ ਦਿਲ ਤੇ ਪੱਥਰ ਰੱਖ ਕੇ ਸੋਨੀ ਨੂੰ ਤੋਰਨ ਲਈ ਦਿੱਲੀ ਤੱਕ ਆਏ। ਏਜੰਟ ਨੇ ਦਿੱਲੀ ਤੋਂ ਨੇਪਾਲ ਅਤੇ ਉਸ ਤੋਂ ਅੱਗੇ, ਛੋਟੇ-ਛੋਟੇ ਮੁਲਕਾਂ ਵਿੱਚ ਦੀ ਹੁੰਦਾ ਹੋਇਆ ਅੱਜ ਸੋਨੀ ਪੂਰੇ ਤਿੰਨ ਮਹੀਨੇ ਬਾਅਦ ਸਵਿਟਜ਼ਰਲੈਂਡ ਦੀਆਂ ਪਹਾੜੀਆਂ ਵਿੱਚ ਪਹੁੰਚ ਗਿਆ। ਇੱਕ ਪਹਾੜੀ ਹੀ ਲੰਘਣੀ ਸੀ ਤਾਂ ਅੱਗੇ ਮੰਜ਼ਿਲ ਨਜ਼ਰ ਆ ਰਹੀ ਸੀ। ਰਾਤ ਦੇ ਹਨ੍ਹੇਰੇ ਵਿੱਚ ਵੱਖ ਵੱਖ ਬਾਰਡਰਾਂ ਤੋਂ ਦੀ ਲੰਘਦੇ ਹੋਏ, ਥੱਕੇ ਟੁੱਟੇ ਸਾਰੇ ਦੇ ਸਾਰੇ 12 ਨਭਾਗੇ ਬੱਚੇ, ਸਰਕਾਰ ਦੀ ਸਖ਼ਤੀ ਦਾ ਡਰ, ਪੁਲਸ ਦੀ ਗੋਲੀ ਦਾ ਡਰ, ਫੜੇ ਜਾਣ ਦਾ ਡਰ, ਡਰ ਹੀ ਡਰ ਸੀ ਪਿਛਲੇ ਤਿੰਨ ਮਹੀਨੇ ਤੋਂ। ਏਜੰਟ ਨੇ ਅੱਗੇ ਤੋਂ ਅੱਗੇ ਸਾਰੀ ਸੈਟਿੰਗ ਕੀਤੀ ਹੁੰਦੀ ਹੈ, ਪੈਸੈ ਲੈ ਕੇ ਅਗਲੇ ਤੋਂ ਅਗਲੇ ਏਜੰਟਾਂ ਨੂੰ ਗਾਜ਼ਰ ਮੂਲੀ ਜਾਂ ਡੰਗਰਾਂ ਦੀ ਤਰਾਂ ਫੜਾਈ ਜਾਂਦੇ ਹਨ।

ਅੱਜ ਪਿਛਲੇ ਤਿੰਨ ਮਹੀਨਿਆਂ ਵਿੱਚ ਇਹ ਸਾਰੇ ਦੇ ਸਾਰੇ 12, ਬਲੀ ਦੇ ਬੱਕਰੇ ਸੱਤਵੀਂ ਥਾਂ ਤੇ ਕਿਸੇ ਨਵੇਂ ਏਜੰਟ ਦੇ ਕੋਲ ਪਹੁੰਚੇ ਸਨ। ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਰਾਤ ਦੇ ਬਾਰਾਂ ਤੋਂ ਇੱਕ ਵਜੇ ਦੇ ਵਿਚਕਾਰ ਬਾਰਡਰ ਪਾਰ ਕਰਨਾ ਸੀ,ਕਿ ਅਚਾਨਕ ਸੋਨੀ ਦਾ ਪੈਰ ਤਿਲਕ ਗਿਆ ਅਤੇ ਉਹ ਪਹਾੜੀ ਤੋਂ

ਰੁੜ੍ਹਦਾ ਰੁੜ੍ਹਦਾ ਹੇਠਾਂ ਜ਼ਮੀਨ 'ਤੇ ਜਾ ਡਿੱਗਿਆ। ਮਾਰਨ ਵਾਲੇ ਨਾਲੋਂ ਰੱਖਣ ਵਾਲਾ ਬੇਅੰਤ ਹੈ, ਸੱਟਾਂ ਬਹੁਤ ਵੱਜੀਆਂ, ਸਾਰਾ ਸਰੀਰ ਜ਼ਖ਼ਮੀ ਹੋ ਗਿਆ। ਜਦ ਉਸਨੂੰ ਹੋਸ਼ ਆਈ ਤਾਂ ਦੇਖਦਾ ਹੈ ਕਿ ਉਹ ਕਿਸੇ ਹਸਪਤਾਲ ਵਿੱਚ ਦਾਖਲ ਹੈ। ਸੋਨੀ ਬਹੁਤ ਘਬਰਾਅ ਗਿਆ ਕਿ ਹੁਣ ਤਾਂ ਕੰਮ ਖ਼ਰਾਬ ਹੋ ਗਿਆ, ਪੁਲਸ ਉਸਨੂੰ ਫ਼ੜ ਕੇ ਲੈ ਜਾਵੇਗੀ। ਇੱਕ ਗੋਰੀ, ਸਵਿਟਜ਼ਰਲੈਂਡ ਦੀ ਮੂਲ ਨਿਵਾਸੀ, ਉਸਦਾ ਹਾਲ-ਚਾਲ ਪੁੱਛਣ ਆਈ ਤਾਂ ਪਤਾ ਲੱਗਿਆ ਕਿ ਇਹ ਉਹੀ ਔਰਤ ਹੈ ਜਿਹੜੀ ਸੋਨੀ ਨੂੰ ਸੜਕ ਦੇ ਵਿਚਕਾਰ ਡਿੱਗੇ ਹੋਏ ਨੂੰ ਚੁੱਕ ਕੇ ਇੱਥੇ ਲਿਆਈ ਸੀ ਤੇ ਇਸ ਦਾ ਇਲਾਜ਼ ਕਰਵਾ ਰਹੀ ਸੀ।

ਕੀ ਰਿਸ਼ਤਾ ਸੀ ਉਸ ਗੋਰੀ ਨਾਲ ਇਸ ਸੋਨੀ ਦਾ?

ਕੁਦਰਤ ਨੂੰ ਕੀ ਮਨਜ਼ੂਰ ਹੈ ਇਹ ਤਾਂ ਕੁਦਰਤ ਹੀ ਜਾਣੇ। ਪੂਰੇ ਤਿੰਨ ਦਿਨਾਂ ਤੋਂ ਬਾਅਦ ਸੋਨੀ ਨੂੰ ਛੁੱਟੀ ਮਿਲ ਗਈ ਅਤੇ ਉਹ ਔਰਤ ਉਸਨੂੰ ਆਪਣੇ ਘਰ ਦੇਖ਼ ਭਾਲ ਕਰਨ ਲਈ ਲੈ ਕੇ ਆਈ ਸੀ ਕਿਓਂਕਿ ਡਾਕਟਰਾਂ ਦੇ ਅਨੁਸਾਰ ਸੋਨੀ ਨੂੰ ਤੁਰਨ ਫਿਰਨ ਦੇ ਕਾਬਿਲ ਹੋਣ ਲਈ ਅਜੇ ਕੁਝ ਦਿਨ ਹੋਰ ਆਰਾਮ ਦੀ ਜਰੂਰਤ ਸੀ। ਉਹ ਔਰਤ ਨਹੀਂ ਸੀ ਇੱਕ ਫ਼ਰਿਸ਼ਤਾ ਹੀ ਬਣ ਕੇ ਉਸ ਦੀ ਜ਼ਿੰਦਗੀ ਵਿੱਚ ਆਈ ਸੀ।

ਉਸਦੇ ਪਤੀ ਦੀ ਮੌਤ ਕੁਝ ਸਾਲ ਪਹਿਲਾਂ ਇੱਕ ਸੜਕ ਹਾਦਸੇ ਵਿੱਚ ਹੀ ਹੋਈ ਸੀ ਜਿਸ ਕਰਕੇ ਉਸਨੂੰ ਇਸ ਸੜਕ ਹਾਦਸੇ ਵਿੱਚ ਮਿਲੇ ਇਨਸਾਨ - ਸੋਨੀ ਨਾਲ ਕੁਝ ਜਿਆਦਾ ਹੀ ਮੋਹ ਹੋ ਗਿਆ ਸੀ। ਉਸ ਗੋਰੀ ਦੀ ਦੇਖ ਭਾਲ ਵਿਚ ਸੋਨੀ ਕੁਝ ਹੀ ਦਿਨਾਂ ਵਿੱਚ ਚੱਲਣ-ਫਿਰਨ ਦੇ ਕਾਬਿਲ ਹੋ ਗਿਆ। ਹੁਣ ਲੰਬੇ ਸਮੇਂ ਤੋਂ ਇਕੱਠੇ ਰਹਿੰਦੇ ਹੋਣ ਕਾਰਨ ਦੋਹਾਂ ਦੀ ਨੇੜਤਾ ਵੀ ਵਧ ਗਈ। ਇੱਕ ਦੂਸਰੇ ਦੇ ਹਰ ਤਰਾਂ ਕੰਮ ਵੀ ਆਉਣ ਲੱਗ ਪਏ।

ਉਸ ਗੋਰੀ ਦੀ ਉਮਰ ਸੋਨੀ ਦੀ ਉਮਰ ਤੋਂ ਤਕਰੀਬਨ ਵੀਹ ਕੁ ਸਾਲ ਜ਼ਿਆਦਾ ਸੀ ਪ੍ਰੰਤੂ ਸੋਨੀ ਨੂੰ ਉਸਦੀ ਉਮਰ ਨਾਲ ਕੋਈ ਗੱਲ ਨਹੀਂ ਸੀ ਸਗੋਂ ਉਸਨੂੰ ਤਾਂ ਪਿੰਡ ਵਿੱਚ ਗਹਿਣੇ ਪਈ ਜ਼ਮੀਨ ਕਿਵੇਂ ਛੁਡਾਉਣੀ ਹੈ ਇਹ ਜਿਆਦਾ ਮਹੱਤਵ ਪੂਰਣ ਸੀ। ਦੋਨਾਂ ਨੇ ਵਿਆਹ ਦੇ ਬੰਧਨ ਵਿੱਚ ਬੱਝਣ ਦਾ ਫ਼ੈਸਲਾ ਕਰ ਲਿਆ।ਆਹਿਸਤਾ ਆਹਿਸਤਾ ਸੋਨੀ ਇੱਕ ਲੱਕੜ ਦੇ ਕਾਰਖ਼ਾਨੇ ਵਿੱਚ ਕੰਮ ਕਰਨ ਲੱਗ ਪਿਆ । ਜ਼ਿੰਦਗੀ ਪਹਾੜੀ ਤੋਂ ਰੁੜ੍ਹਦੀ ਰੁੜਦੀ ਆਪਣੀ ਸਹੀ ਰਾਹ ਤੇ ਤੁਰਨ ਲੱਗ ਗਈ ਸੀ। ਸਮਾਂ ਲੰਘਦਾ ਗਿਆ, ਇੱਕ ਸਾਲ ਵਿੱਚ ਹੀ ਕਮਾਈ ਕਰਕੇ ਸੋਨੀ ਨੇ ਗਹਿਣੇ ਪਈ ਜ਼ਮੀਨ ਛੁਡਵਾ ਲਈ।

ਬੁੱਢੀ ਘੋੜੀ ਲਾਲ ਲਗਾਮ। ਹਾਰ ਸ਼ਿੰਗਾਰ ਕਰਕੇ ਸੋਨੀ ਉਸ ਬੁੱਢੀ ਗੋਰੀ ਨੂੰ ਲੈ ਕੇ ਅੱਜ ਆਪਣੇ ਘਰ ਵਾਲਿਆਂ ਨੂੰ ਮਿਲਾਉਣ ਲਈ ਅਪਣੇ ਪਿੰਡ ਆਇਆ ਤਾਂ ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਕਿ ਸੋਨੀ ਬਾਹਰੋਂ ਇੱਕ ਮੇਮ ਲੈ ਕੇ ਆਇਆ

ਹੈ। ਪਿੰਡ ਵਾਲਿਆਂ ਦਾ ਤਾਂਤਾ ਲੱਗ ਗਿਆ ਮੇਮ ਨੂੰ ਦੇਖਣ ਲਈ।

ਦੋ ਹਫਤੇ ਦੀ ਛੁੱਟੀ ਕੱਟ ਕੇ ਸੋਨੀ ਆਪਣੀ ਗੋਰੀ ਨੂੰ ਲੈ ਕੇ ਵਾਪਿਸ ਆਪਣੇ ਨਵੇਂ ਮੁਲਕ, ਸਵਿਟਜ਼ਰਲੈਂਡ ਵਿਖੇ ਪਰਤ ਗਿਆ। ਰੱਬ ਦੀ ਨੇਤ, ਛੇ ਮਹੀਨਿਆਂ ਵਿੱਚ ਹੀ ਉਸ ਗੋਰੀ ਦੀ ਮੌਤ ਹੋ ਗਈ। ਮਰਨ ਤੋਂ ਪਹਿਲਾਂ ਹੀ ਉਸ ਗੋਰੀ ਨੇ ਆਪਣੀ ਸਾਰੀ ਜਾਇਦਾਦ ਸੋਨੀ ਦੇ ਨਾਮ ਕਰ ਦਿੱਤੀ ਸੀ ਅਤੇ ਉਸ ਤਰਾਂ ਸੋਨੀ ਹੀ ਉਸਦੀ ਸਾਰੀ ਰਹਿੰਦੀ ਜਾਇਦਾਦ ਦਾ ਮਾਲਕ ਬਣ ਗਿਆ।

ਕਿਸਮਤ ਦਾ ਪਹੀਆ ਕਦੋਂ ਅਤੇ ਕਿਸ ਪਾਸੇ ਨੂੰ ਘੁੰਮਦਾ ਹੈ, ਇਹ ਕੋਈ ਨਹੀਂ ਜਾਣ ਸਕਦਾ, ਸਿਰਫ ਉਹ ਪ੍ਰਮਾਤਮਾ ਹੀ ਜਾਣਦਾ ਹੈ ਕਿ ਉਸਨੇ ਕਿਸ ਦੇ ਨਸੀਬ ਵਿੱਚ ਕੀ ਲਿਖਿਆ ਹੈ।

ਸੋਨੀ ਇੱਕ ਬਹੁਤ ਹੀ ਅਮੀਰ ਇਨਸਾਨ ਬਣ ਗਿਆ ਸੀ ਅਤੇ ਉਸ ਨੇ ਆਪਣੇ ਬਜ਼ੁਰਗ ਮਾਂ ਬਾਪ ਨੂੰ ਵੀ ਆਪਣੇ ਕੋਲ ਹੀ ਬੁਲਾ ਲਿਆ ਸੀ।

✲✲✲

# ਫਰਿਸ਼ਤਾ

ਅੱਜ ਸ਼ਹਿਰ ਵਿੱਚ ਚਲਦੇ ਹੋਏ ਮੇਰੀ ਕਾਰ ਇੱਕ ਦਰਖਤ ਦੇ ਵੱਢੇ ਹੋਏ ਇੱਕ ਛੋਟੇ ਜਿਹੇ ਟਹਿਣੀਆਂ ਦੇ ਢੇਰ ਉਪੱਰ ਦੀ ਲੰਘਣ ਕਰਕੇ, ਪਿਛਲੇ ਟਾਇਰ ਅਤੇ ਮਡ ਗਾਰਡ ਦੇ ਵਿਚਕਾਰ ਇੱਕ ਟਹਿਣੀ ਜਿਹੀ ਫਸ ਗਈ ਜਿਹੜੀ ਚਲਦੀ ਹੋਈ ਕਾਰ ਨਾਲ ਕੁਝ ਆਵਾਜ਼ ਕਰਨ ਲੱਗ ਪਈ ਅਤੇ ਵੈਸੇ ਵੀ ਇਹ ਆਵਾਜ਼ ਚੰਗੀ ਨਹੀਂ ਸੀ ਲੱਗਦੀ। ਮੈਂ ਆਪਣੀ ਕਾਰ ਸੜਕ ਦੇ ਇੱਕ ਪਾਸੇ ਲਾ ਕੇ ਕੱਢਣ ਹੀ ਲੱਗਾ ਸੀ ਕਿ ਇੱਕ ਕਾਰ ਚਾਲਕ ਮੇਰੇ ਨਾਲ ਆ ਕੇ ਖੜ੍ਹਾ ਹੋ ਗਿਆ ਅਤੇ 'ਸਭ ਠੀਕ ਤਾਂ ਹੈ' ਪੁੱਛਣ ਲੱਗਾ, ਮੈਂ 'ਹਾਂ ਜੀ ਸਭ ਠੀਕ ਹੈ', ਕਹਿ ਕੇ ਧੰਨਵਾਦ ਕੀਤਾ, ਓਹ ਪੁਰਖ਼ ਅੱਗੇ ਚੱਲਦਾ ਬਣਿਆ। ਮੈਂ ਹੈਰਾਨ ਹੁੰਦਾ ਹਾਂ ਕਿ ਮੈਨੂੰ ਜਦ ਵੀ ਕਦੇ ਜ਼ਿੰਦਗੀ ਵਿੱਚ ਕੋਈ ਸਮੱਸਿਆ ਆਈ ਹੈ, ਤੁਰੰਤ ਹੀ ਉਸ ਸਮੱਸਿਆ ਦਾ ਸਮਾਧਾਨ ਵੀ ਮਿਲ ਜਾਂਦਾ ਰਿਹਾ ਹੈ। ਇਹ ਕੋਈ ਪਹਿਲੀ ਵਾਰ ਨਹੀਂ ਹੋਇਆ, ਬਹੁਤ ਵਾਰ ਇਸੇ ਤਰ੍ਹਾਂ ਹੀ ਲੋੜ ਵੇਲੇ ਮੱਦਦ, ਬਿਨਾਂ ਮੰਗਣ ਤੇ ਹੀ ਮਿਲੀ ਹੈ ਅਤੇ ਬਿਨਾਂ ਇੱਕ ਛਿਣ ਦੀ ਦੇਰੀ ਦੇ ਹੀ ਮਿਲੀ ਹੈ। ਵਾਹਿਗੁਰੂ ਜੀ ਧੰਨ ਤੁਸੀਂ ਹੋ ਜਿਹੜੇ ਇੱਕ ਵੀ ਪਲ ਮੇਰੇ 'ਤੇ ਕੋਈ ਬੋਝ ਨਹੀਂ ਪੈਣ ਦਿੰਦੇ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ।

✲✲✲

# ਇਸ ਹੱਥ ਕਰ ਲੈ, ਇਸ ਹੱਥ ਭਰ ਲੈ

ਜੱਸੀ ਦੇ ਵਿਆਹ ਹੋਏ ਨੂੰ ਪੂਰੇ 30 ਸਾਲ ਹੋਏ ਸਨ। ਅੱਜ ਜੱਸੀ ਦੇ ਇਕਲੋਤੇ ਪੁੱਤਰ ਨੋਨੂ ਦੇ ਵਿਆਹ ਦਾ ਦਿਨ ਆਇਆ ਸੀ। ਘਰ ਵਿੱਚ ਖੁਸ਼ੀਆਂ ਦਾ ਮਾਹੌਲ ਬਣਿਆ ਹੋਇਆ ਸੀ। ਸਾਰੇ ਭੈਣ-ਭਰਾ ਅਤੇ ਰਿਸ਼ਤੇਦਾਰ ਘਰ ਵਿੱਚ ਤਰ੍ਹਾਂ-ਤਰ੍ਹਾਂ ਦੇ ਬਣੇ ਪਕਵਾਨਾਂ ਦਾ ਮਜ਼ਾ ਲੈ ਰਹੇ ਸਨ। ਇੱਕ ਹਫਤੇ ਤੋਂ ਘਰ ਵਿੱਚ ਗਾਉਣ ਵਜਾਉਣ ਦਾ ਪ੍ਰੋਗਰਾਮ ਚੱਲ ਰਿਹਾ ਸੀ। ਕੁਝ ਰਿਸ਼ਤੇਦਾਰ ਦੂਰ ਦੁਰਾਡੇ ਤੋਂ ਅਤੇ ਕੁਝ ਦੂਸਰੇ ਦੇਸ਼ਾਂ ਤੋਂ ਵੀ ਆਏ ਹੋਏ ਸਨ।

ਜੱਸੀ ਨੇ ਆਪਣੇ 30 ਸਾਲ ਦੇ ਵਿਆਹੁਤਾ ਜੀਵਨ ਦੌਰਾਨ ਆਪਣੀ ਸੱਸ ਨੂੰ ਕਦੀ ਵੀ ਸਤਿਕਾਰ ਅਤੇ ਪਿਆਰ ਨਾਲ ਨਹੀਂ ਸੀ ਬੁਲਾਇਆ ਅਤੇ ਉਸਦਾ ਬਣਦਾ ਆਦਰ ਕਦੇ ਵੀ ਨਹੀਂ ਸੀ ਦਿੱਤਾ। ਹਰ ਵਕਤ ਆਪਣੀ ਸੱਸ ਨੂੰ ਬੁੜ੍ਹੀ, ਰੋਟੀਆਂ ਦਾ ਖੌ ਆਦਿ ਆਦਿ, ਪਤਾ ਨਹੀਂ ਕਿਹੜੇ ਕਿਹੜੇ ਘਟੀਆ ਸ਼ਬਦਾਂ ਨਾਲ ਕੋਸਦੀ ਰਹਿੰਦੀ ਸੀ। ਜੱਸੀ ਦਾ ਪਤੀ, ਕਾਲਾ, ਕਦੀ ਉਸਦੀ ਹਿੰਮਤ ਹੀ ਨਹੀਂ ਸੀ ਹੁੰਦੀ ਕਿ ਆਪਣੀ ਮਾਂ ਦੀ ,ਅਪਣੀਆਂ ਅੱਖਾਂ ਸਾਹਮਣੇ ਹੁੰਦੀ ਬੇਇਜ਼ਤੀ ਅਤੇ ਦੁਰਦੁਸ਼ਾ ਬਾਰੇ ਕਦੇ ਜੱਸੀ ਨੂੰ ਇੱਕ ਵੀ ਸ਼ਬਦ ਕਹਿ ਸਕੇ। ਪਤਾ ਨਹੀਂ ਉਸਨੂੰ ਪਹਿਲੇ ਹੀ ਦਿਨ ਤੋਂ ਕੀ ਗਿੱਦੜਸਿੰਗੀ ਸੁੰਘਾਈ ਕਿ ਉਸ ਨੂੰ ਬੋਲਣ ਹੀ ਨਹੀਂ ਦਿੱਤਾ।

ਕਾਲੇ ਨੂੰ ਅੱਜ ਇਸ ਗੱਲ 'ਤੇ ਵੀ ਮਨਾ ਲਿਆ ਕਿ ਉਸਦੀ ਸੱਸ ਬਰਾਤ ਵਿੱਚ ਨਹੀਂ ਜਾਵੇਗੀ ਹਾਲਾਂਕਿ ਉਸਦੀ ਸੱਸ ਆਪਣੇ ਇਕਲੌਤੇ ਪੋਤਰੇ ਦੀ ਬਰਾਤ ਜਾਣ ਲਈ ਪਿਛਲੇ ਦੋ ਮਹੀਨੇ ਤੋਂ ਤਿਆਰੀ ਕਰ ਰਹੀ ਸੀ। ਨਵੇਂ ਕੱਪੜੇ ਸਿਲਾਏ, ਜੁੱਤੀ ਵੀ ਨਵੀਂ ਖਰੀਦੀ। ਐਨ ਮੌਕੇ 'ਤੇ ਤੁਰਨ ਲੱਗਿਆ ਕਾਲੇ ਨੂੰ ਇਹ ਕਹਿ ਕੇ ਆਪਣੀ ਸੱਸ ਨੂੰ ਬਰਾਤ ਜਾਣ ਤੋਂ ਰੁਕਵਾ ਦਿੱਤਾ ਕਿ ਕੋਈ ਸਿਆਣਾ ਬਜ਼ੁਰਗ ਘਰ ਵੀ ਚਾਹੀਦਾ ਹੈ।

ਸਾਰੇ ਰਿਸ਼ਤੇਦਾਰ ਗਾਉਂਦੇ, ਨੱਚਦੇ ਟੱਪਦੇ ਬਾਰਾਤ ਵਿੱਚ ਸ਼ਾਮਿਲ ਹੋਏ। ਸਭ ਨੇ ਵਿਆਹ ਤੇ ਖਾਣ ਪੀਣ ਨਾਲੋਂ ਜ਼ਿਆਦਾ ਸਮਾਨ ਖਰਾਬ ਕੀਤਾ। ਖੈਰ, ਮੁੱਕਦੀ ਗੱਲ ਇਹ ਹੈ ਜੀ ਕਿ ਵਿਆਹ ਹੋਇਆ ਮੇਰੇ ਬਾਬਲਾ। ਪਰਮਿੰਦਰ ਕੌਰ, ਅਗਲੀ ਪੀੜ੍ਹੀ ਦੀ ਵਾਰਿਸ ਬਣਕੇ, ਨਵੀਂ ਨਵੇਲੀ ਦੁਲਹਨ ਦੇ ਰੂਪ ਵਿੱਚ ਸਜਕੇ ਘਰ ਆ ਪਹੁੰਚੀ। ਬਣੇ ਹੋਏ ਦਸਤੂਰ ਅਨੁਸਾਰ ਨਵੇਂ ਵਿਆਹੇ ਜੋੜੇ ਲਈ ਇੱਕ ਵੱਖਰਾ ਕਮਰਾ ਉੱਪਰਲੀ ਮੰਜ਼ਿਲ ਤੇ ਸਜਾਇਆ ਗਿਆ। ਦੇਰ ਸ਼ਾਮ ਤੱਕ ਬਰਾਤ ਵਾਪਿਸ ਆਈ, ਸਾਰੇ ਬਣਦੇ ਕਾਰ ਵਿਹਾਰ ਕੀਤੇ ਗਏ। ਨੋਨੂ ਦੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੇ ਖੂਬ ਖੌਰੂ ਪਾਇਆ ਅਤੇ ਜਸ਼ਨ ਮਨਾਇਆ। ਨੋਨੂ ਦੀ ਮਾਂ ਨੇ ਜੋੜੀ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ। ਅੱਜ ਵੀ ਜੱਸੀ ਨੇ ਆਪਣੀ ਸੱਸ ਨੂੰ

ਆਪਣੀ ਨੂੰਹ ਨਾਲ ਮੁਲਾਕਤ ਕਰਨ ਦਾ ਮੌਕਾ ਨਹੀਂ ਦਿੱਤਾ। ਵਿਚਾਰੀ ਸੱਸ ਹੁਣ ਸਬਰ ਦਾ ਘੁੱਟ ਭਰ ਕੇ ਰਹਿ ਗਈ।

ਦਿਨ ਚੜ੍ਹਿਆ, ਪੌਹ ਫੁੱਟੀ, ਜੱਸੀ ਉਡੀਕ ਰਹੀ ਸੀ ਕਿ ਉਸਦੀ ਨੂੰਹ ਚੁਬਾਰੇ ਵਿਚੋਂ ਉੱਤਰ ਕੇ ਉਸਦੇ ਅਤੇ ਪਤੀ ਕਾਲੂ ਦੇ ਚਰਨ ਸਪਰਸ਼ ਕਰੇਗੀ, ਪਰ ਨਵੀਂ ਵਿਆਹੀ ਜੋੜੀ ਦੁਪਹਿਰ ਹੁੰਦੇ ਤੱਕ ਚੁਬਾਰੇ ਵਿੱਚੋਂ ਉੱਤਰ ਕੇ ਆਏ ਅਤੇ ਬੜੇ ਸਲੀਕੇ ਨਾਲ ਰੱਖੇ ਸੋਫਾ ਸੈੱਟ 'ਤੇ ਬੈਠ ਗਏ। ਨਾ ਕੋਈ ਹੈਲੋ ਨਾ ਹਾਏ, ਨਾਂ ਕੋਈ ਸਤਿ ਸ੍ਰੀ ਆਕਾਲ, ਨਾ ਕੋਈ ਦੁਆ ਸਲਾਮ ਅਤੇ ਪੈਰ ਸਪਰਸ਼ ਤਾਂ ਬਹੁਤ ਦੂਰ ਦੀ ਗੱਲ ਸੀ। ਪਹਿਲੇ ਹੀ ਦਿਨ ਸ਼ਾਮ ਢਲਦੇ ਢਲਦੇ ਸ਼ਾਮ ਦੀ ਰੋਟੀ ਉਪੱਰ ਚੁਬਾਰੇ ਵਿੱਚ ਹੀ ਬਾਹਰ ਢਾਬੇ ਤੋਂ ਹੀ ਆਈ। ਅਗਲੇ ਦਿਨ ਸਵੇਰੇ ਚਾਹ ਬਨਾਉਣ ਲਈ ਦੁੱਧ ਵੀ ਬਾਹਰੋ ਹੀ ਪੈਕਟ ਵਾਲਾ ਆਇਆ। ਪਰਮਿੰਦਰ ਨੇ ਇੱਕ ਦਿਨ ਵੀ ਆਪਣੇ ਸਹੁਰੇ ਪਰਿਵਾਰ ਵਿੱਚ ਬੈਠ ਕੇ ਸਮਾਂ ਨਹੀਂ ਬਿਤਾਇਆ। ਸਾਲ ਬਾਅਦ ਉਨ੍ਹਾਂ ਦੇ ਘਰ ਬੇਟਾ ਹੋਇਆ ਤਾਂ ਪਰਮਿੰਦਰ, ਜਣੇਪੇ ਤੋਂ ਬਾਅਦ ਹਸਪਤਾਲ ਵਿੱਚੋਂ ਸਿੱਧੀ ਹੀ ਛੁੱਟੀ ਮਿਲਣ 'ਤੇ ਆਪਣੇ ਸਹੁਰੇ ਘਰ ਨਾ ਜਾ ਕੇ ਆਪਣੇ ਪੇਕੇ ਘਰ ਹੀ ਗਈ ਅਤੇ ਜੱਸੀ ਨੂੰ ਆਪਣਾ ਪੋਤਾ ਦੇਖਣ ਲਈ ਪਰਮਿੰਦਰ ਦੇ ਪੇਕਿਆਂ ਦੇ ਘਰ ਹੀ ਜਾਣਾ ਪਿਆ ਸੀ।

ਕੁਝ ਵੀ ਹੋਵੇ ਅੱਜ ਜੱਸੀ ਨੂੰ ਆਪਣੇ ਵਲੋਂ ਕੀਤੀ ਗਈ ਆਪਣੀ ਸੱਸ ਦੀ ਸੇਵਾ ਅਤੇ ਆਓ ਭਗਤ ਮੁੜ-ਮੁੜ ਕੇ ਯਾਦ ਆਉਂਦੀ ਸੀ। ਜੇਕਰ ਤੂੰ ਅਪਣੀ ਸੱਸ ਨੂੰ ਸਤਿਕਾਰ ਨਹੀਂ ਦਿੱਤਾ ਤਾਂ ਮਿਲਣਾ ਤੈਨੂੰ ਵੀ ਨਹੀਂ।

ਜੈਸਾ ਬੀਜੋਗੇ ਵੈਸਾ ਹੀ ਵੱਢੋਗੇ। ਜਿਹੜੀ ਗਿੱਦੜਸਿੰਗੀ ਤੂੰ ਕਾਲੂ ਨੂੰ ਸੁੰਘਾਈ ਸੀ ਤੇਰੇ ਪੁੱਤ ਨੂੰ ਵੀ ਉਹੀ ਗਿੱਦੜਸਿੰਗੀ ਸੁੰਘਾਈ ਹੈ। ਹੁਣ ਬੁਢਾਪੇ ਵਿੱਚ ਆ ਕੇ ਦੋਹਾਂ ਜਾਣਿਆ, ਬੁੜ੍ਹਾ ਬੁੜ੍ਹੀ ਦੀ ਰੋਟੀ ਆਪ ਹੀ ਪਕਾਓ, ਖਾਓ ਅਤੇ ਪ੍ਰਭੂ ਦੇ ਗੁਣ ਗਾਉ।

***

# ਘਰ ਵਾਪਸੀ

"ਜੌਹਨੀ ਮੈਨੂੰ ਲੱਗਦਾ ਹੈ ਕਿ ਮੈਂ ਹੁਣ ਤੇਰੇ ਨਾਲ ਅੱਗੇ ਹੋਰ ਨਹੀਂ ਵਧ ਸਕਦੀ, ਮੇਰੀ ਵੀ ਆਪਣੀ ਜ਼ਿੰਦਗੀ ਹੈ, ਮੇਰੀ ਵੀ ਆਪਣੀ ਕੋਈ ਖਾਹਿਸ਼ ਹੈ, ਮੇਰਾ ਵੀ ਆਪਣਾ ਕੋਈ ਨਿੱਜ ਹੈ ਅਤੇ ਮੇਰੀ ਵੀ ਕੋਈ ਤਮੰਨਾ ਹੈ ਤੇ ਮੇਰਾ ਵੀ ਜਿੰਦਗੀ ਜਿਊਣ ਦਾ ਇੱਕ ਆਪਣਾ ਵੱਖਰਾ ਅੰਦਾਜ਼ ਹੈ। ਮੈਂ ਬਹੁਤ ਲੰਬਾ ਸਮਾਂ ਦੇਖਿਆ ਤੇਰੇ ਨਾਲ ਪਰ ਹੁਣ ਮੈਂ ਅੱਗੇ ਹੋਰ ਨਹੀਂ ਵਧ ਸਕਦੀ, ਮੈਨੂੰ ਮਾਫ ਕਰ ਦੇ ਤੇ ਮੈਂ ਆਪਣੇ ਤਲਾਕ ਦੇ ਪੇਪਰ ਤਿਆਰ ਕਰਵਾ ਲਵਾਂਗੀ ਅਤੇ ਆਪਾਂ ਰਜਾਮੰਦੀ ਨਾਲ ਤਲਾਕ ਲੈ ਲਵਾਂਗੇ। ਮੈਨੂੰ ਪਤਾ ਹੈ ਇਹ ਬਹੁਤ ਔਖਾ ਹੈ ਪਰੰਤੂ ਮੈਂ ਮਜਬੂਰ ਹਾਂ ਕਿਉਂਕਿ ਮੈਂ ਜਿੰਦਗੀ ਆਪਣੇ ਹਿਸਾਬ ਨਾਲ ਜਿਊਣਾ ਚਾਹੁੰਦੀ ਹਾਂ।" ਇਹ ਸਭ ਕੁਝ ਸੋਨੀ ਇੱਕੋ ਹੀ ਸਾਹ ਵਿੱਚ ਕਹਿ ਗਈ।

ਸੋਨੀ, ਆਪਣੇ ਪਤੀ ਜੌਹਨੀ ਨੂੰ ਇਹ ਗੱਲ ਇੱਕ ਦਿਨ ਅਚਾਨਕ ਹੀ ਕਹਿਣ ਲੱਗ ਪਈ, ਜਿਸਨੇ ਜੌਹਨੀ ਨੂੰ ਫਿਕਰਾਂ ਵਿੱਚ ਪਾ ਦਿੱਤਾ ਅਤੇ ਉਹ ਆਪਣੇ ਪਰਿਵਾਰ ਅਤੇ ਆਪਣੇ ਬਜ਼ੁਰਗ ਮਾਤਾ-ਪਿਤਾ ਬਾਰੇ ਸੋਚਣ ਲੱਗ ਪਿਆ। ਉਹ ਸੋਚ ਰਿਹਾ ਸੀ ਕਿ ਜੇਕਰ ਇਸ ਤਰਾਂ ਹੋ ਜਾਂਦਾ ਹੈ ਤਾਂ ਉਸਦੇ ਮਾਂ-ਪਿਓ ਤੇ ਕੀ ਗੁਜ਼ਰੇਗੀ? ਛੋਟੇ ਦੋ ਬੱਚਿਆਂ ਤੇ ਕੀ ਗੁਜ਼ਰੇਗੀ, ਜਿਨਾਂ ਦੀ ਉਮਰ ਅਜੇ ਸਿਰਫ ਚਾਰ ਸਾਲ ਤੇ ਸੱਤ ਸਾਲ ਹੀ ਹੈ? ਬੱਚਿਆਂ ਨੂੰ ਤਾਂ ਮਾਂ ਵੀ ਅਤੇ ਪਿਤਾ ਵੀ ਚਾਹੀਦਾ ਹੈ, ਜੇਕਰ ਇਹ ਬੱਚੇ ਸੋਨੀ ਨਾਲ ਚਲੇ ਜਾਂਦੇ ਹਨ ਤਾਂ ਉਹਨਾਂ ਨੂੰ ਪਿਤਾ ਨਹੀਂ ਮਿਲੇਗਾ, ਜੇਕਰ ਉਹ ਬੱਚੇ ਮੇਰੇ ਨਾਲ ਰਹਿਣਗੇ ਤਾਂ ਉਹਨਾਂ ਨੂੰ ਮਾਤਾ ਦਾ ਪਿਆਰ ਨਹੀਂ ਮਿਲੇਗਾ, ਮਾਤਾ ਦੀ ਮਮਤਾ ਨਹੀਂ ਮਿਲੇਗੀ ਅਤੇ ਬੱਚੇ ਕਠੋਰ ਹੋ ਜਾਣਗੇ, ਰੁਲ ਜਾਣਗੇ, ਵੱਧ-ਫੁੱਲ ਨਹੀਂ ਸਕਣਗੇ।

ਜੌਹਨੀ ਅਤੇ ਸੋਨੀ ਦੀ ਸ਼ਾਦੀ ਅੱਜ ਤੋਂ 12 ਸਾਲ ਪਹਿਲਾਂ ਬੜੀ ਧੂਮ-ਧਾਮ ਨਾਲ ਹੋਈ ਸੀ ਅਤੇ ਇਸ 12 ਸਾਲ ਦੇ ਅਰਸੇ ਦੌਰਾਨ ਉਹਨਾਂ ਦੇ ਦੋ ਬੱਚੇ, ਇੱਕ ਲੜਕਾ ਅਤੇ ਲੜਕੀ, ਹੋ ਗਏ ਜੋ ਬਹੁਤ ਖੂਬਸੂਰਤ ਸਨ। ਜਦੋਂ ਦੀ ਸੋਨੀ ਇਸ ਘਰ ਵਿੱਚ ਆਈ ਸੀ ਉਸਨੇ ਅੱਜ ਤੱਕ ਕੋਈ ਕੰਮ ਨਹੀਂ ਕੀਤਾ ਅਤੇ ਨਾ ਹੀ ਜੌਹਨੀ ਨੇ ਉਸ ਨੂੰ ਕੰਮ ਕਰਨ ਲਈ ਕਿਹਾ। ਜੌਹਨੀ ਦਾ ਮੰਨਣਾ ਸੀ ਕਿ ਸਿਰਫ ਕੰਮ ਹੀ ਹਰ ਚੀਜ਼ ਨਹੀਂ ਹੁੰਦਾ, ਪੈਸਾ ਹੀ ਹਰ ਚੀਜ਼ ਨਹੀਂ ਹੁੰਦਾ ਸਗੋਂ ਪਰਿਵਾਰ ਹੀ ਹਰ ਚੀਜ਼ ਹੁੰਦਾ ਹੈ। ਬੱਚੇ ਪਾਲਣਾ ਬਹੁਤ ਜਰੂਰੀ ਹੈ ਅਤੇ ਬਹੁਤ ਕਠਿਨ ਕੰਮ ਹੈ। ਸੋ ਉਸ ਨੇ ਸੋਨੀ ਨੂੰ ਕਦੇ ਵੀ ਕੰਮ ਕਰਨ ਲਈ ਨਹੀਂ ਕਿਹਾ, ਸਗੋਂ ਘਰ ਨੂੰ ਸੰਭਾਲਣਾ ਅਤੇ ਬੱਚਿਆਂ ਦੀ ਦੇਖਭਾਲ ਕਰਨਾ ਉਸ ਨੇ ਤਰਜੀਹੀ ਸਮਝਿਆ। ਇਸ 12 ਸਾਲ ਦੇ ਸਮੇਂ ਦੌਰਾਨ ਉਸਨੇ ਸੋਨੀ ਨੂੰ ਹਰ ਸੁੱਖ ਸਹੂਲਤ ਦਿੱਤੀ ਅਤੇ ਜੋ ਵੀ ਸੋਨੀ ਦੀ ਮੰਗ ਹੁੰਦੀ ਸੀ, ਪੂਰੀ ਕੀਤੀ ਚਾਹੇ ਇਸ ਲਈ ਉਸ ਨੂੰ ਕੋਈ ਵੀ ਮੁਸ਼ਕਿਲ ਕੰਮ ਕਰਨਾ

ਪਿਆ ਹੋਵੇ ਪਰੰਤੂ ਉਸਨੇ ਸੋਨੀ ਨੂੰ ਕਦੇ ਵੀ ਨਿਰਾਸ਼ ਅਤੇ ਉਦਾਸ ਨਹੀਂ ਸੀ ਹੋਣ ਦਿੱਤਾ। ਸਿਰਫ ਇੰਨਾ ਹੀ ਨਹੀਂ ਸਗੋਂ ਉਸਨੇ ਪਿਛਲੇ ਦੋ ਸਾਲਾਂ ਦੌਰਾਨ, ਜਦੋਂ ਦੇ ਉਹ ਕੈਨੇਡਾ ਗਏ ਹਨ, ਉੱਥੇ ਸੋਨੀ ਨੂੰ ਇਕ ਵਧੀਆ ਪੜ੍ਹਾਈ ਵੀ ਕਰਵਾਈ, ਜਿਸ ਨਾਲ ਸੋਨੀ ਹੁਣ ਕੰਮ ਕਰਨ ਦੇ ਕਾਬਲ ਹੋ ਗਈ ਅਤੇ ਆਪਣੀ ਨੌਕਰੀ ਕਰਦੀ ਸੀ।

ਕਿਸੇ ਦੇ ਦਿਮਾਗ਼ ਦਾ ਕੋਈ ਪਤਾ ਨਹੀਂ ਕਿ ਕੀ ਸੋਚ ਰਿਹਾ ਹੈ । ਸੋਨੀ ਅਨੁਸਾਰ ਜਿੰਦਗੀ ਵਿੱਚ ਵਧੀਆ ਵਧੀਆ ਬਰਾਂਡ ਦੇ ਕੱਪੜੇ, ਜੁੱਤੀਆਂ, ਸੈਂਡਲ, ਲਿਪਸਟਿਕ, ਹਾਰ-ਸ਼ਿੰਗਾਰ, ਮਹਿੰਗੀਆਂ ਕਾਰਾਂ, ਕੋਠੀਆਂ ਆਦਿ ਹੀ ਸਭ ਕੁਝ ਹੁੰਦਾ ਹੈ,ਪਰਿਵਾਰ ਕੁਝ ਵੀ ਨਹੀਂ ਹੁੰਦਾ। ਇਹ ਬਹੁਤ ਵੱਡੀ ਗਲਤ ਫਹਿਮੀ ਉਹ ਪਾਲੀ ਬੈਠੀ ਸੀ।

ਜੌਹਨੀ ਨੇ ਇਹ ਕੋਰਸ ਇਸ ਕਰਕੇ ਕਰਵਾਇਆ ਸੀ ਕਿ ਸੋਨੀ ਕਿਸੇ ਨੌਕਰੀ ਤੇ ਲੱਗ ਜਾਏਗੀ ਅਤੇ ਘਰ ਦਾ ਗੁਜ਼ਾਰਾ ਵਧੀਆ ਅਤੇ ਸੁਖਾਲਾ ਹੋ ਜਾਵੇਗਾ, ਕਿਉਂਕਿ ਇੱਕ ਬੰਦੇ ਦੀ ਕਮਾਈ ਨਾਲ ਘਰ ਨਹੀਂ ਚਲਦਾ, ਜੇਕਰ ਦੋਨੋਂ ਮੀਆਂ ਬੀਵੀ ਇਕੱਠੇ ਕੰਮ ਕਰਨਗੇ ਤਾਂ ਘਰ ਵਧੀਆ ਤਰੀਕੇ ਨਾਲ ਚੱਲ ਸਕਦਾ ਹੈ ਅਤੇ ਬੱਚਿਆਂ ਦਾ ਭਵਿੱਖ ਵਧੀਆ ਬਣ ਸਕਦਾ ਹੈ। ਇਸ ਨੌਕਰੀ ਦੇ ਕਾਰਨ ਹੀ ਸੋਨੀ ਦੇ ਦਿਮਾਗ ਵਿੱਚ ਇਹ ਗੱਲ ਘਰ ਕਰ ਗਈ ਸੀ ਕਿ ਉਸ ਨੂੰ ਸਿਰਫ ਪੈਸੇ ਚਾਹੀਦੇ ਹਨ ਜਿਹੜੇ ਉਸ ਨੂੰ ਨੌਕਰੀ ਤੋਂ ਮਿਲਦੇ ਹਨ ਬਾਕੀ ਉਸ ਨੂੰ ਹੋਰ ਕੁਝ ਨਹੀਂ ਚਾਹੀਦਾ। ਪ੍ਰੰਤੂ  ਇਹ ਉਸਦਾ ਭਰਮ ਸੀ, ਬਹੁਤ ਵੱਡਾ ਉਸ ਦੇ ਦਿਮਾਗ ਵਿੱਚ ਵਹਿਮ ਸੀ।

ਜੌਹਨੀ ਨੇ ਚਾਰ-ਛੇ ਮਹੀਨੇ ਦੀ ਇਸ ਕਸ਼ਮਕਸ਼ ਦੌਰਾਨ ਸੋਨੀ ਨੂੰ ਪੁੱਛਿਆ ਕਿ ਕੀ ਤੂੰ ਆਪਣੇ ਘਰ ਆਪਣੇ ਮਾਂ ਪਿਓ ਨੂੰ ਇਸ ਬਾਰੇ ਦੱਸਿਆ ਹੈ ਤਾਂ ਸੋਨੀ ਨੇ ਕਿਹਾ ਕਿ ਇਹ ਮੇਰਾ ਆਪਣਾ ਫੈਸਲਾ ਹੈ, ਮੇਰੇ ਮਾਂ ਪਿਓ ਨੇ ਇਸ ਵਿੱਚੋਂ ਕੀ ਲੈਣਾ ਹੈ। ਤੂੰ ਆਪਣੇ ਮਾਂ ਪਿਓ ਨੂੰ ਪੁੱਛਣਾ ਹੈ ਤਾਂ ਪੁੱਛ ਲੈ ਪਰ ਮੈਂ ਕਿਸੇ ਨੂੰ ਨਹੀਂ ਪੁੱਛਣਾ ਚਾਹੁੰਦੀ। ਜੌਹਨੀ ਨੂੰ ਪਤਾ ਸੀ ਕਿ ਉਸ ਦੇ ਮਾਤਾ-ਪਿਤਾ ਬਹੁਤ ਬਜ਼ੁਰਗ ਹਨ ਅਤੇ ਉਹ ਇਹ ਗੱਲ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਕਿ ਉਹਨਾਂ ਦੀ ਇਕਲੌਤੀ ਬੇਟੀ ਇਸ ਤਰ੍ਹਾਂ ਤਲਾਕ ਲਈ ਅੱਗੇ ਵਧੇ ਪਰ ਸੋਨੀ ਸੀ, ਅੜਬ ਘੋੜੀ ਦੀ ਤਰਾਂ, ਕਿ ਉਸਨੇ ਕਿਸੇ ਦੀ ਵੀ ਸਲਾਹ ਲਏ ਬਿਨਾਂ ਤਲਾਕ ਲਈ ਅੱਗੇ ਕਦਮ ਵਧਾ ਦਿੱਤੇ।

ਜੌਹਨੀ ਦੇ ਮਾਂ ਪਿਓ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਸੋਨੀ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ, ਆਪਣੇ ਬੁਢਾਪੇ  ਦਾ ਵਾਸਤਾ ਵੀ ਪਾਇਆ ਪਰੰਤੂ ਸੋਨੀ ਦੇ ਦਿਮਾਗ ਵਿੱਚ ਇੱਕ ਹੀ ਗੱਲ ਸੀ ਕਿ ਮੈਂ ਹੁਣ ਆਪਣੇ ਪੈਰਾਂ ਤੇ ਖੜੀ ਹੋ ਗਈ ਹਾਂ ਅਤੇ ਮੈਂ ਆਪਣੀ ਜਿੰਦਗੀ ਆਪ ਜਿਓਂ

ਸਕਦੀ ਹਾਂ, ਫ਼ੈਸਲੇ ਆਪ ਲੈ ਸਕਦੀ ਹਾਂ, ਮੈਨੂੰ ਕਿਸੇ ਦੀ ਕੋਈ ਜਰੂਰਤ ਨਹੀਂ ਪਰ ਇਹ ਉਸਦਾ ਵਹਿਮ ਸੀ, ਭਰਮ ਸੀ, ਭੁਲੇਖਾ ਸੀ।

ਜਿਉਂ ਹੀ ਉਸਨੇ ਆਪਣੇ ਇਸ ਫੈਸਲੇ ਬਾਰੇ ਆਪਣੇ ਮਾਤਾ ਪਿਤਾ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਵੀ ਬਹੁਤ ਬੁਰਾ ਮਨਾਇਆ ਅਤੇ ਬਹੁਤ ਸਮਝਾਇਆ ਪਰੰਤੂ ਪਾਣੀ ਸਿਰ ਤੋਂ ਲੰਘ ਚੁੱਕਿਆ ਸੀ ਅਤੇ ਉਸ ਸਮੇਂ ਤੱਕ ਤਲਾਕ ਦਾ ਫੈਸਲਾ ਹੋ ਚੁੱਕਿਆ ਸੀ। ਤਲਾਕ ਦੀ ਖਬਰ ਸੁਣਦੇ ਹੀ ਸੋਨੀ ਦੇ ਪਿਤਾ ਨੂੰ ਦਿਲ ਦਾ ਦੌਰਾ ਪਿਆ ਅਤੇ ਉਹ ਚੱਲ ਵਸਿਆ। ਅਜੇ ਸੋਨੀ ਦੇ ਪਿਤਾ ਨੂੰ ਪੂਰੇ ਹੋਏ ਦੋ ਮਹੀਨੇ ਵੀ ਨਹੀਂ ਸਨ ਹੋਏ ਕਿ ਮਾਤਾ ਜੀ ਵੀ ਚਲਾਣਾ ਕਰ ਗਏ। ਦੂਸਰੇ ਪਾਸੇ ਜੌਹਨੀ ਦੇ ਮਾਤਾ ਪਿਤਾ ਨੇ ਸਿਵਾਏ ਭਾਣਾ ਮੰਨਣ ਤੋਂ ਹੋਰ ਕੁਝ ਨਹੀਂ ਕੀਤਾ ਉਹਨਾਂ ਨੇ ਭਾਣਾ ਮੰਨ ਲਿਆ। ਉਨ੍ਹਾਂ ਨੇ ਸੋਨੀ ਨੂੰ ਬਹੁਤ ਸਮਝਾਇਆ ਸੀ ਪਰ ਉਹ ਨਹੀਂ ਮੰਨੀ। ਜਦੋਂ ਤੱਕ ਉਹ ਨੌਕਰੀ ਨਹੀਂ ਸੀ ਕਰਦੀ ਤਾਂ 10 ਸਾਲ ਤੱਕ ਉਹ ਇਸ ਪਰਿਵਾਰ ਨਾਲ ਹੀ ਰਹੀ ਪਰ ਹੁਣ ਕਿਉਂਕਿ ਉਹ ਨੌਕਰੀ ਕਰ ਰਹੀ ਸੀ ਉਸ ਨੂੰ ਆਪਣੇ ਪੈਸੇ ਦਾ ਗੁਮਾਨ ਹੋ ਗਿਆ ਅਤੇ ਦਿਮਾਗ ਖ਼ਰਾਬ ਹੋ ਗਿਆ ਸੀ ਅਤੇ ਇਸ ਗੁਮਾਨ ਦੇ ਕਾਰਨ ਹੀ ਉਸਨੇ ਆਪਣਾ ਪਰਿਵਾਰ ਵੀ ਤੋੜਿਆ, ਮਾਤਾ ਪਿਤਾ ਵੀ ਗੁਆਏ। ਖ਼ੈਰ, ਘਰ ਵੀ ਵੰਡ ਲਿਆ ਗਿਆ। ਪ੍ਰੰਤੂ ਹੁਣ ਸਮੱਸਿਆ ਇਹ ਆ ਰਹੀ ਸੀ ਕਿ ਦੋਨੋਂ ਬੱਚੇ ਜਿਹੜੇ ਸੋਨੀ ਦੇ ਨਾਲ ਰਹਿ ਰਹੇ ਸਨ ਉਹਨਾਂ ਨੂੰ ਸਕੂਲ ਛੱਡ ਕੇ ਆਉਣਾ ਤੇ ਲੈ ਕੇ ਆਉਣਾ, ਜਿੰਮੇਵਾਰੀ ਸਿਰਫ ਤੇ ਸਿਰਫ ਸੋਨੀ ਦੀ ਸੀ ਜਿਸ ਕਰਕੇ ਉਹ ਆਪਣੀ ਨੌਕਰੀ 'ਤੇ ਸਮੇਂ ਸਿਰ ਨਾ ਜਾ ਕੇ ਅਕਸਰ ਹੀ ਲੇਟ ਹੋ ਜਾਂਦੀ ਸੀ ਅਤੇ ਆਪਣੇ ਬੱਚਿਆਂ ਨੂੰ ਦੁਪਹਿਰ ਵੇਲੇ ਚੁੱਕਣ ਲਈ ਆਪਣੀ ਨੌਕਰੀ ਤੋਂ ਸਮੇਂ ਤੋਂ ਪਹਿਲਾਂ ਹੀ ਛੁੱਟੀ ਕਰਦੀ ਸੀ ਜਿਹੜਾ ਕਿ ਉਸਦੇ ਮਾਲਕਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਸੀ ਹੋ ਰਿਹਾ। ਉਨ੍ਹਾਂ ਨੇ ਸਮਝਾਇਆ ਪ੍ਰੰਤੂ ਸੋਨੀ ਦੀ ਵੀ ਮਜ਼ਬੂਰੀ ਸੀ। ਉਹਨਾਂ ਨੇ ਦੋ ਹਫਤੇ ਤੱਕ ਦੇਖਿਆ ਅਤੇ ਸੋਨੀ ਨੂੰ ਕਹਿ ਦਿੱਤਾ ਕਿ ਅਸੀਂ ਇਸ ਤਰ੍ਹਾਂ ਤੈਨੂੰ ਨੌਕਰੀ ਤੇ ਅੱਗੇ ਵਧਣ ਨਹੀਂ ਦੇ ਸਕਦੇ ਕਿਉਂਕਿ ਸਾਡੀਆਂ ਵੀ ਆਪਣੀਆਂ ਮਜਬੂਰੀਆਂ ਹਨ। ਇਹ ਕਹਿ ਕੇ ਉਹਨਾਂ ਨੇ ਸੋਨੀ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਸੋਨੀ ਵਾਰ ਵਾਰ ਇਹ ਸੋਚ ਰਹੀ ਸੀ ਕਿ ਉਸਨੇ ਇਹ ਕੀ ਕਰ ਲਿਆ ਹੈ। ਹਾਲਾਤ ਇਹ ਹੋ ਗਏ ਕਿ ਉਸ ਕੋਲ ਤਾਂ ਘਰ ਦੀ ਕਿਸ਼ਤ ਦੇਣ ਲਈ ਵੀ ਪੈਸੇ ਨਹੀਂ ਸਨ ਅਤੇ ਬਾਕੀ ਖਰਚੇ ਵੀ ਬੜੀ ਮੁਸ਼ਕਿਲ ਨਾਲ ਚਲਦੇ ਸਨ।

ਉਸਨੇ ਦੁਬਾਰਾ ਵਿਆਹ ਕਰਵਾਉਣ ਬਾਰੇ ਵੀ ਸੋਚਿਆ, ਇਕੱਲਿਆਂ ਜ਼ਿੰਦਗੀ ਕੱਟਣ ਦਾ ਵੀ ਸੋਚਿਆ ਪਰੰਤੂ ਸਮਾਜੀ ਭੇੜੀਆਂ ਦਾ ਖਤਰਾ ਉਸਦੇ ਸਾਹਮਣੇ ਆ ਖੜਾ ਹੋਇਆ, ਉਸਨੇ ਕਿਸੇ ਹੋਰ ਨਾਲ ਸਾਂਝੇ ਤੌਰ ਤੇ ਰਹਿਣ ਬਾਰੇ ਵੀ ਸੋਚਿਆ, ਪੰਤੂ ਕਿਸੇ ਗੈਰ 'ਤੇ ਵਿਸ਼ਵਾਸ਼ ਕਰਨਾ ਉਸ ਲਈ ਅੜਿੱਕਾ ਬਣ ਰਿਹਾ ਸੀ, ਆਪਣੇ ਹੀ ਕਿਸੇ ਸਕੇ ਸਬੰਧੀ ਦੇ ਘਰ ਰਹਿਣ ਦਾ ਖਿਆਲ ਆਇਆ

ਤਾਂ ਉੱਥੇ ਵੀ ਉਹ ਫੈਸਲਾ ਲੈਣ ਵਿੱਚ ਸਫਲ ਨਾਂ ਹੋਈ। ਉਹ ਪੂਰਨ ਤੌਰ ਤੇ ਟੁੱਟ ਚੁੱਕੀ ਸੀ। ਉਹ ਸੋਚ ਰਹੀ ਸੀ ਕਿ ਉਹ ਕੀ ਕਰੇ। ਕਿਉਂਕਿ ਉਸ ਕੋਲ ਕਾਰ ਵੀ ਨਹੀਂ ਸੀ, ਲਾਈਸੈਂਸ ਤਾਂ ਸੀ ਪਰੰਤੂ ਗੱਡੀ ਚਲਾਉਣ ਲੱਗਿਆਂ ਉਹ ਡਰਦੀ ਬਹੁਤ ਸੀ। ਉਹ ਨਿਹੱਥੀ ਹੋ ਕੇ ਬੈਠ ਗਈ ਸੀ। ਪਤਾ ਨਹੀਂ ਉਸ ਦੇ ਦਿਮਾਗ ਵਿੱਚ ਕੀ ਸੀ ਕਿ ਉਸ ਨੇ ਐਡਾ ਵੱਡਾ ਫੈਸਲਾ ਬਿਨਾ ਸੋਚੇ ਸਮਝੇ ਹੀ ਕਰ ਲਿਆ ਜਿਹੜਾ ਕਿ ਉਸ ਨੂੰ ਆਪਣੇ ਮਾਂ ਪਿਓ ਦੀ ਜਾਨ ਦੀ ਕੀਮਤ ਦੇ ਕੇ ਪੂਰਾ ਕਰਨਾ ਪਿਆ।

ਇਸੇ ਦੌਰਾਨ, ਜੌਹਨੀ ਆਪਣੇ ਬਜ਼ੁਰਗ ਮਾਤਾ ਪਿਤਾ ਨੂੰ ਲੈ ਕੇ ਕਿਤੇ ਦੂਰ, ਦੂਸਰੇ ਸ਼ਹਿਰ ਵਿੱਚ ਚਲਾ ਗਿਆ ਸੀ। ਹੁਣ ਸੋਨੀ ਕੋਲ ਕੋਈ ਜਿਆਦਾ ਵਿਕਲਪ ਨਹੀਂ ਸਨ।

ਅੱਜ ਦੋ ਮਹੀਨੇ ਬਾਅਦ ਸੋਨੀ ਦਾ ਫੋਨ ਆਇਆ ਅਤੇ ਉਹ ਬਹੁਤ ਰੋ ਰਹੀ ਸੀ ਅਤੇ ਵਾਰ-ਵਾਰ ਕਹਿ ਰਹੀ ਸੀ ਕਿ ਮੈਂ ਬਹੁਤ ਵੱਡੀ ਗਲਤੀ ਕਰ ਚੁੱਕੀ ਹਾਂ । ਮੈਨੂੰ ਮਾਫ ਕਰ ਦਿੱਤਾ ਜਾਵੇ। ਮੈਂ ਤੁਹਾਡੇ ਮਾਤਾ ਪਿਤਾ ਤੋਂ ਵੀ ਮਾਫੀ ਮੰਗਾਂਗੀ। ਉਹਨਾਂ ਦੇ ਪੈਰਾਂ ਤੇ ਵੀ ਡਿੱਗਾਂਗੀ ਅਤੇ ਉਹਨਾਂ ਨੂੰ ਵੀ ਮਨਾ ਲਵਾਂਗੀ। ਤੁਸੀਂ ਕਿਰਪਾ ਕਰਕੇ ਮੈਨੂੰ ਵਾਪਸ ਲੈ ਲਓ ਅਤੇ ਮੇਰੀ ਗਲਤੀ ਮਾਫ ਕਰ ਦਿਓ। ਮੈਂ ਅਜਿਹੀ ਗਲਤੀ ਕਰਨ ਬਾਰੇ ਦੁਬਾਰਾ ਕਦੇ ਵੀ ਨਹੀਂ ਸੋਚਾਂਗੀ, ਮੈਂ ਪਹਿਲਾਂ ਹੀ ਬਹੁਤ ਨੁਕਸਾਨ ਉਠਾ ਚੁੱਕੀ ਹਾਂ ਅਤੇ ਮੈਂ ਨਹੀਂ ਚਾਹੁੰਦੀ ਕਿ ਇਸ ਤੋਂ ਅੱਗੇ ਕੋਈ ਹੋਰ, ਤੁਹਾਡੇ ਮਾਤਾ ਪਿਤਾ ਦਾ ਨੁਕਸਾਨ ਹੋਵੇ ਜਾਂ ਕਿਸੇ ਹੋਰ ਘਰ ਦੇ ਮੈਂਬਰ ਦਾ ਨੁਕਸਾਨ ਹੋਵੇ ਜਿਸ ਦੀ ਕਿ ਕੀਮਤ ਬਹੁਤ ਜਿਆਦਾ ਦੇਣੀ ਪੈਂਦੀ ਹੈ। ਮੈਂ ਇਹ ਆਪਣੇ ਮਾਂ ਪਿਓ ਨੂੰ ਗਵਾ ਕੇ ਜਾਣ ਚੁੱਕੀ ਹਾਂ ਕਿ ਇਹ ਕੀਮਤ ਬਹੁਤ ਜਿਆਦਾ ਦੇਣੀ ਪੈਂਦੀ ਹੈ। ਕਿਰਪਾ ਕਰਕੇ ਮੈਨੂੰ ਮਾਫ ਕਰ ਦਿਓ, ਕਿਰਪਾ ਕੇ ਮੈਨੂੰ ਮਾਫ ਕਰ ਦਿਓ।

ਅਤੇ ਅੱਜ ਜੌਹਨੀ ਅਤੇ ਸੋਨੀ ਫਿਰ ਤੋਂ ਦੁਬਾਰਾ ਇੱਕਠੇ ਆਪਣੇ ਪਹਿਲੇ ਵਾਲੇ ਘਰ ਵਿੱਚ ਆਪਣੇ ਬੱਚਿਆਂ ਅਤੇ ਜੌਹਨੀ ਦੇ ਬਜੁਰਗ ਮਾਤਾ ਪਿਤਾ ਸਮੇਤ ਖ਼ੁਸ਼ੀ ਖ਼ੁਸ਼ੀ ਰਹਿ ਰਹੇ ਸਨ।

ਭੁੱਲਿਆ ਨਾ ਜਾਣੀਏ ਜੇਕਰ ਸ਼ਾਮ ਨੂੰ ਘਰ ਵਾਪਿਸ ਆ ਜਾਵੇ।

✲✲✲

# ਦਖਲ-ਅੰਦਾਜ਼ੀ

ਕੋਈ ਵੀ ਇਨਸਾਨ, ਚਾਹੇ ਛੋਟਾ ਹੋਵੇ, ਵੱਡਾ ਹੋਵੇ, ਬੱਚਾ ਹੋਵੇ ਜਾਂ ਬੁੱਢਾ ਹੋਵੇ ਆਪਣੇ ਕੰਮ ਵਿੱਚ, ਜੋ ਆਪਣੇ ਹਿਸਾਬ ਨਾਲ ਕਰ ਰਿਹਾ ਹੈ , ਉਸ ਵਿੱਚ ਕਿਸੇ ਹੋਰ ਦੀ ਦਖਲ ਅੰਦਾਜੀ ਬਰਦਾਸ਼ਤ ਹੀ ਨਹੀਂ ਕਰਦਾ। ਇਹ ਆਮ ਤੌਰ ਤੇ ਕਹਾਵਤ ਹੈ ਕਿ "ਤੂੰ ਦੂਸਰਿਆਂ ਦੇ ਕੰਮ ਵਿੱਚ ਟੰਗ ਨਾ ਅੜਾ, ਆਪਣਾ ਕੰਮ ਕਰ"। ਅੰਗਰੇਜ਼ੀ ਵਿੱਚ ਕਹਿੰਦੇ ਹਨ, "mind your own business"

ਅਸੀਂ ਇਨਸਾਨ ਕਿਸੇ ਦੂਸਰੇ ਇਨਸਾਨ ਦੀ ਆਪਣੇ ਕੰਮਾਂ ਵਿੱਚ ਦਖਲਅੰਦਾਜ਼ੀ ਨੂੰ ਬਰਦਾਸ਼ਤ ਹੀ ਨਹੀਂ ਕਰਦੇ ਪਰ ਅਸੀਂ ਦੂਸਰਿਆਂ ਦੇ ਕੰਮਾਂ ਵਿੱਚ ਟੰਗ ਅੜਾਉਣ ਤੋਂ ਬਿਨਾਂ ਰਹਿ ਵੀ ਨਹੀਂ ਸਕਦੇ। ਇਹੀ ਕਾਰਨ ਹੈ ਕਿ ਅਸੀਂ ਆਪਣੀ ਇੱਜਤ ਆਪ ਗੁਆ ਬੈਠਦੇ ਹਾਂ। ਅਸੀਂ ਦੇਖਦੇ ਹਾਂ ਘਰਾਂ ਵਿੱਚ ਨੂੰਹਾਂ ਦੇ ਕੰਮਾਂ ਵਿੱਚ ਸੱਸ ਅਤੇ ਸਹੁਰੇ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਟੰਗ ਅੜਾਉਂਦੇ ਹੀ ਹਨ ਅਤੇ ਆਪਣੀ ਬੇਇਜ਼ਤੀ ਕਰਾਉਂਦੇ ਰਹਿੰਦੇ ਹਨ।

ਇਹ ਤਾਂ ਗੱਲ ਸੀ ਇਨਸਾਨਾਂ ਦੀ। ਜੇਕਰ ਗੱਲ ਕਰੀਏ ਕੁਦਰਤ ਦੀ ਤਾਂ ਕੁਦਰਤ, ਜੋ ਸਭ ਤੋਂ ਉੱਪਰ ਹੈ, ਸਭ ਤੋਂ ਬਲਵਾਨ ਹੈ, ਸਭ ਕੁਝ ਉਸਦੇ ਅਨੁਸਾਰ ਹੋ ਰਿਹਾ ਹੈ, ਉਸਦੇ ਮੁਤਾਬਿਕ ਹੋ ਰਿਹਾ ਹੈ, ਉਸ ਦੇ ਕਹਿਣ 'ਤੇ ਹੋ ਰਿਹਾ ਹੈ, ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਕੁਦਰਤ ਆਪਣੇ ਕਿਸੇ ਵੀ ਕੰਮ ਵਿੱਚ ਇਨਸਾਨ ਦੀ ਦਖਲਅੰਦਾਜ਼ੀ ਬਰਦਾਸ਼ਤ ਕਰੇਗੀ। ਤੁਸੀਂ ਦੇਖਿਆ ਹੋਣਾ ਹੈ ਕਿ 15 ਅਪ੍ਰੈਲ 2024 ਨੂੰ ਦੁਬਈ ਸ਼ਹਿਰ, ਜੋ ਕਿ ਬਣਿਆ ਹੀ ਰੇਗਿਸਤਾਨ ਵਿੱਚ ਹੈ ਅਤੇ ਉਥੋਂ ਦੇ ਵਾਤਾਵਰਣ ਅਨੁਸਾਰ ਹੀ ਉਹਨਾਂ ਨੇ ਆਪਣੇ ਸ਼ਹਿਰ ਦੇ ਪਾਣੀ ਦਾ ਨਿਕਾਸ ਅਤੇ ਹੋਰ ਇੰਤਜਾਮ ਉਸੇ ਹਿਸਾਬ ਨਾਲ ਕੀਤੇ ਹੋਏ ਹਨ ਕਿ ਉਨਾਂ ਨੂੰ ਜਿਆਦਾ ਪਾਣੀ ਦੀ ਨਿਕਾਸੀ ਦਾ ਫਿਕਰ ਨਹੀਂ ਹੁੰਦਾ।

ਕਿਹਾ ਜਾਂਦਾ ਹੈ ਕਿ ਉੱਥੋਂ ਦੀ ਸਰਕਾਰ ਨੇ ਉੱਥੇ ਨਕਲੀ ਤਰੀਕੇ ਨਾਲ ਮੀਂਹ ਪਵਾਉਣ ਲਈ ਜਹਾਜਾਂ ਦੇ ਰਾਹੀਂ ਕਈ ਗੈਸਾਂ ਅਸਮਾਨ ਵਿੱਚ ਛੱਡੀਆਂ ਜਿਸ ਕਾਰਨ ਮੀਹ ਬਹੁਤ ਪਿਆ। ਸਿਰਫ ਮੀਂਹ ਹੀ ਨਹੀਂ ਪਿਆ ਸਗੋਂ ਦੁਬਈ ਅਤੇ ਆਸ ਪਾਸ ਦੇ ਹੋਰ ਮੁਲਕਾਂ ਵਾਸਤੇ ਵੀ ਆਫਤ ਦਾ ਸਬੱਬ ਬਣਿਆ। ਦੁਬਈ ਤਾਂ ਇਸ ਮੀਹ ਦੀ ਮਾਰ ਹੇਠਾਂ ਇਸ ਤਰ੍ਹਾਂ ਆਇਆ ਹੈ ਜਿਸ ਤਰ੍ਹਾਂ ਇੱਕ ਵੱਸਦੇ-ਰਸਦੇ ਘਰ ਉੱਪਰ ਛੱਤ ਆ ਡਿੱਗਦੀ ਹੈ। ਮੀਹ ਨੇ ਹਰ ਪਾਸੇ ਬੁਰੀ ਤਰ੍ਹਾਂ ਤਬਾਹੀ ਮਚਾਈ ਅਤੇ ਉਥੋਂ ਦੀ ਸਰਕਾਰ ਵੀ ਤੌਬਾ ਕਰਕੇ ਰਹਿ ਗਈ ਕਿ ਇਹ ਅਸੀਂ ਕੀ ਪੰਗਾ ਲੈ ਬੈਠੇ? ਸੋ ਸਾਨੂੰ ਇਸ ਤੋਂ ਇਹ ਸਿੱਖਿਆ ਲੈਣੀ ਚਾਹੀਦੀ ਹੈ ਕਿ ਸਾਨੂੰ ਕਦੇ ਵੀ ਦੂਸਰਿਆਂ ਦੇ ਕੰਮਾਂ ਵਿੱਚ ਆਪਣੀ ਟੰਗ ਨਹੀਂ ਅੜਾਉਣੀ ਚਾਹੀਦੀ, ਇਸ ਤਰ੍ਹਾਂ ਕਰਨ ਨਾਲ ਅਸੀਂ ਆਪ ਵੀ ਸੁਖੀ ਤੇ ਦੂਸਰੇ ਮੈਂਬਰ ਵੀ ਸੁਖੀ। ***

# ਇਤਫਾਕ

ਦਾਸ ਨੂੰ 15 ਸਾਲ ਤੱਕ ਨਿਊਜ਼ੀਲੈਂਡ ਦੇ ਔਕਲੈਂਡ ਸ਼ਹਿਰ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਸੁਭਾਗ ਇਸ ਲਈ ਕਹਿੰਦੇ ਹਾਂ ਕਿ ਨਿਊਜ਼ੀਲੈਂਡ ਮੁਲਕ ਦੁਨੀਆਂ ਦੇ ਸਭ ਤੋਂ ਸੋਹਣੇ ਦੇਸ਼ਾਂ ਵਿੱਚੋਂ ਇੱਕ ਦੇਸ਼ ਹੈ। ਆਪਣੇ 15 ਸਾਲ ਦੇ ਇਸ ਕਾਲ ਦੌਰਾਨ ਦਾਸ ਨੂੰ ਸੱਤ ਸਾਲ ਤੱਕ ਔਕਲੈਂਡ ਸ਼ਹਿਰ ਵਿੱਚ ਟੈਕਸੀ ਚਲਾਉਣ ਦਾ ਮੌਕਾ ਮਿਲਿਆ ਹੈ। ਇਸ ਅਰਸੇ ਦੌਰਾਨ ਬਹੁਤ ਵਾਰ ਆਸੇ ਪਾਸੇ ਦੇ ਸ਼ਹਿਰਾਂ ਵਿੱਚ ਜਾਣ ਦਾ ਮੌਕਾ ਮਿਲਿਆ ਹੈ, ਇੱਕ ਵਾਰ ਨਹੀਂ ਕਈ-ਕਈ ਵਾਰ। ਔਕਲੈਂਡ ਸ਼ਹਿਰ ਤੋਂ ਤਕਰੀਬਨ 35-40 ਮਿੰਟ ਦੇ ਵਕਫੇ ਤੇ ਇੱਕ ਏਰੀਆ ਹੈ ਜਿਸ ਨੂੰ ਨੌਰਥ ਸ਼ੋਰ ਕਹਿੰਦੇ ਹਨ। ਬਹੁਤ ਵਾਰ ਉੱਥੇ ਗਏ ਹਾਂ, ਬਹੁਤ ਵਾਰ ਕੰਮ ਵੀ ਉੱਥੇ ਕੀਤਾ ਹੈ ਪਰ ਕਦੇ ਉੱਥੋਂ ਦੇ ਸਰਕਾਰੀ ਹਸਪਤਾਲ ਵਿੱਚ ਜਾਣ ਦਾ ਮੈਨੂੰ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਮੈਂ ਸੁਭਾਗ ਹੀ ਕਹਾਂਗਾ ਜੋ ਤੁਹਾਡੀ ਜਾਨ ਬਖਸ਼ੀ ਜਾਂਦੀ ਹੈ। ਮੈਂ ਰਾਤ ਨੂੰ ਟੈਕਸੀ ਚਲਾਉਂਦਾ ਸੀ ਅਤੇ ਸਵੇਰ ਵੇਲੇ ਤਕਰੀਬਨ ਤਿੰਨ- ਚਾਰ ਵਜੇ ਮੈਂ ਆਪਣਾ ਕੰਮ ਬੰਦ ਕਰਦਾ ਹੁੰਦਾ ਸੀ। ਉਸ ਦਿਨ ਮੈਂ ਆਪਣੀ ਸ਼ਿਫਟ ਦੇ ਅਖੀਰ ਵਿੱਚ ਨਾਰਥ ਸ਼ੋਰ ਹੀ ਸੀ ਅਤੇ ਮੈਨੂੰ ਇੱਕ ਕਾਲ ਆਈ ਜੋ ਕਿ ਇੱਕ ਨਰਸ ਦੀ ਸੀ, ਜਿਸਨੇ ਉਸ ਨਾਰਥ ਸ਼ੋਰ ਹਸਪਤਾਲ ਵਿੱਚ ਹੀ ਜਾਣਾ ਸੀ। ਇਹ ਪਹਿਲੀ ਵਾਰ ਸੀ ਜਦ ਮੈਂ ਉਸ ਹਸਪਤਾਲ ਵਿੱਚ ਕਿਸੇ ਨੂੰ ਚੱਕਣ ਲਈ ਜਾਂ ਛੱਡਣ ਲਈ ਗਿਆ ਸੀ। ਮੈਂ ਉਸ ਨੂੰ ਉਤਾਰ ਕੇ ਅਜੇ ਬਾਹਰ ਨਿਕਲਿਆ ਹੀ ਸੀ ਕਿ ਮੇਰੀ ਸ਼ਰਟ ਦੇ ਉੱਪਰ ਲਾਲ ਰੰਗ ਦਾ ਕੁਛ ਮੈਨੂੰ ਦਿਸਿਆ। ਜਦ ਮੈਂ ਗਹੁ ਨਾਲ ਤੱਕਿਆ ਤਾਂ ਮੇਰੇ ਨੱਕ ਵਿੱਚੋਂ ਖੂਨ ਵਗ ਰਿਹਾ ਸੀ, ਕਾਰਨ ਮੈਨੂੰ ਨਹੀਂ ਪਤਾ। ਮੈਂ ਇਕਦਮ ਗੱਡੀ ਵਾਪਸ ਮੋੜੀ ਅਤੇ ਉਸ ਹਸਪਤਾਲ ਦੇ ਅੰਦਰ ਚਲਾ ਗਿਆ। ਜੇਕਰ ਮੈਂ ਦੂਰ ਵੀ ਹੁੰਦਾ ਤਾਂ ਹਸਪਤਾਲ ਲੱਭਣਾ ਉੱਥੋਂ ਕੋਈ ਔਖਾ ਨਹੀਂ ਕਿਉਂਕਿ ਹਰ ਇੱਕ ਚੀਜ਼ ਗੂਗਲ ਅਤੇ ਯੂ ਟੀਊਬ 'ਤੇ ਪਈ ਹੈ।

ਪਰ ਦੇਖੋ ਕਿਸਮਤ ਦੀ ਗੱਲ ਕਿ ਸਿਰਫ ਦੋ ਮਿੰਟ ਪਹਿਲਾਂ ਮੈਂ ਉੱਥੋਂ ਨਿਕਲਿਆ ਤੇ ਫਿਰ ਵਾਪਸ ਚਲਾ ਗਿਆ। ਮੈਂ ਹਸਪਤਾਲ ਦੇ ਐਮਰਜੰਸੀ ਵਾਰਡ ਦੇ ਮੂਹਰੇ ਆਪਣੀ ਗੱਡੀ ਖੜ੍ਹਾ ਕੇ ਹਸਪਤਾਲ ਦੇ ਅੰਦਰ ਚਲਾ ਗਿਆ ਤੇ ਉੱਥੇ ਤੱਕ ਪਹੁੰਚਦੇ ਪਹੁੰਚਦੇ ਮੇਰੀ ਸਾਰੀ ਕਮੀਜ਼ ਖਰਾਬ ਹੋ ਗਈ, ਮੇਰੇ ਕੋਲ ਇੱਕ ਤੌਲੀਆ ਰੱਖਿਆ ਸੀ ਉਹ ਵੀ ਖਰਾਬ ਹੋ ਗਿਆ ਅਤੇ ਮੈਂ ਕਾਊਂਟਰ ਤੇ ਜਾ ਕੇ ਖੜ੍ਹ ਗਿਆ ਅਤੇ ਉਹਨਾਂ ਨੇ ਮੈਨੂੰ ਇੱਕ ਹੋਰ ਕੱਪੜਾ ਦਿੱਤਾ ਤਾਂ ਕਿ ਮੈਂ ਇਸ ਸਭ ਕੁਝ ਨੂੰ ਸਾਫ ਕਰ ਸਕਾਂ।

ਮੈਂ ਉੱਪਰ ਸ਼ਬਦ ਇਤਫਾਕ ਇਸ ਲਈ ਵਰਤਿਆ ਹੈ ਕਿਉਂਕਿ ਮੈਂ ਇਤਫਾਕਨ ਤੌਰ 'ਤੇ ਉਸ ਹਸਪਤਾਲ ਵਿੱਚ ਪਹਿਲੀ ਵਾਰ ਹੀ ਕਿਸੇ ਨੂੰ ਛੱਡਣ ਗਿਆ ਸੀ

ਅਤੇ ਦੋ ਮਿੰਟ ਬਾਅਦ ਮੈਨੂੰ ਖੁਦ ਉੱਥੇ ਉਸੇ ਹਸਪਤਾਲ ਵਿੱਚ ਮਰੀਜ਼ ਬਣ ਕੇ ਜਾਣਾ ਪਿਆ।

ਸੋ ਜ਼ਿੰਦਗੀ ਵਿੱਚ ਬਹੁਤ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਇਤਫਾਕਨ ਵਰਤ ਜਾਂਦੀਆਂ ਹਨ ਪਰੰਤੂ ਵਾਹਿਗੁਰੂ ਦੀ ਕਿਰਪਾ ਅਤੇ ਦਇਆ ਦ੍ਰਿਸ਼ਟੀ ਚਾਹੀਦੀ ਹੈ ਕਿ ਤੁਸੀਂ ਅਜਿਹੇ ਮੌਕੇ ਨੂੰ ਕਿਸ ਤਰ੍ਹਾਂ ਲੈਂਦੇ ਹੋ। ਪਰਮਾਤਮਾ ਦਾ ਬਹੁਤ ਬਹੁਤ ਸ਼ੁਕਰ ਹੈ ਕਿ ਉਸਨੇ ਹਰ ਵਕਤ ਆਪਣਾ ਹੱਥ ਦੇ ਕੇ ਹੀ ਰੱਖਿਆ ਹੈ।

✲✲✲

# ਕੁਝ ਜ਼ਰੂਰੀ ਗੱਲਾਂ

ਟੈਕਸੀ ਚਲਾਉਂਦੇ ਚਲਾਉਂਦੇ ਕਈ ਵਾਰ ਅਜਿਹੇ ਬੱਚੇ ਵੀ ਮਿਲਦੇ ਹਨ, ਸਿਆਣੇ ਵੀ ਮਿਲਦੇ ਹਨ ਜਿਨਾਂ ਨੇ ਆਪਣੇ ਘਰ ਤੋਂ ਦੋ ਤਿੰਨ ਕਿਲੋਮੀਟਰ ਦੂਰ ਤੱਕ gym ਜਾਣਾ ਹੁੰਦਾ ਹੈ। ਗੱਲਬਾਤ ਕੀਤਿਆਂ ਪਤਾ ਲੱਗਦਾ ਹੈ ਕਿ ਉਹ gym ਆਪਣਾ ਸਰੀਰ ਬਣਾਉਣ ਲਈ ਜਾ ਰਹੇ ਹਨ ਤਾਂ ਮੈਂ ਉਹਨਾਂ ਨੂੰ ਕਹਿੰਦਾ ਹੁੰਦਾ ਹਾਂ ਕਿ ਭਲਿਓ ਮਾਨਸੋ ਤੁਸੀਂ gym ਵਿੱਚ ਮਸ਼ੀਨਾਂ ਉੱਪਰ ਭੱਜਣ ਜਾਣਾ ਹੈ ਤੇ ਆਹ ਦੋ ਤਿੰਨ ਕਿਲੋਮੀਟਰ ਜਿਹੜੇ ਤੁਸੀਂ ਘਰ ਤੋਂ ਦੂਰ ਹੋ, ਇਹ ਤੁਰ ਕੇ ਜਾਓ, ਭੱਜ ਕੇ ਜਾਓ। ਤੁਹਾਡੀ ਕਸਰਤ ਵੀ ਹੋ ਜਾਏਗੀ ਨਾਲੇ ਜਿਹੜੇ 10-15 ਡਾਲਰ ਮੈਨੂੰ ਦਿੱਤੇ ਹਨ ਉਹ ਵੀ ਨਹੀਂ ਦੇਣੇ ਪੈਣਗੇ ਪਰ ਨਹੀਂ ਸਮਝਦੇ ਲੋਕ। ਦੋ-ਢਾਈ ਕਿਲੋਮੀਟਰ ਜਾਣ ਲਈ ਟੈਕਸੀ, gym ਵਿੱਚ ਜਾ ਕੇ ਅੱਧਾ ਘੰਟਾ ਪੈਸੇ ਦੇ ਕੇ ਭੱਜਣਾ ਇਹ ਕਿੱਧਰ ਦੀ ਸਿਆਣਪ ਹੈ ਜੀ। ਕੀ ਇਹ ਮੂਰਖਤਾ ਨਹੀਂ, ਮੇਰੇ ਹਿਸਾਬ ਨਾਲ ਤਾਂ ਮੂਰਖਤਾ ਹੀ ਹੈ, ਬਾਕੀ ਭਾਈ ਉਹ ਲੋਕ ਸਿਆਣੇ ਹਨ ਜੋ ਕਰਦੇ ਹਨ ਉਹਨਾਂ ਕੋਲ ਪੈਸੇ ਵੀ ਜਿਆਦਾ ਹੁੰਦੇ ਹਨ ਇਸੇ ਲਈ ਤਾਂ 10-15 ਡਾਲਰ ਟੈਕਸੀ ਦੇ ਵੀ ਦਿੰਦੇ ਹਨ। ਖ਼ੈਰ ਚਲੋ ਛੱਡੋ ਜੀ ਆਪਾਂ ਕੀ ਲੈਣਾ।

ਦਾਸ ਦੀ ਪੋਤਰੀ ਹਰ ਸ਼ਨੀਵਾਰ ਨੂੰ ਮੈਲਬਰਨ ਅਸਟ੍ਰੇਲੀਆ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਦੀ ਕਲਾਸ ਲਾਉਣ ਲਈ ਜਾਂਦੀ ਹੈ। ਉੱਥੇ ਹੋਰ ਵੀ ਬਹੁਤ ਪਰਿਵਾਰ ਕੁੜੀਆਂ, ਬੁੜੀਆਂ, ਸਿਆਣੇ, ਆਉਂਦੇ ਹਨ ਜੋ ਆਪਣੇ ਪੋਤੇ ਪੋਤੀਆਂ ਨੂੰ ਨਾਲ ਲੈ ਕੇ ਆਉਂਦੇ ਹਨ। ਉੱਥੇ ਜਾ ਕੇ ਇੱਕ ਗੱਲ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਜਿਹੜੀਆਂ ਬੀਬੀਆਂ ਆਪਣੇ ਬੱਚਿਆਂ ਨੂੰ ਉੱਥੇ ਪੰਜਾਬੀ ਸਿਖਾਉਣ ਲਈ ਲੈ ਕੇ ਆਉਂਦੀਆਂ ਹਨ, ਜੇਕਰ ਕੋਈ ਬੱਚਾ ਸ਼ਰਾਰਤ ਕਰਦਾ ਹੈ ਤਾਂ ਉਹਨਾਂ ਨੂੰ ਉਹ ਅੰਗਰੇਜ਼ੀ ਵਿੱਚ ਹੀ ਡਾਂਟ ਪਾਉਂਦੀਆਂ ਹਨ, shevi don't do this,shevi listen to me,shevi hold my hand ਆਦਿ। ਮੈਂ ਉਹਨਾਂ ਨੂੰ ਕਹਿੰਦਾ ਹੁੰਦਾ ਹਾਂ ਕਿ ਭਾਈ ਬੀਬਾ ਮੈਨੂੰ ਤਾਂ ਇਹ ਸਮਝ ਨਹੀਂ ਆਉਂਦੀ ਕਿ ਤੁਹਾਨੂੰ ਅੰਗਰੇਜ਼ੀ ਬਹੁਤ ਜਿਆਦਾ ਆਉਂਦੀ ਹੈ ਜਾਂ ਸਾਨੂੰ ਨਹੀਂ ਆਉਂਦੀ। ਤੁਸੀਂ ਅੱਜ ਗੁਰਦੁਆਰੇ ਆਏ ਹੋ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ, ਅੱਜ ਤਾਂ ਪੰਜਾਬੀ ਵਿੱਚ ਗੱਲ ਕਰ ਲਓ। ਤੁਹਾਡੇ ਵਿਹਾਰ ਤੋਂ ਇਹ ਪਤਾ ਚੱਲਦਾ ਹੈ ਕਿ ਤੁਸੀਂ ਬੱਚਿਆਂ ਨੂੰ ਘਰ ਵਿੱਚ ਸਿਰਫ ਤੇ ਸਿਰਫ ਅੰਗਰੇਜ਼ੀ ਹੀ ਸਿਖਾਉਂਦੇ ਹੋ, ਅੰਗਰੇਜ਼ੀ ਹੀ ਬੋਲਦੇ ਹੋ,ਇਸ ਤਰ੍ਹਾਂ ਦੋ ਚਾਰ ਘੰਟੇ ਲਈ ਗੁਰਦੁਆਰੇ ਬੱਚਿਆਂ ਨੂੰ ਭੇਜ ਕੇ ਤੁਸੀਂ ਇਹਨਾਂ ਨੂੰ ਕੀ ਸਿਖਾ ਲਵੋਗੇ? ਜੇਕਰ ਤੁਸੀਂ ਇਹਨਾਂ ਨੂੰ ਸਿਖਾਉਣਾ ਹੈ, ਭਾਈ ਬੀਬਾ ਇਹਨਾਂ ਨੂੰ ਘਰੇ ਪੰਜਾਬੀ ਬੋਲਣ ਲਾਓ, ਘਰੇ ਪੰਜਾਬੀ ਸਿਖਾਓ।

ਗੁਰਦੁਆਰੇ ਵੀ ਨਾਲ ਲੈ ਕੇ ਆਓ, ਘਰੇ ਵੀ ਸਿਖਾਓ। ਘਰ ਵਿੱਚ ਜੇਕਰ ਤੁਸੀਂ ਇਹਨਾਂ ਨਾਲ ਪੰਜਾਬੀ ਦੀ ਥਾਂ ਅੰਗਰੇਜ਼ੀ ਵਿੱਚ ਗੱਲ ਕਰੋਗੇ ਤਾਂ ਇਹ ਪੰਜਾਬੀ ਨਹੀਂ ਸਿੱਖ ਸਕਦੇ। ਸੋ ਮੇਰੀ ਇਹੀ ਸੋਚਣੀ ਹੈ, ਬਾਕੀ ਭਾਈ ਤੁਹਾਡੀ ਮਰਜੀ ਆਪਾਂ ਤਾਂ ਕਹਿਣਾ ਸੀ ਕਹਿ ਦਿੱਤਾ।

***

# ਕਾਹਲ

ਅੱਜ ਦੁਪਹਿਰ ਦੇ ਸਮੇਂ ਮੈਂ ਸ਼ਹਿਰ ਤੋਂ ਆਪਣੇ ਘਰ ਵੱਲ ਨੂੰ ਆ ਰਿਹਾ ਸੀ। ਮੈਂ Hume freeway 'ਤੇ ਸੀ। ਉੱਥੇ ਗਤੀ ਸੀਮਾ 110 ਕਿਲੋਮੀਟਰ ਪ੍ਰਤੀ ਘੰਟਾ ਹੈ ਅਤੇ ਮੇਰੀ ਗੱਡੀ 110 ਕਿਲੋਮੀਟਰ 'ਤੇ ਹੀ ਜਾ ਰਹੀ ਸੀ। ਮੇਰੇ ਪਿੱਛੇ ਇੱਕ ਨੌਜਵਾਨ, ਬਿਲਕੁਲ ਮੇਰੀ ਗੱਡੀ ਦੇ ਨਾਲ ਨਾਲ ਆ ਰਿਹਾ ਸੀ। ਉਹ ਕਦੇ ਮੇਰੇ ਸੱਜੇ ਸ਼ੀਸ਼ੇ ਵਿੱਚ ਆਵੇ, ਕਦੇ ਖੱਬੇ ਸ਼ੀਸ਼ੇ ਵਿੱਚ ਦਿਸੇ, ਉਹ ਵਾਰ ਵਾਰ ਅੱਗੇ ਲੰਘਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰੇ ਅੱਗੇ ਪੰਜ ਛੇ ਕਾਰਾਂ ਹੋਰ ਜਾ ਰਹੀਆਂ ਸਨ ਜੋ ਕਿ ਮੇਰੇ ਤੋਂ ਤਕਰੀਬਨ 250-300 ਮੀਟਰ ਦੀ ਦੂਰੀ 'ਤੇ ਹੀ ਜਾ ਰਹੀਆਂ ਸਨ। ਮੈਂ ਉਹਨਾਂ ਨੂੰ ਲੰਘ ਕੇ ਅੱਗੇ ਨਹੀਂ ਜਾ ਸਕਦਾ ਸੀ। ਉਹ ਮੈਨੂੰ ਉਕਸਾ ਰਿਹਾ ਸੀ ਕਿ ਮੈਂ ਹੋਰ ਤੇਜ਼ ਚੱਲਾਂ ਪਰ ਮੈਂ ਦਿੱਤੀ ਹੋਈ ਗਤੀ ਸੀਮਾ ਤੋਂ ਵੱਧ ਨਹੀਂ ਸੀ ਜਾ ਰਿਹਾ। ਉਸਨੇ ਪੰਜ ਛੇ ਕਿਲੋਮੀਟਰ ਤੱਕ ਇਸੇ ਤਰ੍ਹਾਂ ਹੀ ਕੀਤਾ। ਅਖੀਰ ਵਿੱਚ ਮੇਰੇ ਖੱਬੇ ਹੱਥ ਵੱਲ ਦੀ ਹੋ ਕੇ ਉਸ ਨੇ ਗੱਡੀ ਅੱਗੇ ਕੱਢੀ ਤੇ ਬਿਲਕੁਲ ਮੇਰੇ ਮੂਹਰੇ ਕਰਕੇ ਮੈਨੂੰ ਉਂਗਲ ਦਿਖਾ ਕੇ ਚਲਾ ਗਿਆ। ਉਸ ਭਲੇ ਮਾਣਸ ਨੂੰ ਪੁੱਛਣਾ ਹੋਵੇ ਬਈ ਹੁਣ ਤੇਰੇ ਅੱਗੇ ਚਾਰ-ਪੰਜ ਗੱਡੀਆਂ ਹੋਰ ਹਨ, ਉਹਨਾਂ ਤੋਂ ਅੱਗੇ ਤੂੰ ਨਹੀਂ ਜਾ ਸਕਦਾ। ਭਲੇਮਾਣਸਾ ਜਿੰਨਾ ਉਤਾਵਲਾ ਤੂੰ ਚੱਲ ਰਿਹਾ ਹੈਂ ਓਨੇ ਕਾਹਲੇਪਣ ਨਾਲ ਤੂੰ ਜਰੂਰ ਕਿਸੇ ਨੂੰ ਨੁਕਸਾਨ ਪਹੁੰਚਾ ਸਕਦਾ ਹੈਂ। ਇਸ ਤਰ੍ਹਾਂ ਦੇ ਕਾਹਲੇ ਲੋਕ ਆਪ ਤਾਂ ਮਰਨ ਲਈ ਤਿਆਰ ਹੁੰਦੇ ਹਨ ਨਾਲ ਕਿਸੇ ਹੋਰ ਬੇਕਸੂਰ ਦਾ ਵੀ ਨੁਕਸਾਨ ਕਰਦੇ ਹਨ। ਜਿਸ ਤਰ੍ਹਾਂ ਉਹ ਗੱਡੀ ਚਲਾ ਰਿਹਾ ਸੀ, ਪਰਮਾਤਮਾ ਨਾ ਕਰੇ, ਜੇਕਰ ਇਸ ਨਾਲ ਕੋਈ ਹਾਦਸਾ ਹੋ ਜਾਵੇ ਤਾਂ ਮੈਨੂੰ ਪੱਕਾ ਯਕੀਨ ਹੈ ਕਿ ਇਸ ਦੇ ਸਰੀਰ ਨੂੰ ਸੜਕ ਉੱਪਰੋਂ ਖੁਰਪੇ ਨਾਲ ਖੁਰਚ ਕੇ ਲਾਹੁਣਾ ਪਵੇਗਾ।

ਭਲਿਓ ਮਾਨਸੋ, ਇਹ ਮਨੁੱਖਾ ਸਰੀਰ ਲੱਖਾਂ ਜੂਨਾਂ ਤੋਂ ਬਾਅਦ ਮਿਲਿਆ ਹੈ, ਇਸ ਨੂੰ ਵਿਅਰਥ ਕਿਓਂ ਗਵਾਉਂਦੇ ਹੋ? ਮੇਰਾ ਨਿੱਜੀ ਤਜਰਬਾ ਹੈ, ਕਿਉਂਕਿ ਮੈਂ ਤਕਰੀਬਨ ਪਿਛਲੇ 35-36 ਸਾਲ ਤੋਂ ਗੱਡੀ ਚਲਾ ਰਿਹਾ, ਤੁਸੀਂ ਜਿੰਨੀ ਮਰਜ਼ੀ ਤੇਜ਼ ਚਲਾ ਲਓ ਤੁਸੀਂ ਅੱਧੇ ਘੰਟੇ ਦੀ ਡਰਾਈਵਿੰਗ ਵਿੱਚੋਂ ਸਿਰਫ ਤੇ ਸਿਰਫ ਦੋ ਮਿੰਟ, ਇਹ ਵੀ ਬਹੁਤ ਜਿਆਦਾ ਹਨ, ਬਚਾ ਸਕਦੇ ਹੋ। ਫਿਰ ਕੀ ਖੱਟਿਆ। ਕੁਝ ਸੋਚੋ, ਇੱਕ ਪਲ ਲਈ ਸੋਚੋ। ਤੁਹਾਡੇ ਪਿੱਛੇ ਤੁਹਾਡਾ ਪਰਿਵਾਰ ਹੈ, ਤੁਹਾਡੇ ਮਾਤਾ-ਪਿਤਾ ਹਨ, ਤੁਹਾਡੇ ਬੱਚੇ ਹਨ, ਜੇਕਰ ਤੁਹਾਡੇ ਨਾਲ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਉਹਨਾਂ ਦਾ ਕੀ ਬਣੇਗਾ, ਕਦੇ ਸੋਚਿਆ? ਕਾਹਲੀ ਅੱਗੇ ਹਮੇਸ਼ਾ ਟੋਏ ਹੀ ਹੁੰਦੇ ਹਨ। ਆਪਾਂ ਤਾਂ ਕਹਿਣਾ ਸੀ, ਕਹਿ ਦਿੱਤਾ, ਜਿਸ ਕਿਸੇ ਨੇ ਮੰਨਣਾ ਮੰਨ ਲਵੇ ਜਿਸ ਕਿਸੇ ਨੇ ਨਹੀਂ ਮੰਨਣਾ ਤਾਂ ਭਾਈ ਉਹ ਖੁਰਪੇ ਨਾਲ ਆਪਣਾ ਸਰੀਰ ਸੜਕ ਉੱਪਰੋਂ ਲਹਾਉਣ ਨੂੰ ਤਿਆਰ ਹੋ ਜਾਵੇ। ✲✲✲

# ਸਾਦਗੀ

ਅੱਜ ਤੁਹਾਡੇ ਨਾਲ ਇੱਕ ਸਾਡੇ ਸੱਜਣ ਦੀ ਸਾਦਗੀ ਦੀ ਹੱਦ ਕੀ ਹੁੰਦੀ ਹੈ, ਇਸ ਬਾਰੇ ਗੱਲ ਕਰਨ ਦਾ ਵਿਚਾਰ ਬਣਿਆ ਹੈ। ਅੱਜ ਤੋਂ ਤਕਰੀਬਨ 25 ਸਾਲ ਪਹਿਲਾਂ ਸਾਡੇ ਉਸ ਮਿੱਤਰ ਨੇ ਨਿਊਜ਼ੀਲੈਂਡ ਵਿੱਚ ਜਾਣ ਲਈ ਆਪਣੀ ਦਰਖਾਸਤ ਦਿੱਤੀ ਸੀ ਜਿਸ ਵਿੱਚ ਉੱਥੋਂ ਦੇ ਕਾਨੂੰਨ ਮੁਤਾਬਕ ਉਸ ਦੇ ਨੰਬਰ ਪੂਰੇ ਬਣਦੇ ਸਨ ਅਤੇ ਉਸਨੇ ਉੱਥੇ ਸਮੇਤ ਪਰਿਵਾਰ ਹੀ ਜਾਣਾ ਸੀ। ਸਾਰੇ ਕਾਗਜ਼-ਪੱਤਰ ਪੂਰੇ ਕਰਕੇ ਭੇਜ ਦਿੱਤੇ ਅਤੇ ਨਿਸ਼ਚਿੰਤ ਹੋ ਕੇ ਘਰੇ ਬੈਠ ਗਿਆ।

ਤੁਸੀਂ ਦੇਖੋ ਉਸ ਸੱਜਣ ਨੇ ਆਪਣੀ ਕੋਈ ਈਮੇਲ ਵੀ ਨਹੀਂ ਬਣਾਈ ਹੋਈ ਸੀ। ਜਿਹੜੇ ਕਾਗਜ਼ ਪੱਤਰ ਭਰੇ ਸਨ ਉਸ ਵਿੱਚ ਈਮੇਲ ਆਪਣੇ ਦੋਸਤ ਦੀ ਦੇ ਦਿੱਤੀ। ਦਰਖਾਸਤ ਭਰਨ ਤੋਂ ਬਾਅਦ ਕਾਫੀ ਲੰਬਾ ਸਮਾਂ ਉਡੀਕ ਕਰਕੇ ਉਸਨੇ ਆਪਣੀ ਵੀਜ਼ਾ ਅਫਸਰ ਨੂੰ ਫੋਨ ਕੀਤਾ ਅਤੇ ਆਪਣੀ ਫਾਈਲ ਦਾ ਪਤਾ ਕਰਨਾ ਚਾਹਿਆ ਕਿ ਕੀ ਬਣਿਆ ਹੈ ਤਾਂ ਉਸ ਵੀਜ਼ਾ ਅਫਸਰ ਨੇ ਜਵਾਬ ਦਿੱਤਾ ਕਿ ਤੇਰਾ ਤਾਂ ਵੀਜ਼ਾ ਪ੍ਰਵਾਨ ਹੋ ਗਿਆ ਹੈ ਅਤੇ ਮੈਂ ਇੱਕ ਮਹੀਨਾ ਪਹਿਲਾਂ ਤੈਨੂੰ ਈਮੇਲ ਭੇਜ ਚੁੱਕੀ ਹਾਂ। ਮੇਰੇ ਇਸ ਸੱਜਣ ਦੋਸਤ ਨੇ ਅੱਗੋਂ ਸਵਾਲ ਕੀਤਾ ਕਿ ਈਮੇਲ ਤਾਂ ਮੈਨੂੰ ਮਿਲੀ ਨਹੀਂ। ਫਿਰ ਉਸ ਵੀਜ਼ਾ ਅਫਸਰ ਨੇ ਦੱਸਿਆ ਕਿ ਮੈਂ ਇਸ ਈਮੇਲ ਐਡਰੈਸ 'ਤੇ ਤੈਨੂੰ ਤੇਰੀ ਪ੍ਰਵਾਨਗੀ ਭੇਜੀ ਹੈ ਤਾਂ ਉਸ ਭੱਦਰ ਪੁਰਸ਼ ਨੇ ਫੋਨ ਬੰਦ ਕਰ ਦਿੱਤਾ। ਉਸ ਨੂੰ ਖਿਆਲ ਆਇਆ ਕਿ ਇਹ ਈਮੇਲ ਤਾਂ ਉਸਦੇ ਦੋਸਤ ਦੀ ਹੈ। ਉਸ ਸਮੇਂ ਉਸ ਕੋਲ ਮੋਬਾਈਲ ਫੋਨ ਵੀ ਨਹੀਂ ਸੀ। ਘਰ ਜਾ ਕੇ ਉਸਨੇ ਆਪਣੇ ਲੈਂਡ ਲਾਈਨ ਫੋਨ ਤੋਂ ਫੋਨ ਕੀਤਾ ਤਾਂ ਦੋਸਤ ਨੇ ਕਿਹਾ ਕਿ ਉਹ ਅਜੇ ਘਰੇ ਨਹੀਂ ਪਹੁੰਚਿਆ ਘਰ ਜਾ ਕੇ ਆਪਣੀ ਈਮੇਲ ਦੇਖੇਗਾ ਤਾਂ ਤੈਨੂੰ ਦੱਸਾਂਗਾ।

ਉਸ ਸਮੇਂ ਸਮਾਰਟ ਫੋਨ ਤਾਂ ਹੁੰਦੇ ਨਹੀਂ ਸਨ, ਘਰ ਦੇ ਕੰਪਿਊਟਰ ਵਿੱਚ ਹੀ ਸਾਰਾ ਕੁਝ ਹੁੰਦਾ ਸੀ। ਦੋ ਕੁ ਘੰਟੇ ਬਾਅਦ ਉਸ ਦੋਸਤ ਦਾ ਦੁਆਰਾ ਫੋਨ ਆਇਆ ਤਾਂ ਉਸ ਨੇ ਦੱਸਿਆ ਕਿ ਹਾਂ ਤੇਰੀ ਈਮੇਲ ਤਾਂ ਮਹੀਨਾ ਪਹਿਲਾਂ ਆ ਚੁੱਕੀ ਹੈ ਅਤੇ ਤੇਰੀ ਦਰਖਾਸਤ ਮਨਜ਼ੂਰ ਹੋ ਚੁੱਕੀ ਹੈ ਅਤੇ ਤੂੰ ਹੁਣ ਨਿਊਜ਼ੀਲੈਂਡ ਜਾ ਸਕਦਾ ਹੈਂ। ਦੇਖੋ ਉਸ ਸੱਜਣ ਦੀ ਸਾਦਗੀ, ਉਸਨੇ ਫਿਰ ਵੀ ਆਪਣੀ ਈਮੇਲ ਨਹੀਂ ਬਣਾਈ ਅਤੇ ਆਪਣੇ ਦੋਸਤ ਨੂੰ ਕਹਿ ਦਿੱਤਾ ਕਿ ਈਮੇਲ ਮੈਨੂੰ ਪ੍ਰਿੰਟ ਕਰਵਾ ਕੇ ਡਾਕ ਰਾਹੀਂ ਭੇਜਦੇ। ਅੱਗੋਂ ਦੋਸਤ ਵੀ ਸਿਰਾ ਹੀ ਸੀ ਉਸਨੇ ਈਮੇਲ ਪ੍ਰਿੰਟ ਕਰਵਾਈ ਅਤੇ ਡਾਕ ਰਾਹੀਂ ਉਸ ਨੂੰ ਭੇਜ ਦਿੱਤੀ। ਉਸ ਈਮੇਲ ਨੂੰ ਲੈ ਕੇ ਉਹ ਦਿੱਲੀ ਚਲਾ ਗਿਆ ਅਤੇ ਆਪਣੇ ਪਾਸਪੋਰਟ ਵੀਜ਼ਾ ਲੱਗਣ ਲਈ ਦੇ ਦਿੱਤੇ।

ਅੱਜ ਕੱਲ ਦੇ ਜਵਾਕ, ਨਵੀਂ ਪੀੜੀ, ਇਹਨਾਂ ਨੂੰ ਸਭ ਕੁਝ ਪਤਾ ਹੈ ਕਿ ਸਮਾਰਟ ਫੋਨ ਕਿਸ ਤਰ੍ਹਾਂ ਵਰਤਣੇ ਹਨ, ਕਿਹੜੇ ਬਟਨ ਤੋਂ ਕੀ ਚੱਲਦਾ ਹੈ। ਸਾਡਾ

ਚਾਰ ਸਾਲ ਦਾ ਪੋਤਰਾ ਹੀ ਮਾਣ ਨਹੀਂ, ਉਸ ਨੂੰ ਮੇਰੇ ਫੋਨ ਵਿੱਚ ਪਤਾ ਹੈ ਕਿ ਕਿੱਥੇ ਮੇਰੀਆਂ ਫੋਟੋਆਂ ਪਈਆਂ ਹਨ। ਟੀਵੀ ਦੇ ਰਿਮੋਟ ਨਾਲ ਕਿੱਥੋਂ ਕੀ ਚੱਲਦਾ ਹੈ।

ਇਹ ਸਭ ਕੁਝ ਤੁਹਾਡੇ ਨਾਲ ਸਾਂਝਾ ਕਰਨ ਦਾ ਇੱਕੋ ਹੀ ਮਕਸਦ ਹੈ ਕਿ ਦੇਖੋ ਉਸ ਸਮੇਂ ਲੋਕ ਕਿੰਨੇ ਸਿੱਧੇ-ਸਾਦੇ ਹੁੰਦੇ ਸਨ। ਜਿਸ ਦੋਸਤ ਦੀ ਮੈਂ ਗੱਲ ਕਰਦਾ ਹਾਂ ਉਹ ਕੋਈ ਅਨਪੜ ਨਹੀਂ ਸੀ, ਉਸਨੇ ਐਮ.ਏ ਕੀਤੀ ਹੋਈ ਸੀ, ਬੱਚੇ ਵੀ ਪੜ੍ਹੇ ਹੋਏ ਸਨ ਅਤੇ ਆਪ ਇੱਕ ਸਰਕਾਰੀ ਸਕੂਲ ਵਿੱਚ ਅਧਿਆਪਕ ਦੇ ਤੌਰ 'ਤੇ ਸੇਵਾ ਨਿਭਾ ਰਿਹਾ ਸੀ। ਪਰ ਸਾਦਗੀ ਦੀ ਹੱਦ।

ਤੁਸੀਂ ਸੋਚ ਕੇ ਦੇਖੋ ਕਿ ਅੱਜ ਕੱਲ ਦੇ ਜਵਾਕ ਕੀ ਹਨ ਅਤੇ ਉਸ ਸਮੇਂ ਦੇ ਜਵਾਕ ਉਹਨਾਂ ਦੇ ਮੁਕਾਬਲੇ ਕੁਛ ਵੀ ਨਹੀਂ ਸਨ। ਪੀੜ੍ਹੀ ਦਰ ਪੀੜ੍ਹੀ ਬਹੁਤ ਫਰਕ ਪੈ ਰਿਹਾ ਹੈ। ਅੱਜ ਕੱਲ ਦੇ ਬੱਚਿਆਂ ਦੇ ਮੁਕਾਬਲੇ ਅਸੀਂ ਪੜ੍ਹੇ ਲਿਖੇ ਹੋ ਕੇ ਵੀ ਅਨਪੜ੍ਹ ਹੀ ਹਾਂ ਕਿਉਂਕਿ ਅੱਜ ਕੱਲ ਕਲਾ ਦਾ ਯੁਗ ਹੈ, ਕੰਪਿਊਟਰ ਦਾ ਯੁਗ ਹੈ ਅਤੇ ਸਾਨੂੰ ਇਹ ਸਭ ਕੁਝ ਅੱਜਕੱਲ ਦੇ ਬੱਚਿਆਂ ਦੇ ਬਰਾਬਰ ਚੱਲਣ ਲਈ ਸਿੱਖਣ ਦੀ ਲੋੜ ਹੈ। ਸਾਨੂੰ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਵੀ ਅੱਜ ਕੱਲ ਦੇ ਬੱਚਿਆਂ ਨਾਲ ਕੁਝ ਦੂਰ ਤੱਕ ਨਾਲ ਚੱਲ ਸਕੀਏ। ਕੋਸ਼ਿਸ਼ ਜਾਰੀ ਹੈ। ਬਾਕੀ ਪਰਮਾਤਮਾ ਭਲੀ ਕਰੇਗਾ।

✲✲✲

# ਕੀ ਖੱਟਿਆ, ਕੀ ਗਵਾਇਆ

ਨਿੱਕੇ ਹੁੰਦਿਆਂ ਜਦੋਂ ਅਸੀਂ ਆਪਣੇ ਮਿੱਤਰ ਦੇ ਘਰ ਜਾਣਾ ਤਾਂ ਉਸਦੀ ਮੰਮੀ ਨੇ ਆਪਣੇ ਬੱਚੇ ਦੇ ਨਾਲ-ਨਾਲ ਸਾਡਾ ਵੀ ਮੂੰਹ ਚੁੰਮਣਾ ਅਤੇ ਪੁੱਛਣਾ, ਬੇਟਾ ਕੀ ਖਾਉਗੇ? ਅਸੀਂ ਤਾਂ ਬੱਚੇ ਹੁੰਦੇ ਸੀ ਸਾਨੂੰ ਕੀ ਸਮਝ ਸੀ ਪਰ ਉਸਨੇ ਭੱਜ ਕੇ ਰਸੋਈ ਵਿਚੋਂ ਕੱਚ ਦੀਆਂ ਗਲਾਸੀਆਂ ਦੇ ਵਿੱਚ ਸਾਨੂੰ ਦੋਨਾਂ ਨੂੰ ਚਾਹ ਬਣਾ ਕੇ ਦੇਣੀ। ਚਾਹ ਦੇ ਵਿੱਚ ਇਲਾਇਚੀ ਤੇ ਲੌਂਗ ਦਾ ਸਵਾਦ ਹੁੰਦਾ ਸੀ, ਉਹ ਗਲਾਸੀਆਂ ਵਾਲੀ ਚਾਹ ਅੱਜ ਦੇ ਪੰਜ ਤਾਰਾ ਹੋਟਲਾਂ ਦੀ ਚਾਹ ਨੂੰ ਵੀ ਫੇਲ ਕਰਦੀ ਸੀ ਕਿਉਂਕਿ ਉਹਦੇ ਵਿੱਚ ਉਹਨਾਂ ਦੀ ਮਿਠਾਸ, ਪਿਆਰ, ਆਪਣਾਪਣ ਅਤੇ ਇੱਕ ਮੁਹੱਬਤ ਹੁੰਦੀ ਸੀ, ਜਿਹੜੀ ਅੱਜ ਸਾਡੇ ਸਾਰਿਆਂ ਦੇ ਵਿੱਚ ਮੁੱਕ ਗਈ ਹੈ।

ਛੋਟੇ ਹੁੰਦਿਆਂ ਅਸੀਂ ਦੇਖਦੇ ਹੁੰਦੇ ਸੀ ਕਿ ਪੂਰੇ ਮਹੱਲੇ ਦੇ ਵਿੱਚ ਇੱਕ ਹੀ ਤੰਦੂਰ ਹੁੰਦਾ ਸੀ। ਉਸ ਤੰਦੂਰ ’ਤੇ ਕਿਸੇ ਨੇ ਆ ਕੇ ਬਾਲਣ ਪਾ ਦੇਣਾ, ਕਿਸੇ ਨੇ ਰੋਟੀਆਂ ਆ ਕੇ ਲਾ ਲੈਣੀਆਂ। ਜੇ ਚਾਰ ਰੋਟੀਆਂ ਕਿਸੇ ਦੀਆਂ ਘੱਟ ਜਾਣੀਆਂ ਤੇ ਗਵਾਂਢਣ ਨੇ ਕਹਿਣਾ ਕੋਈ ਨਹੀਂ, ਚਾਰ ਮੇਰੇ ਕੋਲੋਂ ਪੂਰੀਆਂ ਕਰ ਲੈ। ਉਹ ਟਾਈਮ ਸਾਡੇ ਕੋਲੋਂ ਗੁਆਚ ਗਿਆ। ਅਸੀਂ ਪੈਸਾ ਬਹੁਤ ਕਮਾ ਲਿਆ, ਅਸੀਂ ਵੱਡੀਆਂ ਗੱਡੀਆਂ ਵੀ ਲੈ ਲਈਆਂ, ਅਸੀਂ ਘਰ ਵੀ ਵੱਡੇ-ਵੱਡੇ ਬਣਾ ਲਏ ਪਰ ਅਸੀਂ ਅਸਲ ਵਿੱਚ ਆਪਣੇ ਆਪ ਨੂੰ ਮਾਚਿਸ ਦੀਆਂ ਡੱਬੀਆਂ ’ਚ ਬੰਦ ਕਰ ਲਿਆ।

ਪੁਰਾਣੇ ਸਮੇਂ ਵਿੱਚ ਅਸੀਂ ਕਦੇ ਗੇਟਾਂ ਨੂੰ ਤਾਲੇ ਨਹੀਂ ਸੀ ਲਾਏ। ਘਰ ਹਮੇਸ਼ਾ ਖੁੱਲ੍ਹੇ ਹੁੰਦੇ ਸੀ, ਗੇਟ ਹਮੇਸ਼ਾ ਖੁੱਲੇ ਹੁੰਦੇ ਸੀ , ਖੜਕਾਉਣ ਦੀ ਲੋੜ ਨਹੀਂ ਸੀ ਪੈਂਦੀ, ਘੰਟੀ ਤਾਂ ਹੁੰਦੀ ਹੀ ਨਹੀਂ ਸੀ। ਕੋਈ ਵੀ ਆਂਢੀ-ਗਵਾਂਢੀ ਤੁਹਾਡੇ ਖਾਂਦਿਆਂ ਉੱਤੋਂ ਆ ਜਾਂਦਾ ਤਾਂ ਸਾਡੇ ਮਾਂ ਪਿਓ ਨੇ ਸਾਨੂੰ ਕਹਿਣਾ ਪੁੱਤ ਕੋਈ ਨਹੀਂ ਵੰਡ ਖਾਓ, ਖੰਡ ਖਾਓ। ਚਾਹ ਵੀ ਹਮੇਸ਼ਾ ਵੱਡੇ-ਵੱਡੇ ਪਤੀਲਿਆਂ ਵਿੱਚ ਬਣਾਉਂਦੇ ਸੀ ਤਾਂ ਕਿ ਕੋਈ ਗੁਆਂਢੀ ਜੇ ਆ ਜਾਏ ਤੇ ਇਹ ਨਾ ਹੋਵੇ ਕਿ ਚਾਹ ਘੱਟ ਪੈ ਜਾਏ। ਚਾਹ ਉਸਨੂੰ ਵੀ ਬਰਾਬਰ ਮਿਲਦੀ ਸੀ। ਜੇ ਰੋਟੀ ਖਾਂਦੇ ਹੁੰਦੇ ਸੀ ਤੇ ਬਰਾਬਰ ਰੋਟੀ ਦਿੰਦੇ ਸੀ। ਸਾਗ ਘਰ ਬਣਦਾ ਸੀ ਤੇ ਪਹਿਲਾਂ ਗੁਆਂਢੀਆ ਦੇ ਘਰ ਜਾਂਦਾ ਸੀ, ਕੜ੍ਹੀ ਬਣਦੀ ਸੀ ਤੇ ਗਵਾਂਢੀਆਂ ਦੇ ਘਰ ਪਹਿਲਾਂ ਜਾਂਦੀ ਸੀ ਫਿਰ ਸਾਨੂੰ ਖਾਣ ਨੂੰ ਮਿਲਦੀ ਸੀ।

ਇਹ ਸੱਭਿਆਚਾਰ, ਇਹ ਵਿਰਸਾ, ਇਹ ਚੀਜ਼ਾਂ ਅਸੀਂ ਭੁੱਲ ਗਏ ਆਂ, ਅਸੀਂ ਪੈਸਾ ਕਮਾ ਲਿਆ ਪਰ ਅਸੀਂ ਦਿਲਾਂ ’ਚੋਂ ਪਿਆਰ ਗਵਾ ਦਿੱਤਾ। ਸਹੂਲਤਾਂ ਵਧ ਗਈਆਂ, ਸੁਖ-ਚੈਨ ਘਟ ਗਿਆ, ਡਾਕਟਰ ਨਵੇਂ-ਨਵੇਂ ਬਹੁਤ ਆ ਗਏ, ਨਵੀਆਂ-ਨਵੀਆਂ ਤਕਨੀਕਾਂ ਆ ਗਈਆਂ ਪਰ ਬਿਮਾਰੀਆਂ ਹੋਰ ਵੀ ਵਧ ਗਈਆਂ ਹਨ, ਇਨ੍ਹਾਂ ਨੂੰ ਵਾਪਸ ਲਿਆਉਣ ਦੀ ਲੋੜ ਹੈ। ਕੋਠੀ ਇੱਕ ਹੋਵੇ, ਦੋ ਹੋਣ, ਤਿੰਨ

ਹੋਣ ਬੰਦੇ ਨੇ ਨਾਲ ਨਹੀਂ ਲੈ ਕੇ ਜਾਣੀਆਂ, ਪਰ ਸਾਡੇ ਇਸ ਪਿਆਰ ਦਾ ਅਹਿਸਾਸ ਕਿਤੇ ਨਾ ਕਿਤੇ ਸਾਡੇ ਨਾਲ ਜਰੂਰ ਜਾਏਗਾ। ਸੋ ਇਨਸਾਨੀਅਤ ਨੂੰ ਨਾ ਭੁੱਲੋ। ਮੁਹੱਬਤ ਨਾ ਭੁੱਲੋ। ਲੋਕਾਂ ਨੂੰ ਨਾ ਭੁੱਲੋ, ਇਹਨਾਂ ਜਜ਼ਬਾਤਾਂ ਨੂੰ ਨਾ ਭੁੱਲੋ। ਇਹਨਾਂ ਵਿੱਚ ਬੜਾ ਕੁਝ ਹੁੰਦਾ ਹੈ।

ਸਭ ਨੂੰ ਪਿਆਰ ਕਰੋ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਿਆ ਕਰੋ।

✲✲✲

## ਸਮਾਨਤਾ

ਇਹ ਬਿਲਕੁਲ ਸੱਚ ਹੈ ਕਿ ਸਾਡੇ ਜੀਨਸ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੇ ਰਹਿੰਦੇ ਹਨ। ਮੈਨੂੰ ਯਾਦ ਹੈ ਅੱਜ ਤੋਂ 23 ਕੁ ਸਾਲ ਪਹਿਲਾਂ ਜਦੋਂ ਅਸੀਂ ਪਹਿਲੀ ਵਾਰ ਬੱਚਿਆਂ ਨਾਲ ਨਿਊਜ਼ੀਲੈਂਡ ਦੀ ਧਰਤੀ 'ਤੇ ਪੈਰ ਧਰਿਆ ਤਾਂ ਮੇਰਾ ਛੋਟਾ ਬੇਟਾ ਸਕੂਲ ਪੜ੍ਹਣ ਲਈ ਗਿਆ। ਕਿਉਂਕਿ ਉਹ ਪੰਜਾਬ ਵਿੱਚੋਂ ਗਿਆ ਸੀ ਅਤੇ ਛੋਟੀ ਉਮਰੇ ਨਿਊਜ਼ੀਲੈਂਡ ਚਲਾ ਗਿਆ ਸੀ, ਸੋ ਉਸ ਨੂੰ ਉੱਥੇ ਜਾ ਕੇ ਅੰਗਰੇਜੀ ਪੜ੍ਹਣ, ਲਿਖਣ, ਸਮਝਣ ਅਤੇ ਸੁਣਨ ਵਿੱਚ ਸਮੱਸਿਆ ਆਈ। ਉਸ ਦਾ ਇੱਕ ਦੋਸਤ ਉੱਥੇ ਬਣ ਗਿਆ ਜਿਹੜਾ ਉੱਥੋਂ ਦਾ ਹੀ ਜੰਮਪਲ ਸੀ, ਪਰ ਸੀ ਪੰਜਾਬੀ। ਉਸਨੇ ਮੇਰੇ ਬੇਟੇ ਨੂੰ ਇੱਕ ਗੱਲ ਕਹੀ ਕਿ ਤੂੰ ਜੋ ਵੀ ਮੈਨੂੰ ਕਹਿਣਾ ਹੈ ਅੰਗਰੇਜ਼ੀ ਵਿੱਚ ਹੀ ਕਹਿਣਾ ਹੈ ਜੇ ਗਲਤ ਹੋਵੇਗਾ ਤਾਂ ਮੈਂ ਤੈਨੂੰ ਆਪਣੇ ਆਪ ਹੀ ਸਹੀ ਕਰੂੰਗਾ, ਪਰ ਮੈਂ ਤੇਰੀ ਪੰਜਾਬੀ ਵਿੱਚ ਕਹੀ ਕਿਸੇ ਵੀ ਗੱਲ ਦਾ ਜਵਾਬ ਪੰਜਾਬੀ ਵਿੱਚ ਨਹੀਂ ਦੇਣਾ। ਸੋ ਉਸ ਨੂੰ ਗੁਰੂ ਮਿਲ ਗਿਆ। ਇਸ ਤਰਾਂ ਕਰਦੇ-ਕਰਦੇ ਦੋ ਤਿੰਨ ਮਹੀਨੇ ਵਿੱਚ ਹੀ ਮੇਰੇ ਬੇਟੇ ਦੀ ਅੰਗਰੇਜ਼ੀ ਇੰਨੀ ਸ਼ਾਨਦਾਰ ਅਤੇ ਫਰਾਟੇ ਵਾਂਗੂ ਹੋ ਗਈ ਕਿ ਉੱਥੋਂ ਦੇ ਵਸਨੀਕ ਵੀ ਕਹਿੰਦੇ ਸਨ ਕਿ ਕੀ ਇਹ ਮੁੰਡਾ ਇੱਥੋਂ ਦਾ ਜੰਮਪਲ ਹੈ ਜਾਂ ਭਾਰਤ ਦਾ? ਕਿਉਂਕਿ ਉਹਨਾਂ ਨੂੰ ਇਹ ਯਕੀਨ ਹੀ ਨਹੀਂ ਹੋ ਰਿਹਾ ਸੀ ਕਿ ਇਸਦੀ ਅੰਗਰੇਜ਼ੀ ਇੰਨੀ ਸ਼ੁੱਧ ਅਤੇ ਸਾਫ ਹੈ।

ਹੁਣ ਮੈਂ ਤੁਹਾਨੂੰ ਅੱਜ ਤੋਂ ਤਕਰੀਬਨ 50-52 ਸਾਲ ਪਿੱਛੇ ਲੈ ਜਾਂਦਾ ਹਾਂ। ਜਦ ਮੈਂ ਦਸਵੀਂ ਕਲਾਸ ਵਿੱਚ ਗਿਆ ਤਾਂ ਮੈਂ ਸਾਇੰਸ ਦਾ ਵਿਸ਼ਾ ਚੁਣਿਆ, ਜਿਸ ਵਿੱਚ ਫਿਜ਼ਿਕਸ ਅਤੇ ਕੈਮਿਸਟਰੀ ਲਾਜਮੀ ਸਨ। ਫਿਜ਼ਿਕਸ ਤਾਂ ਕਿਵੇਂ ਨਾ ਕਿਵੇਂ ਮੇਰੇ ਪੱਲੇ ਪੈ ਜਾਂਦੀ ਸੀ ਪਰ ਕੈਮਿਸਟਰੀ ਨਹੀਂ। ਮਾਸਟਰ ਜੀ ਜੋ ਵੀ ਪੜ੍ਹਾਉਣ ਉਹ ਸਾਡੇ ਸਿਰ ਦੇ ਉੱਪਰੋਂ ਦੀ ਲੰਘ ਜਾਇਆ ਕਰੇ। ਸਾਡੇ ਮਾਸਟਰ ਜੀ, ਸਰਦਾਰ ਜਰਨੈਲ ਸਿੰਘ ਜੋ ਵੀ ਬੋਰਡ ਉੱਪਰ ਲਿਖਿਆ ਕਰਨ, ਜਿਸ ਤਰ੍ਹਾਂ, ਇਹ salt ਜਮਾ ਆਹ salt ਬਰਾਬਰ ਹੈ ਆਹ salt ਅਤੇ ਮੈਂ ਹੈਰਾਨ ਹੁੰਦਾ ਸੀ ਕਿ ਤੁਹਾਨੂੰ ਕਿਵੇਂ ਪਤਾ ਹੈ ਕਿ ਇਹ ਦੋ salt ਜਮਾ ਕਰਕੇ ਇਹਨਾਂ ਦੇ ਪ੍ਰਤੀਕਰਮ ਦੇ ਵਜੋਂ ਇਹ ਦੋ ਨਵੇਂ salt ਬਣ ਗਏ ਹਨ। ਖ਼ੈਰ ਉਹ ਤਾਂ ਉਸਤਾਦ ਸੀ, ਉਹਨਾਂ ਨੂੰ ਤਾਂ ਪਤਾ ਹੀ ਸੀ ਪਰ ਮੇਰੇ ਪੱਲੇ ਬਿਲਕੁਲ ਹੀ ਨਹੀਂ ਸੀ ਪੈ ਰਿਹਾ। ਦੋ ਤਿੰਨ ਹਫਤੇ ਬਾਅਦ ਮੇਰੇ ਅਧਿਆਪਕ ਕਹਿਣ ਲੱਗੇ ਤਰਸੇਮ ਸਿੰਘ ਇਹ ਵਿਸ਼ਾ ਤੇਰੇ ਵੱਸ ਦੀ ਗੱਲ ਨਹੀਂ ਹੈ ਤੂੰ ਸਾਇੰਸ ਦਾ ਵਿਸ਼ਾ ਛੱਡ ਕੇ ਚਲਾ ਜਾ। ਮੈਂ ਉਹਨਾਂ ਨੂੰ ਕਿਹਾ ਨਹੀਂ ਮਾਸਟਰ ਜੀ ਪੜ੍ਹਨੀ ਹੈ ਤਾਂ ਸਾਇੰਸ ਹੀ ਪੜ੍ਹਨੀ ਆ, ਕੁਛ ਵੀ ਹੋ ਜਾਏ। ਉਸੇ ਦਿਨ ਤੋਂ ਮੈਂ ਦਸਵੀਂ ਦੀ ਕੈਮਿਸਟਰੀ ਦੀ ਕਿਤਾਬ ਛੱਡ ਕੇ ਉਸਤੋਂ ਅਗਲੀ ਕਲਾਸ ਦੀ ਕੈਮਿਸਟਰੀ ਦੀ ਕਿਤਾਬ ਪੜ੍ਹਨੀ ਸ਼ੁਰੂ ਕਰ ਦਿੱਤੀ। ਪੜ੍ਹੀ ਵੀ ਇਸ ਤਰਾਂ ਕਿ

ਸੁਬਹਾ, ਦੁਪਹਿਰੇ ਅਤੇ ਸ਼ਾਮ ਪੜ੍ਹੀ ਜਾਣਾ ਪੜ੍ਹੀ ਜਾਣਾ। ਨਤੀਜ਼ਾ ਇਹ ਹੋਇਆ ਕਿ ਸਿਰਫ ਤੇ ਸਿਰਫ ਦੋ-ਤਿੰਨ ਹਫਤੇ ਵਿੱਚ ਹੀ ਅਭਿਆਸ ਇੰਨਾ ਹੋ ਗਿਆ ਕਿ ਸਾਡੇ ਮਾਸਟਰ ਜੀ ਦੋ salt ਜਮਾਂ ਮਗਰੋਂ ਲਿਖਦੇ ਸਨ ਅਤੇ ਉਸਦਾ ਉੱਤਰ ਮੈਂ ਪਹਿਲਾਂ ਦੇ ਦਿੰਦਾ ਸੀ। ਮਾਸਟਰ ਜੀ ਵੀ ਹੈਰਾਨ ਸਨ ਕਿ ਤੂੰ ਕਿਹੜੀ ਗਿੱਦੜਸਿੰਗੀ ਸੁੰਘ ਲਈ ਹੈ, ਤੂੰ ਇਹ ਸਭ ਕਿੱਥੋਂ ਸਿੱਖਿਆ ਹੈ ਤਾਂ ਉਹਨਾਂ ਨੂੰ ਮੈਂ ਦੱਸਿਆ ਕਿ ਮੈਂ ਸਿਰਫ ਦ੍ਰਿੜ ਇਰਾਦਾ ਹੀ ਰੱਖਿਆ ਸੀ ਕਿ ਪੜ੍ਹਣੀ ਹੈ ਤਾਂ ਸਾਇੰਸ ਹੀ ਪੜ੍ਹਣੀ ਹੈ, ਆਰਟਸ ਮੈ ਨਹੀਂ ਪੜ੍ਹਣੀ।

ਸੋ ਜਿੰਦਗੀ ਵਿੱਚ ਜੇ ਤੁਸੀਂ ਕੋਈ ਵੀ ਕੰਮ ਕਰਨ ਲਈ ਇਰਾਦਾ ਕਰ ਲਓ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਤੁਹਾਡਾ ਕੰਮ ਨਾ ਬਣੇ ਅਤੇ ਤੁਹਾਡਾ ਮੰਤਵ ਪੂਰਾ ਨਾ ਹੋਵੇ, ਸਿਰਫ ਤੇ ਸਿਰਫ ਸਾਨੂੰ ਆਪਣਾ ਇਰਾਦਾ ਦ੍ਰਿੜ ਬਣਾਉਣ ਦੀ ਲੋੜ ਹੈ। ਇਹ ਮੇਰਾ 100 ਫ਼ੀਸਦੀ ਵਿਸ਼ਵਾਸ ਹੈ ਅਤੇ ਤਜ਼ਰਬਾ ਹੈ।

ਸੋ ਮੇਰੇ ਅਤੇ ਮੇਰੇ ਬੇਟੇ ਦੇ ਵਿਸ਼ੇ ਵਿੱਚ ਇਹ ਸਿਰਫ ਤੇ ਸਿਰਫ ਦ੍ਰਿੜ ਇਰਾਦਾ ਹੀ ਸੀ ਜਿਸਨੇ ਸਾਨੂੰ ਆਪਣੀ ਮੰਜਿਲ ਤੱਕ ਪਹੁੰਚਾਇਆ।

✲✲✲

# ਕਾਦਿਰ ਦੀ ਕੁਦਰਤ - ਮੌਤ ਦੇ ਖੇਲ

ਅਸੀਂ ਸਾਰੇ ਅਕਸਰ ਇਹ ਕਹਿੰਦੇ ਹਾਂ ਕਿ ਕੁਦਰਤ ਦੇ ਰੰਗ ਨਿਆਰੇ ਹੁੰਦੇ ਹਨ, ਬਿਲਕੁਲ ਸਹੀ ਹੈ। ਕੁਦਰਤ ਦੇ ਰੰਗ ਵਾਕਿਆ ਹੀ ਨਿਆਰੇ ਹੁੰਦੇ ਹਨ। ਮੌਤ ਵੀ ਕੁਦਰਤ ਦਾ ਇੱਕ ਵੱਖਰਾ ਰੰਗ ਹੈ ਤੇ ਮੌਤ ਦੇ ਵੀ ਰੰਗ ਨਿਆਰੇ ਹੀ ਹੁੰਦੇ ਹਨ, ਵੱਖਰੇ ਹੀ ਹੁੰਦੇ ਹਨ। ਅੱਜ ਤੁਹਾਡੇ ਨਾਲ ਦਾਸ ਕੁਝ ਘਟਨਾਵਾਂ ਸਾਂਝੀਆਂ ਕਰਨ ਜਾ ਰਿਹਾ ਹੈ ਜਿਹੜੀਆਂ ਮੌਤ ਦੇ ਵੱਖਰੇ-ਵੱਖਰੇ ਰੰਗ ਦੱਸਦੀਆਂ ਹਨ, ਦਿਖਾਉਂਦੀਆਂ ਹਨ ਅਤੇ ਦਰਸਾਉਂਦੀਆਂ ਹਨ।

**ਪਹਿਲੀ ਘਟਨਾ** :-

ਕੁਝ ਦਿਨ ਪਹਿਲਾਂ ਦੀ ਹੀ ਗੱਲ ਹੈ ਕਿ ਇੱਕ ਜੋੜੇ ਦਾ ਵਿਆਹ ਹੋਇਆ, ਘਰੇ ਆਏ ਮਹਿਮਾਨ ਚਲੇ ਗਏ। ਲਾੜਾ ਆਪਣੇ ਵਿਆਹ ਵਾਲੀ ਸ਼ੇਰਵਾਨੀ ਮੋੜਨ ਲਈ ਵਿਆਹ ਤੋਂ ਦੋ ਦਿਨ ਬਾਅਦ ਦੁਕਾਨ 'ਤੇ ਗਿਆ, ਸ਼ੇਰਵਾਨੀ ਮੋੜ ਦਿੱਤੀ ਵਾਪਸ ਆਉਂਦੇ ਹੋਏ ਐਕਸੀਡੈਂਟ ਹੋ ਗਿਆ ਤੇ ਮੌਤ ਹੋ ਗਈ। ਉਸਨੇ ਆਪਣੇ ਵਿਆਹੁਤਾ ਜੀਵਨ ਦਾ ਕੀ ਅਨੰਦ ਮਾਣਿਆ, ਉਸ ਵਿਚਾਰੀ ਕੁੜੀ 'ਤੇ ਕੀ ਬੀਤੇਗੀ ਜੋ ਦੋ ਦਿਨ ਪਹਿਲਾਂ ਲਾੜੀ ਬਣ ਕੇ ਆਈ ਸੀ, ਅਤੇ ਹੁਣ ਉਹ ਵਿਧਵਾ ਅਖਵਾਉਣ ਲੱਗ ਪਈ।

**ਦੂਸਰੀ ਘਟਨਾ** :-

ਇਹ ਘਟਨਾ ਕਰਨਾਲ ਸ਼ਹਿਰ ਦੀ ਹੈ। ਸਵੇਰ ਵੇਲੇ ਇੱਕ ਘਰ ਦਾ ਮਾਲਕ ਬਾਹਰ ਆਇਆ ਉਸਨੇ ਦੇਖਿਆ ਕਿ ਕੁਝ ਗਾਵਾਂ ਗਲੀ ਵਿੱਚ ਫਿਰਦੀਆਂ ਹਨ। ਉਸ ਨੇ ਕਿਹਾ ਮੈਂ ਇਹਨਾਂ ਨੂੰ ਭਜਾ ਆਵਾਂ ਅਤੇ ਬਾਹਰ ਆ ਕੇ ਜਿਹੜੀ ਗਾਂ ਬੂਹੇ ਵਿੱਚ ਖੜੀ ਸੀ ਉਸ ਨੂੰ ਅਜੇ ਮਾਰਨ ਲਈ ਹੱਥ ਚੁੱਕਿਆ ਹੀ ਸੀ ਕਿ ਗਾਂ ਨੇ ਆਪਣੇ ਸਿੰਗਾਂ 'ਤੇ ਉਸਨੂੰ ਚੁੱਕ ਲਿਆ ਅਤੇ ਉਸ ਨੂੰ ਕੰਧ ਦੇ ਨਾਲ ਲਾ ਕੇ ਘੁੱਟ ਘੁੱਟ ਕੇ ਮਾਰ ਦਿੱਤਾ। ਉਹ ਗਾਂ ਨਹੀਂ ਸੀ, ਉਹ ਕਾਲ ਦਾ ਰੂਪ ਬਣ ਕੇ ਉਸਦੇ ਘਰ ਆਈ ਸੀ। ਇਹ ਮੌਤ ਦਾ ਇੱਕ ਵੱਖਰਾ ਹੀ ਰੰਗ ਹੈ।

**ਤੀਸਰੀ ਘਟਨਾ** :-

ਅਜੇ ਕੱਲ ਦੀ ਹੀ ਗੱਲ ਹੈ, ਸਿਡਨੀ ਤੋਂ ਇੱਕ ਪਰਿਵਾਰ ਵਾਲੇ ਨਿਊਕਾਸਲ ਸ਼ਹਿਰ ਵਿੱਚ ਛੁੱਟੀਆਂ ਮਨਾਉਣ ਲਈ ਗਏ। ਘਰ ਦੇ ਪੰਜ ਮੈਂਬਰ ਸਮੁੰਦਰ ਵਿੱਚ ਨਹਾਉਣ ਲਈ ਚਲੇ ਗਏ, ਸਮੁੰਦਰ ਬਹੁਤ ਚੜ੍ਹਿਆ ਹੋਇਆ ਸੀ ਅਤੇ ਉੱਥੋਂ ਦੇ ਅਧਿਕਾਰੀਆਂ ਨੇ ਮਨ੍ਹਾਂ ਵੀ ਕੀਤਾ ਕਿ ਸਮੁੰਦਰ ਬਹੁਤ ਚੜ੍ਹਿਆ ਹੋਇਆ ਹੈ ਤੁਸੀਂ ਨਹੀਂ ਜਾਣਾ, ਪਰ ਹੋਣੀ ਨੂੰ ਕੌਣ ਟਾਲ ਸਕਦਾ ਹੈ ਜੀ। ਪੰਜੇ ਘਰ ਦੇ ਮੈਂਬਰ ਸਮੁੰਦਰ ਵਿੱਚ ਚਲੇ ਗਏ, ਪਾਣੀ ਦੀ ਛੱਲ ਆਈ ਅਤੇ ਪੰਜਾਂ ਨੂੰ ਹੀ ਖਿੱਚ ਕੇ ਅੰਦਰ ਨੂੰ ਲੈ ਗਈ। ਬਾਹਰ ਖੜੇ ਮੈਂਬਰਾਂ ਨੇ ਰੌਲਾ ਪਾਇਆ ਬੂ-ਦੁਹਾਈ ਕੀਤੀ ਤਾਂ ਉੱਥੋਂ ਦੇ

ਜਿਹੜੇ ਅਧਿਕਾਰੀ ਹੁੰਦੇ ਹਨ ਉਹਨਾਂ ਨੇ ਚਾਰ ਮੈਂਬਰ ਬਾਹਰ ਕੱਢ ਲਿਆਂਦੇ ਪਰੰਤੂ ਪੰਜਵਾਂ ਵਿੱਚ ਹੀ ਰਹਿ ਗਿਆ ਅਤੇ ਉਸ ਨੂੰ ਕੁਝ ਚਿਰ ਬਾਅਦ ਕੱਢਿਆ ਗਿਆ ਤੇ ਮਿਰਤਕ ਘੋਸ਼ਤ ਕੀਤਾ ਗਿਆ ।

**ਚੌਥੀ ਘਟਨਾ** :-

ਤਕਰੀਬਨ 20 ਸਾਲ ਪਹਿਲਾਂ ਪੰਜਾਬ ਦੇ ਸ਼ਹਿਰ ਮੁਕਤਸਰ ਤੋਂ ਇੱਕ ਕੁੜੀ ਅਸਟ੍ਰੇਲੀਆ ਜਾਣ ਲਈ ਤਿਆਰ ਹੋਈ। ਉਹਨਾਂ ਦੇ ਘਰੇ ਇੱਕ ਕੁੱਤੀ ਰੱਖੀ ਹੋਈ ਸੀ ਜਿਸ ਨਾਲ ਉਸ ਦਾ ਬਹੁਤ ਪਿਆਰ ਸੀ। ਕੁੜੀ ਦੀ ਜ਼ਿੱਦ ਸੀ ਕਿ ਮੈਂ ਅਸਟ੍ਰੇਲੀਆ ਤਾਂ ਜਾਵਾਂਗੀ ਜੇਕਰ ਕੁੱਤੀ ਨੂੰ ਨਾਲ ਲਿਜਾਣ ਦੀ ਇਜਾਜ਼ਤ ਦੇਵੋਗੇ। ਬੱਚਿਆਂ ਅੱਗੇ ਕਿਸ ਦਾ ਜ਼ੋਰ ਹੈ ਜੀ? ਬਾਲ ਹਠ, ਇਸਤਰੀ ਹਠ ਅਤੇ ਰਾਜ ਹਠ, ਇੱਥੇ ਬੰਦਾ ਹਾਰ ਜਾਂਦਾ ਹੈ। ਕੁੱਤੀ ਨੂੰ ਤਿਆਰ ਕੀਤਾ ਗਿਆ, ਜਹਾਜ ਵਾਲਿਆਂ ਨਾਲ ਰਾਬਤਾ ਕੀਤਾ ਗਿਆ, ਉਸ ਦੀ ਮਹਿੰਗੀ ਟਿਕਟ ਲੈ ਕੇ ਉਸ ਨੂੰ ਚੜ੍ਹਾਇਆ ਗਿਆ। ਮਲੇਸ਼ੀਆ ਆਣ ਕੇ ਉੱਥੋਂ ਦੇ ਅਧਿਕਾਰੀਆਂ ਨੇ ਕੁੱਤੀ ਨੂੰ ਅਸਟ੍ਰੇਲੀਆ ਜਾਣ ਤੋਂ ਰੋਕ ਲਿਆ ਅਤੇ ਇਹ ਕਹਿ ਕੇ ਕੁੜੀ ਨੂੰ ਜਾਣ ਦਿੱਤਾ ਕਿ ਇਸ ਦੀ ਅਸੀਂ ਮੈਡੀਕਲ ਜਾਂਚ ਕਰਨ ਤੋਂ ਬਾਅਦ ਫਿਰ ਭੇਜਾਂਗੇ, ਕੁੱਤੀ ਨੂੰ ਕੁਝ ਦਿਨ ਉੱਥੇ ਰੱਖਿਆ ਗਿਆ। ਕਿਸੇ ਕਾਰਨ ਵੱਸ ਕੁੱਤੀ ਦੀ ਉੱਥੇ ਮੌਤ ਹੋ ਗਈ। ਦੇਖੋ, ਉਹ ਲੜਕੀ ਅਸਟ੍ਰੇਲੀਆ ਚਲੀ ਗਈ ਅਤੇ ਅਸਟ੍ਰੇਲੀਆ ਤੋਂ ਵਾਪਸ ਫਿਰ ਮਲੇਸ਼ੀਆ ਆਈ। ਵਾਪਿਸ ਆ ਕੇ ਉਸਨੇ ਉਸ ਕੁੱਤੀ ਲਈ ਮਹਿੰਗੀ ਜਗ੍ਹਾ ਖਰੀਦੀ ਅਤੇ ਉੱਥੇ ਉਸ ਨੂੰ ਦਫਨ ਕੀਤਾ। ਇਹ ਕੁਦਰਤ ਦਾ ਰੰਗ ਹੋਰ ਵੀ ਵੱਖਰਾ ਹੈ। ਸਾਨੂੰ ਕੁਦਰਤ ਦੇ ਰੰਗਾਂ ਦੀ ਸਮਝ ਨਹੀਂ ਆ ਸਕਦੀ।

**ਪੰਜਵੀਂ ਘਟਨਾ** :-

ਇੱਕ ਹੋਰ ਘਟਨਾ ਹੈ। ਅੱਜ ਤੋਂ 30 ਸਾਲ ਪਹਿਲਾਂ ਸਾਲ 1993 ਵਿੱਚ ਇੱਕ ਬੱਸ ਦਾ ਐਕਸੀਡੈਂਟ ਹੋਇਆ ਮੁਕਤਸਰ ਸ਼ਹਿਰ ਦੇ ਕੋਲ ਨਹਿਰਾਂ 'ਤੇ ਅਤੇ ਉਸ ਦੀਆਂ ਸਾਰੀਆਂ ਸਵਾਰੀਆਂ ਦੀ ਮੌਤ ਹੋ ਗਈ ਪ੍ਰੰਤੂ ਇੱਕ ਸਵਾਰੀ ਬਚੀ ਸੀ ਜਿਸ ਨੇ ਬਾਅਦ ਵਿੱਚ ਉਸੇ ਨਹਿਰ ਵਿੱਚ ਛਾਲ ਮਾਰ ਕੇ ਹੀ ਖ਼ੁਦਕੁਸ਼ੀ ਕੀਤੀ। ਉਸ ਤੋਂ ਠੀਕ 30 ਸਾਲ ਬਾਅਦ ਉਸੇ ਮਹੀਨੇ, ਸਤੰਬਰ ਦਾ ਮਹੀਨਾ, ਉਹੀ ਤਰੀਕ ਉੱਥੇ ਹੀ ਐਕਸੀਡੈਂਟ ਫਿਰ ਦੁਬਾਰਾ ਹੋਇਆ ਜਿਸ ਵਿੱਚ ਜਿਆਦਾ ਜਾਨੀ ਮਾਲੀ ਨੁਕਸਾਨ ਨਹੀਂ ਹੋਇਆ ਪ੍ਰੰਤੂ ਕੁਦਰਤ ਦਾ ਰੰਗ ਦੇਖੋ, ਮਹੀਨਾ ਵੀ ਉਹੀ ਤਰੀਕ ਵੀ ਉਹੀ, ਪੂਰੇ 30 ਸਾਲ ਬਾਅਦ।

**ਛੇਵੀਂ ਘਟਨਾ** :-

ਮੇਰੇ ਇੱਕ ਦੋਸਤ ਨੇ ਸਰਦਾਰ ਜਸਵੀਰ ਸਿੰਘ ਜੀ ਜਿਹੜੇ ਅਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿੱਚ ਰਹਿੰਦੇ ਹਨ ਉਹਨਾਂ ਦੇ ਇੱਕ ਰਿਸ਼ਤੇਦਾਰ, ਜੋ ਪੜ੍ਹਣ ਵਿੱਚ ਬਹੁਤ ਵਧੀਆ ਵਿਦਿਆਰਥੀ ਸੀ ਅਤੇ ਆਪਣੀ ਮਿਹਨਤ ਸਦਕਾ ਉਹ ਆਪਣੇ

ਸਾਥੀਆਂ ਨੂੰ ਪਿੱਛੇ ਛੱਡ ਕੇ ਸਭ ਤੋਂ ਪਹਿਲਾਂ, ਪਹਿਲੀ ਹੀ ਕੋਸ਼ਿਸ਼ ਵਿੱਚ ਡਾਕਟਰ ਬਣ ਗਿਆ। ਇੱਕ ਦਿਨ ਉਸ ਨੂੰ ਅਸਟ੍ਰੇਲੀਆ ਦੇ ਸ਼ਹਿਰ ਸਿਡਨੀ ਤੋਂ ਰਿਸ਼ਤਾ ਆਇਆ ਤਾਂ ਉਸਨੇ ਸਰਦਾਰ ਜਸਵੀਰ ਸਿੰਘ ਜੀ ਨਾਲ ਇਸ ਬਾਰੇ ਵਿਚਾਰ ਕੀਤਾ ਤਾਂ ਸਰਦਾਰ ਜਸਵੀਰ ਸਿੰਘ ਜੀ ਨੇ ਉਸ ਨੂੰ ਹਾਂ ਪੱਖੀ ਹੁੰਗਾਰਾ ਦੇ ਕੇ ਕਿਹਾ ਕਿ ਭਾਈ ਤੂੰ ਚਲਾ ਜਾ ਚੰਗੀ ਗੱਲ ਹੈ ਤੂੰ ਕਿਸਮਤ ਵਾਲਾ ਹੈਂ ਚਲਾ ਜਾ। ਉਸ ਨੇ ਆਪਣੇ ਦੋਸਤਾਂ-ਮਿੱਤਰਾਂ ਦੀ ਗੱਲ ਮੰਨ ਕੇ ਇਸ ਵਿਆਹ ਵਾਸਤੇ ਸਹਿਮਤੀ ਪ੍ਰਗਟ ਕਰ ਦਿੱਤੀ। ਸਮਾਂ ਆਇਆ, ਵੀਜ਼ਾ ਆ ਗਿਆ, ਤਿਆਰੀ ਹੋ ਗਈ ਤਾਂ ਮੇਰੇ ਦੋਸਤ ਸਰਦਾਰ ਜਸਵੀਰ ਸਿੰਘ ਜੀ ਉਸ ਨੂੰ ਦਿੱਲੀ ਵਾਲੀ ਟਰੇਨ 'ਤੇ ਬਿਠਾਉਣ ਲਈ ਲੁਧਿਆਣੇ ਸਟੇਸ਼ਨ 'ਤੇ ਚਲੇ ਗਏ। ਉਹ ਭਾਈ ਸਾਹਿਬ ਸਾਰੇ ਸੱਜਣਾਂ ਮਿੱਤਰਾਂ ਨੂੰ ਮਿਲ ਕੇ ਟਰੇਨ ਵਿੱਚ ਬੈਠ ਗਿਆ ਅਤੇ ਫਿਰ ਉਸਦੇ ਮਨ ਵਿੱਚ ਪਤਾ ਨਹੀਂ ਕੀ ਆਇਆ ਕਿ ਉਹ ਟਰੇਨ 'ਚੋਂ ਉੱਤਰ ਕੇ ਸਰਦਾਰ ਜਸਵੀਰ ਸਿੰਘ ਜੀ ਦੇ ਗਲ ਲੱਗ ਕੇ ਉੱਚੀ ਉੱਚੀ ਰੋਣ ਲੱਗ ਪਿਆ ਕਹਿੰਦਾ ਮੇਰਾ ਜਾਣ ਨੂੰ ਜੀ ਨਹੀਂ ਕਰਦਾ। ਪਰ ਜਸਵੀਰ ਸਿੰਘ ਅਤੇ ਬਾਕੀ ਸਾਥੀਆਂ ਨੇ ਕਿਹਾ ਨਹੀਂ ਭਾਈ ਤੂੰ ਚਲਾ ਜਾ ਬਹੁਤ ਵਧੀਆ ਰਹੇਂਗਾ। ਖੈਰ! ਉਹ ਨਵੇਂ ਸਾਲ ਦੀ ਪਹਿਲੀ ਤਾਰੀਖ ਨੂੰ ਜਹਾਜ ਵਿੱਚ ਬੈਠ ਕੇ ਅਸਟ੍ਰੇਲੀਆ ਦੇ ਸ਼ਹਿਰ ਸਿਡਨੀ ਪਹੁੰਚ ਗਿਆ। ਕੁੜੀ ਦੇ ਘਰ ਵਾਲਿਆਂ ਨੇ ਮੁਢਲੀਆਂ ਰਸਮਾਂ ਦੋ ਤਰੀਕ ਨੂੰ ਹੀ ਪੂਰੀਆਂ ਕਰ ਦਿੱਤੀਆਂ ਅਤੇ ਤਿੰਨ ਤਰੀਕ ਨੂੰ ਉਸ ਦੀ ਹੋਣ ਵਾਲੀ ਪਤਨੀ ਉਸ ਨੂੰ ਨਾਲ ਲੈ ਕੇ ਕਿਸੇ ਆਪਣੇ ਰਿਸ਼ਤੇਦਾਰ ਦੇ ਘਰ ਖਾਣਾ ਖਾਣ ਲਈ ਜਾ ਰਹੇ ਸਨ ਕਿ ਸ਼ਾਮ ਨੂੰ ਜਿਵੇਂ ਹੀ ਉਹ ਇੱਕ ਟਰੈਫਿਕ ਲਾਈਟ ਚੋਂ ਲੰਘੇ ਅਤੇ ਇੱਕ ਸ਼ਰਾਬੀ ਡਰਾਈਵਰ ਨੇ ਗੱਡੀ ਲਿਆ ਕੇ ਪੈਸੰਜਰ ਵਾਲ਼ੇ ਪਾਸੇ ਤੇ ਇਨੀਂ ਜ਼ੋਰ ਦੀ ਮਾਰੀ ਕਿ ਉੱਥੇ ਬੈਠਾ ਉਹ ਡਾਕਟਰ ਮੌਕੇ ਤੇ ਹੀ ਦਮ ਤੋੜ ਗਿਆ। ਹੁਣ ਦੱਸੋ ਜਿਸ ਕੁੜੀ ਨੇ ਉਸ ਨੂੰ ਬੁਲਾਇਆ ਉਸਨੇ ਵਿਆਹੁਤਾ ਜੀਵਨ ਦਾ ਕੀ ਆਨੰਦ ਮਾਣਿਆ! ਤਿੰਨ ਤਰੀਕ ਨੂੰ ਉਸਦੀ ਮੌਤ ਹੋ ਗਈ ਅਤੇ ਉਸ ਕੁੜੀ ਦੇ ਘਰ ਵਾਲੇ 13 ਤਰੀਕ ਨੂੰ ਉਸ ਨੂੰ ਪੈਕ ਕਰਕੇ ਬਤੌਰ ਇੱਕ ਲਾਸ਼, ਵਾਪਸ ਭਾਰਤ ਲੈ ਆਏ।

ਦੇਖੋ ਕੁਦਰਤ ਦੇ ਰੰਗ, ਉਹ ਜਾਣ ਤੋਂ ਪਹਿਲਾਂ ਆਪਣੇ ਦੋਸਤਾਂ ਮਿੱਤਰਾਂ ਨੂੰ ਕਹਿ ਰਿਹਾ ਸੀ ਕਿ ਮੇਰਾ ਜਾਣ ਨੂੰ ਜੀਅ ਨਹੀਂ ਕਰਦਾ ਲੇਕਿਨ ਉਸ ਦੀ ਹੋਣੀ ਉਸ ਨੂੰ ਖਿੱਚ ਕੇ ਲੈ ਗਈ ਅਤੇ ਪਹੁੰਚਣ ਤੋਂ ਤੀਸਰੇ ਦਿਨ ਮੌਤ ਵੀ ਹੋ ਗਈ ਅਤੇ ਤੇਰਵੇਂ ਦਿਨ ਡੱਬੇ ਵਿੱਚ ਬੰਦ ਹੋ ਕੇ ਆਪਣੇ ਘਰ ਵਾਪਿਸ ਵੀ ਆ ਗਿਆ। ਇਹ ਕਿਸਮਤ ਦੇ ਰੰਗ ਹਨ। 'ਵਾਹ ਕਿਸਮਤ ਦਿਆ ਬਲੀਆ, ਰਿੱਧੀ ਖੀਰ ਤੇ ਬਣ ਗਿਆ ਦਲੀਆ'। ਪਰਮਾਤਮਾ ਦੇ ਰੰਗਾਂ ਨੂੰ ਕੌਣ ਜਾਣ ਸਕਦਾ ਹੈ।

**ਸੱਤਵੀਂ ਘਟਨਾ :**

15 ਫਰਵਰੀ 2024 ਦੀ ਗੱਲ ਹੈ, ਮੈਲਬਰਨ ਸ਼ਹਿਰ ਵਿਖੇ ਇੱਕ ਮਾਤਾ

ਜਿਹੜੀ ਆਪਣੀ ਬੇਟੀ ਕੋਲ ਪਿਛਲੇ ਨੌਂ-ਦਸ ਮਹੀਨੇ ਤੋਂ ਰਹਿ ਰਹੀ ਸੀ, ਨੇ ਵਾਪਿਸ ਭਾਰਤ ਪਰਤਣਾ ਸੀ। ਸਮਾਨ ਦੀ ਬੁਕਿੰਗ ਹੋ ਗਈ, ਇਮੀਗਰੇਸ਼ਨ ਹੋ ਗਈ, ਸਾਰੀਆਂ ਕਾਰਵਾਈਆਂ ਸੰਪੂਰਨ ਹੋਣ ਤੋਂ ਬਾਅਦ ਜਦ ਆਖਰੀ ਸਟੇਜ 'ਤੇ ਪਹੁੰਚ ਗਈ ਭਾਵ ਗੇਟ ਤੇ ਪਹੁੰਚ ਗਈ ਤਾਂ ਉੱਥੇ ਉਸ ਨੂੰ ਚੱਕਰ ਆਇਆ ਤੇ ਉਹ ਡਿੱਗ ਪਈ ਤੇ ਮੌਕੇ ਤੇ ਹੀ ਮੌਤ ਹੋ ਗਈ। ਉਸ ਦੇ ਪਰਿਵਾਰ ਵਾਲੇ ਅਜੇ ਛੱਡ ਕੇ ਘਰ ਵੀ ਨਹੀਂ ਸਨ ਪਹੁੰਚੇ ਕਿ ਮੌਤ ਦੀ ਖਬਰ ਆ ਗਈ। ਐਂਬੂਲੈਂਸ ਬੁਲਾਈ ਗਈ, ਉਹਨਾਂ ਨੇ ਆਪਣੀ ਕਾਰਵਾਈ ਕੀਤੀ, ਵੈਂਟੀਲੇਟਰ 'ਤੇ ਰੱਖਿਆ ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਅਖੀਰ ਨੂੰ ਪੂਰੀ ਜੱਦੋ-ਜਹਿਦ ਕਰਨ ਤੋਂ ਬਾਅਦ ਐਂਬੂਲੈਂਸ ਵਾਲਿਆਂ ਨੇ ਕਹਿ ਦਿੱਤਾ ਕਿ ਅਫਸੋਸ ਹੈ ਜੀ, ਇਸ ਨੂੰ ਨਹੀਂ ਬਚਾ ਸਕੇ ਤੇ ਉਸ ਨੂੰ ਘਰ ਵਾਪਿਸ ਲੈ ਕੇ ਆ ਗਏ।

ਕੁਦਰਤ ਦੇ ਰੰਗਾਂ ਨੂੰ ਕੌਣ ਸਮਝ ਸਕਦਾ ਹੈ, ਕੌਣ ਸਮਝ ਸਕਦਾ ਕੁਦਰਤ ਕਿਹੜੇ ਰੰਗਾਂ ਵਿੱਚ ਰਾਜ਼ੀ ਹੈ। ਅਸੀਂ ਤਾਂ ਸਿਰਫ ਖਿਡਾਉਣਾ ਹਾਂ, ਖੇਡੀ ਜਾਂਦੇ ਹਾਂ ਅਤੇ ਉਹ ਖਿਡਾਈ ਜਾਂਦਾ ਹੈ। ਉਸ ਦੇ ਰੰਗਾਂ ਨੂੰ ਨਾ ਕੋਈ ਅੱਜ ਤੱਕ ਸਮਝ ਸਕਿਆ ਅਤੇ ਨਾ ਸਮਝ ਸਕੇਗਾ, ਇਹ ਮੇਰਾ ਖਿਆਲ ਹੈ।

ਇਹ ਸਾਰੀਆਂ ਘਟਨਾਵਾਂ ਦੱਸਦੀਆਂ ਹਨ ਕਿ ਕੁਦਰਤ ਆਪਣਾ ਰੰਗ ਦਿਖਾ ਦਿੰਦੀ ਹੈ, ਮਨਾ ਲੈਂਦੀ ਹੈ ਅਤੇ ਸਾਨੂੰ ਮੰਨਣ ਲਈ ਮਜਬੂਰ ਕਰ ਦਿੰਦੀ ਹੈ। ਅਸੀਂ ਚਾਹੇ ਚਾਹੀਏ ਜਾਂ ਨਾ ਚਾਹੀਏ ਕੁਦਰਤ ਨੇ ਆਪਣੇ ਰੰਗ ਦਿਖਾਈ ਜਾਣੇ ਹਨ ਅਤੇ ਸਾਨੂੰ ਮੰਨਣਾ ਹੀ ਪੈਣਾ ਹੈ। ਚੰਗੇ ਰਹਾਂਗੇ ਜੇਕਰ ਅਸੀਂ ਕੁਦਰਤ ਦਾ ਭਾਣਾ ਮੰਨਣਾ ਸ਼ੁਰੂ ਕਰ ਦੇਈਏ ਅਤੇ ਉਸ ਦੀ ਰਜ਼ਾ ਵਿੱਚ ਰਹਿਣ ਲੱਗ ਪਈਏ ਅਸੀਂ ਤਾਂ ਹੀ ਖੁਸ਼ ਰਹਾਂਗੇ, ਸੁਖੀ ਰਹਾਂਗੇ ਤੇ ਆਪਣੇ ਪਰਿਵਾਰ ਨੂੰ ਵੀ ਖੁਸ਼ ਰੱਖਾਂਗੇ।

ਉਪ੍ਰੋਕਤ ਸਾਰੀਆਂ ਘਟਨਾਵਾਂ ਵਿੱਚ ਕਿਸ ਨੇ ਸੋਚਿਆ ਹੋਵੇਗਾ ਕਿ ਉਨ੍ਹਾਂ ਦੀ ਮੌਤ ਅੱਜ ਹੋਣ ਵਾਲੀ ਹੈ।

ਤੇਰਾ ਭਾਣਾ ਮੀਠਾ ਲਾਗੇ॥

✲✲✲

# ਜਮਦੂਤ

19 ਫਰਵਰੀ 2024 ਨੂੰ, ਮੇਰੇ ਸਹੁਰਾ ਸਾਹਿਬ ਦੀ ਮੌਤ ਹੋ ਗਈ। ਉਹਨਾਂ ਦੀ ਉਮਰ ਉਸ ਵਕਤ ਤਕਰੀਬਨ 95 ਸਾਲ ਦੀ ਸੀ। ਇਕਹਿਰੇ ਸਰੀਰ ਦੇ ਮਾਲਕ ਸਨ, ਕੱਦ ਲੰਬਾ ਸੀ, ਪਰਿਵਾਰ ਪੱਖੋਂ ਬਹੁਤ ਖੁਸ਼ ਸਨ। ਦੋ ਬੇਟੀਆਂ, ਦੋ ਬੇਟੇ, ਦੋ ਨੂੰਹਾਂ ਅਤੇ ਦੋ ਜਵਾਈ, ਆਪਣੇ ਆਪਣੇ ਥਾਂ ਸਭ ਵਧੀਆ ਆਪਣਾ ਗੁਜ਼ਾਰਾ ਕਰ ਰਹੇ ਸਨ। ਆਖਰੀ ਸਮੇਂ ਤੇ ਇੱਕ ਰਾਤ ਪਹਿਲਾਂ ਆਪਣੇ ਪ੍ਰੀਵਾਰ ਦੇ ਸਾਰੇ ਬੱਚਿਆਂ ਨੂੰ ਬੁਲਾ ਕੇ ਉਹ ਕਹਿ ਰਹੇ ਸਨ, ਠੀਕ ਹੈ ਜੀ ਹੁਣ ਤੁਸੀਂ ਸੌ ਜਾਓ,ਆਪਣੀ ਸਤਿ ਸ੍ਰੀ ਅਕਾਲ। ਜਿਸ ਤਰ੍ਹਾਂ ਉਹਨਾਂ ਨੂੰ ਪਤਾ ਸੀ ਕਿ ਅੱਜ ਰਾਤ ਨੂੰ ਉਹਨਾਂ ਦੀ ਮੌਤ ਹੋ ਜਾਣੀ ਹੈ । ਹਰ ਇੱਕ ਬੱਚੇ ਨੂੰ ਕੋਲ ਬੁਲਾ ਬੁਲਾ ਕੇ ਆਪਣੇ ਹੱਥ ਨਾਲ ਘੁੱਟ ਕੇ ਪਿਆਰ ਕੀਤਾ, ਆਪਣੀ ਹਿੱਕ ਨਾਲ ਲਾਇਆ ਅਤੇ ਕੱਲੇ-ਕੱਲੇ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਸੌਣ ਤੋਂ ਪਹਿਲਾਂ ਇੱਕ ਵਾਰ ਫਿਰ ਕਹਿੰਦੇ ਹਨ ਕਿ ਆਹ ਦੇਖੋ ਮੇਰੇ ਸਾਹਮਣੇ ਬੇਬੇ ਖੜੀ ਹੈ, ਬਾਪੂ ਖੜਾ ਹੈ, ਅਤੇ ਉਹਨਾਂ ਦੇ ਨਾਲ ਅਠ ਦਸ ਬੰਦੇ ਹੋਰ ਖੜੇ ਹਨ, ਇਹ ਸਾਰੇ ਮੈਨੂੰ ਕਹਿ ਰਹੇ ਹਨ, ਸਾਡੇ ਨਾਲ ਚੱਲ। ਇਹ ਗੱਲਾਂ ਅਸੀਂ ਝੂਠ ਕਹਿ ਸਕਦੇ ਹਾਂ? ਇਹ ਸੱਚ ਹਨ। ਅਜਿਹਾ ਅਕਸਰ ਹੀ ਹੁੰਦਾ ਹੈ। ਉਹਨਾਂ ਨੂੰ ਆਪਣੀ ਮੌਤ ਸਾਹਮਣੇ ਦਿਸ ਰਹੀ ਸੀ, ਮੌਤ ਦੇ ਜਮ ਉਹਨਾਂ ਦੇ ਸਾਹਮਣੇ ਖੜੇ ਸਨ। ਬੇਸ਼ੱਕ ਉਹ ਮਰੇ ਹੋਏ ਉਹਨਾਂ ਦੇ ਮਾਤਾ ਪਿਤਾ ਹੀ ਸਨ, ਪਰ ਉਹਨਾਂ ਨੂੰ ਪਤਾ ਸੀ ਕਿ ਅੱਜ ਮੇਰੀ ਮੌਤ ਹੋ ਜਾਣੀ ਹੈ।

ਇਸੇ ਤਰ੍ਹਾਂ ਹੀ ਅੱਜ ਤੋਂ ਕਈ ਸਾਲ ਪਹਿਲਾਂ ਮੇਰੇ ਛੋਟੇ ਸਾਂਢੂ ਸਾਹਿਬ ਦੀ ਬੇਟੀ ਦੀ ਮੌਤ ਸਮੇਂ ਵੀ ਹੋਇਆ। ਉਸ ਸਮੇਂ ਮੈਂ ਭਾਰਤ ਵਿਖੇ ਹੀ ਸੀ। ਲੁਧਿਆਣਾ ਦੇ ਦਯਾ ਨੰਦ ਹਸਪਤਾਲ ਵਿੱਚ ਉਸ ਬੱਚੀ ਦੀ ਮੌਤ ਹੋਈ ਸੀ। ਮੌਤ ਸਮੇਂ ਉਸ ਲੜਕੀ ਦੀ ਉਮਰ ਸਿਰਫ ਸੱਤ ਕੁ ਸਾਲ ਦੀ ਸੀ। ਮੈਂ ਉੱਥੇ ਹੀ ਸੀ। ਮੌਤ ਤੋਂ ਕੁਝ ਪਲ ਪਹਿਲਾਂ ਉਹ ਵਾਰ ਵਾਰ ਕਹਿ ਰਹੀ ਸੀ, 'ਡੈਡੀ ਦੇਖੋ ਰੋਸ਼ਨਦਾਨ ਵਿੱਚ ਸ਼ੇਰ ਬੈਠਾ ਹੈ, ਮੇਰੇ ਵੱਲ ਨੂੰ ਦੇਖ ਰਿਹਾ ਹੈ, ਮੇਰੇ ਵੱਲ ਨੂੰ ਆ ਰਿਹਾ ਹੈ, ਉਸ ਨੇ ਮੇਰੀ ਬਾਂਹ ਫੜ ਲਈ ਹੈ, ਉਹ ਮੈਨੂੰ ਵੱਢ ਰਿਹਾ ਹੈ', ਅਜਿਹੀਆਂ ਗੱਲਾਂ ਉਹ ਕਰ ਰਹੀ ਸੀ ਤੇ ਉਸ ਤੋਂ ਕੁਝ ਸਮਾਂ ਬਾਅਦ ਹੀ ਉਸ ਦੀ ਮੌਤ ਹੋ ਜਾਂਦੀ ਹੈ। ਉਸ ਨੂੰ ਵੀ ਆਪਣੀ ਮੌਤ ਸਾਹਮਣੇ ਖੜੀ ਦਿਸ ਰਹੀ ਸੀ। ਇਹ ਕੋਈ ਅਤਕਥਨੀ ਨਹੀਂ ਹੈ, ਅਕਸਰ ਹੁੰਦਾ ਹੈ, ਬਹੁਤੇ ਇਨਸਾਨਾਂ ਨਾਲ ਇਸ ਤਰ੍ਹਾਂ ਹੋ ਜਾਂਦਾ ਹੈ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ, ਕੁਦਰਤ ਦੀ ਕਲਾ ਹੈ, ਕੁਦਰਤ ਦੀ ਖੇਡ ਹੈ, ਕੁਦਰਤ ਦਾ ਵਰਤਾਰਾ ਹੈ, ਕੁਦਰਤ ਦਾ ਭਾਣਾ ਹੈ।

ਇਸ ਦੁਨੀਆ ਵਿੱਚ ਆਉਣਾ ਜਾਣਾ ਇੱਕ ਖੇਲ ਹੈ। ਹਰ ਇਕ ਨੇ ਆਪੋ ਆਪਣੀ ਜਿੰਦਗੀ ਭੋਗ ਕੇ ਸਮਾਂ ਪੂਰਾ ਹੋਣ 'ਤੇ ਚਲੇ ਜਾਣਾ ਹੈ। ਇਹ ਇੱਕ ਅਟਲ ਸਚਾਈ ਹੈ ਅਤੇ ਸਾਨੂੰ ਇਸ ਨੂੰ ਮੰਨਣਾ ਚਾਹੀਦਾ। ✲✲✲

# ਲਵੇਰਾ

ਪਟਵਾਰੀ ਤੇਜ ਸਿੰਘ ਅਤੇ ਕਾਨੂੰਗੋ ਪ੍ਰਤਾਪ ਸਿੰਘ, ਦੋਨਾਂ ਦੀ ਡਿਊਟੀ ਖਾਸ ਗਿਰਦਾਵਰੀ 'ਤੇ ਲੱਗੀ ਹੋਈ ਸੀ, ਜਿਸ ਕਾਰਨ ਉਹਨਾਂ ਨੂੰ ਲਗਾਤਾਰ ਦੋ ਮਹੀਨੇ ਲਈ ਆਸੇ ਪਾਸੇ ਦੇ ਪਿੰਡਾਂ ਵਿੱਚ ਘਰ-ਘਰ ਜਾਣਾ ਪਿਆ। ਜਦ ਵੀ ਕਿਸੇ ਘਰੇ ਜਾਂਦੇ ਤਾਂ ਘਰ ਵਾਲੇ, ਸਾਡੇ ਪੰਜਾਬ ਦੇ ਸਿਸਟਾਚਾਰ ਅਨੁਸਾਰ, ਚਾਹ ਪਾਣੀ ਦੀ ਸੇਵਾ ਪੁੱਛਦੇ। ਹਰ ਘੰਟੇ ਡੇਢ ਘੰਟੇ ਬਾਅਦ ਕਾਨੂੰਗੋ ਸਾਹਿਬ ਹੌਲੀ ਦੇ ਕੇ ਆਪਣੀ ਜੇਬ ਵਿੱਚੋਂ ਇੱਕ ਪੁੜੀ ਕੱਢਿਆ ਕਰਨ ਅਤੇ ਘਰ ਵਾਲਿਆਂ ਨੂੰ ਕਿਹਾ ਕਰਨ ਕਿ ਭਾਈ ਮੈਂ ਤਾਂ ਦਵਾਈ ਲੈਣੀ ਹੈ ਮੈਨੂੰ ਇੱਕ ਪਿਆਲਾ ਦੁੱਧ ਦਾ ਗਰਮ ਕਰ ਦਿਓ, ਚਾਹ ਨਾਲ ਦਵਾਈ ਨਹੀਂ ਲੈ ਸਕਦਾ। ਘਰ ਵਾਲਿਆਂ ਨੇ ਦੁੱਧ ਗਰਮ ਕਰਕੇ ਦੇ ਦੇਣਾ ਅਤੇ ਕਾਨੂੰਗੋ ਸਾਹਿਬ ਨੇ ਪੁੜੀ ਮੂੰਹ ਵਿੱਚ ਪਾਉਣੀ ਅਤੇ ਦੁੱਧ ਪੀ ਲੈਣਾ। ਇਸ ਤਰਾਂ ਪੰਜ-ਸੱਤ ਦਿਨ ਤਾ ਚੱਲਦਾ ਰਿਹਾ ਤਾਂ ਪਟਵਾਰੀ ਸਾਹਿਬ ਨੇ ਪੁੱਛਿਆ, ਕਾਨੂੰਗੋ ਸਾਹਿਬ ਤੁਸੀਂ ਇਹ ਪੁੜੀ ਵਾਲੀ ਦਵਾਈ ਜਿਹੜੀ ਦਿਨ ਵਿੱਚ ਚਾਰ-ਪੰਜ ਵਾਰੀ ਖਾਂਦੇ ਹੋ ਅਜਿਹੀ ਕਿਹੜੀ ਬਿਮਾਰੀ ਹੈ ਤੁਹਾਨੂੰ। ਦੇਖਣ ਵਿੱਚ ਤਾਂ ਤੁਹਾਨੂੰ ਕੋਈ ਤਕਲੀਫ ਲੱਗਦੀ ਨਹੀਂ, ਤੁਸੀਂ ਅਜਿਹੀ ਕਿਹੜੀ ਦਵਾਈ ਖਾਂਦੇ ਹੋ, ਜਿਹੜੀ ਤੁਹਾਨੂੰ ਦੁੱਧ ਨਾਲ ਹੀ ਲੈਣੀ ਪੈਂਦੀ ਹੈ। ਪਹਿਲਾਂ ਤਾਂ ਕਾਨੂੰਗੋ ਨੇ ਟਾਲ-ਮਟੋਲ ਕੀਤੀ ਪਰ ਪਟਵਾਰੀ ਦੀ ਜ਼ਿੱਦ ਕਰਨ 'ਤੇ ਉਸਨੇ ਸੱਚਾਈ ਦੱਸ ਹੀ ਦਿੱਤੀ।

ਪਟਵਾਰੀ ਸਾਹਿਬ ਘਰੇ ਮੱਝ ਦੁੱਧ ਤੋਂ ਭੱਜੀ ਹੋਈ ਹੈ, ਭਾਵ ਦੁੱਧ ਨਹੀਂ ਦੇ ਰਹੀ ਤੇ ਦੁੱਧ ਬਾਜ਼ਾਰ ਚੋਂ ਲਿਆਉਣਾ ਮਹਿੰਗਾ ਪੈਂਦਾ ਹੈ। ਮੈਂ ਇਹੀ ਹੱਲ ਸੋਚਿਆ ਹੈ ਕਿ ਵੱਖਰੇ ਵੱਖਰੇ ਘਰਾਂ ਵਿੱਚ ਜਾ ਕੇ ਦੁੱਧ ਦਾ ਪਿਆਲਾ ਕਹਿ ਕੇ ਨਾਲ ਇਹ ਪੁੜੀ ਲੈ ਲਿਆ ਕਰਾਂਗੇ ਤਾਂ ਕਿ ਦੁੱਧ ਦਾ ਕੋਟਾ ਪੂਰਾ ਹੋ ਜਾਏ । ਪਟਵਾਰੀ ਸਾਹਿਬ ਨੇ ਕਿਹਾ ਕਿ ਕਾਨੂੰਗੋ ਸਾਹਿਬ ਇਸ ਪੁੜੀ ਵਿੱਚ ਕਿਹੜੀ ਦਵਾਈ ਹੈ ਤਾਂ ਕਾਨੂੰਗੋ ਹੱਸ ਕੇ ਕਹਿਣ ਲੱਗੇ, ਭਲਿਆ ਮਾਨਸਾ ਕੋਈ ਦਵਾਈ ਦਵੂਈ ਨਹੀਂ ਹੈ ਇਹ ਤਾਂ ਖੰਡ ਦੀ ਪੁੜੀ ਹੈ ਇਹ ਤਾਂ ਸਿਰਫ ਬਹਾਨਾ ਹੈ, ਦਿਖਾਵਾ ਹੈ, ਛਲ ਹੈ, ਕਪਟ ਹੈ।

ਇਸ ਤਰਹਾਂ ਦੇ ਲੋਕ ਵੀ ਹੁੰਦੇ ਹਨ ਜੋ ਆਪਣਾ ਮਕਸਦ ਇਸ ਵਿੰਗੇ ਟੇਢੇ ਤਰੀਕੇ ਨਾਲ ਵੀ ਪੂਰਾ ਕਰਦੇ ਹਨ ਅਤੇ ਕਿਸੇ ਦੂਸਰੇ ਬੰਦੇ ਨੂੰ ਪਤਾ ਵੀ ਨਹੀਂ ਲੱਗਦਾ।

ਬਚ ਕੇ ਰਹੋ ਅਜਿਹੇ ਢੌਂਗੀਆਂ ਤੋਂ।

✲✲✲

# ਬਾਪੂ ਦੀ ਮੌਤ

ਇਹ ਗੱਲ ਅਸੀਂ ਆਮ ਹੀ ਸੁਣਦੇ ਹਾਂ, ਕਹਿੰਦੇ ਹਾਂ ਅਤੇ ਮਹਿਸੂਸ ਵੀ ਕਰਦੇ ਹਾਂ ਕਿ ਬਾਪੂ ਦੇ ਪੈਸਿਆਂ 'ਤੇ ਅਸੀਂ ਐਸ਼ ਕੀਤੀ, ਆਪਣੀ ਕਮਾਈ ਨਾਲ ਤਾਂ ਬਿੱਲ ਹੀ ਤਰਦੇ ਹਨ, ਆਪਣੀ ਕਮਾਈ ਨਾਲ ਤਾਂ ਬੈਂਕ ਦੀਆਂ ਕਿਸ਼ਤਾਂ ਹੀ ਜਾਂਦੀਆਂ ਹਨ, ਸਕੂਲਾਂ ਦੀ ਫੀਸ ਹੀ ਦਿੱਤੀ ਜਾਂਦੀ ਹੈ, ਕਾਰਾਂ ਦੇ ਖਰਚੇ ਹੀ ਮਸਾਂ ਦਿੱਤੇ ਜਾਂਦੇ ਹਨ। ਇਹ ਗੱਲਾਂ ਅਸੀਂ ਆਮ ਹੀ ਸੁਣਦੇ ਹਾਂ ਤੇ ਸੱਚਾਈ ਵੀ ਇਹੀ ਹੈ।

ਮੇਰੇ ਪਿਤਾ ਜੀ ਦੀ ਮੌਤ 11 ਮਈ 2012 ਨੂੰ ਹੋਈ ਸੀ। ਉਸ ਸਮੇਂ ਮੈਂ ਨਿਊਜ਼ੀਲੈਂਡ ਵਿਖੇ ਸੀ। ਜਦ ਮੈਂ ਮੋਗੇ ਪਹੁੰਚਿਆ ਤਾਂ ਪਿਤਾ ਜੀ ਕਾਫੀ ਉਦਾਸ ਸਨ ਅਤੇ ਮੇਰਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਮੇਰੇ ਪਿਤਾ ਜੀ ਬਹੁਤ ਚੀੜ੍ਹੇ ਸਨ, ਕੰਮ ਕਰਨ ਪੱਖੋਂ, ਤੋਰੇ ਫੇਰੇ ਪੱਖੋਂ। ਉਹ ਆਪਣੀ ਮੌਤ ਦੇ ਆਖਰੀ ਪਲ ਤੱਕ ਬਹੁਤ ਤੁਰਦੇ-ਫਿਰਦੇ ਰਹੇ ਸਨ। ਜਿਸ ਦਿਨ ਉਹਨਾਂ ਦੀ ਮੌਤ ਹੋਈ ਤਕਰੀਬਨ ਰਾਤ ਦੇ 11 ਵੱਜੇ ਸਨ।

ਜਦੋਂ ਉਹਨਾਂ ਨੇ ਆਖਰੀ ਸਾਹ ਲਿਆ, ਸਾਡੇ ਘਰ ਵਿੱਚ ਹੋਰ ਰਿਸ਼ਤੇਦਾਰ ਵੀ ਮੌਜੂਦ ਸਨ, ਮੇਰਾ ਭਰਾ ਛੋਟਾ ਵੀ ਘਰ ਵਿੱਚ ਸੀ। ਜਦ ਪਿਤਾ ਜੀ ਦੇ ਪ੍ਰਾਣ ਪੰਖੇਰੂ ਉੱਡ ਗਏ ਤਾਂ ਇੱਕ ਰਿਸ਼ਤੇਦਾਰ ਕਹਿਣ ਲੱਗੇ ਕਿ, ਸਾਰੇ ਆਂਢ ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਫੋਨ ਕਰ ਦਿਓ। ਮੈਂ ਕਿਹਾ ਨਹੀਂ, ਕਿਸੇ ਨੂੰ ਫੋਨ ਨਹੀਂ ਕਰਨਾ। ਨਾ ਆਂਢ ਗੁਆਂਢ, ਨਾ ਕਿਸੇ ਰਿਸ਼ਤੇਦਾਰ ਨੂੰ। ਕਿਉਂਕਿ ਜਿਹੜੇ ਆਂਢ ਗੁਆਂਢ ਨੂੰ ਅਸੀਂ ਫੋਨ ਕਰਾਂਗੇ ਉਹ ਹੁਣੇ ਹੀ ਆ ਕੇ ਬਹਿ ਜਾਣਗੇ ਤੇ ਜਿਹੜੇ ਰਿਸ਼ਤੇਦਾਰ ਨੂੰ ਫੋਨ ਕਰਾਂਗੇ ਉਹ ਅੱਧੀ ਰਾਤ ਤੋਂ ਚੱਲਣਗੇ ਤੇ ਰਾਤ ਨੂੰ ਇੱਥੇ ਕਿਸੇ ਟਿਕਾਣੇ ਪਹੁੰਚਣਗੇ। ਅਸੀਂ ਨਹੀਂ ਚਾਹੁੰਦੇ ਕਿ ਇਸ ਮੌਤ ਕਰਕੇ ਸਾਰੇ ਰਿਸ਼ਤੇਦਾਰ ਅਤੇ ਆਂਢ ਗੁਆਂਢ ਖਰਾਬ ਹੋਣ। ਮੈਂ ਆਪਣੇ ਭਰਾ ਨੂੰ ਕਿਹਾ ਕਿ ਭਰਾਵਾ ਇਹਨਾਂ ਦੇ ਮੂੰਹ ਤੇ ਇੱਕ ਕੱਪੜਾ ਪਾ ਦੇ ਮੂੰਹ ਢਕ ਦਿਓ ਤੇ ਆਪਣੀ ਭਰਜਾਈ ਨੂੰ ਕਿਹਾ ਕਿ ਕਮਲਜੀਤ, ਬਿਸਕੁਟ, ਜਿਹੜੇ ਘਰ ਦੇ ਬਣਾਏ ਹਨ, ਲੈ ਕੇ ਆ ਅਤੇ ਚਾਹ ਬਣਾ ਵਧੀਆ। ਅਰਾਮ ਨਾਲ ਬਹਿ ਕੇ ਚਾਹ ਪੀਨੇ ਆ, ਆਪਾਂ ਗੱਲਾਂ ਬਾਤਾਂ ਕਰਦੇ ਆਂ, ਇਹਨਾਂ ਦੀ ਜ਼ਿੰਦਗੀ ਦੇ ਨਾਲ ਸੰਬੰਧਿਤ ਗੱਲਾਂ ਕਰਦੇ ਹਾਂ। ਅੱਧੀ ਰਾਤ ਨੂੰ ਅਸੀਂ ਕਿਸੇ ਹੋਰ ਨੂੰ ਵਖ਼ਤ ਨਹੀਂ ਪਾਉਣਾ, ਅਸੀਂ ਆਪਣੇ ਆਪ ਨੂੰ ਵੀ ਵਖ਼ਤ ਨਹੀਂ ਪਾਉਣਾ। ਆਪਣੀ ਰਾਤ ਵੀ ਸੌਖੀ ਕੱਢੋ ਤੇ ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਦੀ ਵੀ ਜਾਨ ਸੌਖੀ ਰੱਖੋ।

ਅਸੀਂ ਸਵੇਰੇ 5 ਵਜੇ ਉੱਠੇ ਤੇ ਸਾਰੇ ਰਿਸ਼ਤੇਦਾਰਾਂ ਨੂੰ, ਆਂਢ ਗੁਆਂਢ ਨੂੰ ਫੋਨ ਕਰ ਦਿੱਤਾ ਅਤੇ ਦਿੱਤੇ ਹੋਏ ਸਮੇਂ ਅਨੁਸਾਰ ਸਾਰੇ ਸੰਸਕਾਰ ਲਈ ਪਹੁੰਚ ਗਏ।

ਸੋ ਭਾਵਕ ਹੋਣ ਦੀ ਬਜਾਏ ਅਜਿਹੇ ਮੌਕੇ ਵਿੱਚ ਥੋੜਾ ਜਿਹਾ ਦਿਮਾਗ ਤੋਂ

ਵੀ ਕੰਮ ਲਵੋ। ਸਿਰਫ ਤੇ ਸਿਰਫ ਭਾਵਨਾ ਨਾਲ ਨਾ ਚੱਲੋ। ਕੀ ਸਾਡੀ ਭਾਵਨਾ ਸਾਡੇ ਬਾਪੂ ਨਾਲ ਨਹੀਂ ਸੀ ਜੁੜੀ? ਕੀ ਸਾਨੂੰ ਸਾਡਾ ਬਾਪੂ ਦੁਪਿਆਰਾ ਸੀ? ਕੀ ਸਾਨੂੰ ਬਾਪੂ ਨਹੀਂ ਚਾਹੀਦਾ ਸੀ? ਚਾਹੀਦਾ ਸੀ। ਉਹ ਪਿਆਰਾ ਵੀ ਉਨਾ ਹੀ ਸੀ ਪਰ ਇਹ ਕਿਤੇ ਵੀ ਨਹੀਂ ਲਿਖਿਆ ਕਿ ਕਿਸੇ ਅਜੀਜ਼ ਦੀ ਮੌਤ ਕਰਕੇ ਸਾਰੇ ਆਂਢ-ਗੁਆਂਢ, ਰਿਸ਼ਤੇਦਾਰਾਂ ਨੂੰ ਅਸੀਂ ਵਖਤ ਪਾਈਏ। ਵਧੀਆ ਲੌਂਗ ਲੈਚੀਆਂ ਪਾ ਕੇ ਚਾਹ ਬਣਾਈ ਗਈ ਰੱਜ ਕੇ ਬਿਸਕੁਟ ਖਾਧੇ, ਬਾਪੂ ਦੀਆਂ ਗੱਲਾਂ ਕੀਤੀਆਂ ਅਤੇ ਆਰਾਮ ਨਾਲ ਸੌਂ ਗਏ

ਸੋ ਇਸ ਤਰ੍ਹਾਂ ਮੇਰੇ ਬਾਪੂ ਦੀ ਮੌਤ ਹੋਈ। ਅਸੀਂ ਉਸਦਾ ਜਨਾਜਾ ਪੂਰੇ ਸ਼ਾਨੋ ਸ਼ੌਕਤ ਨਾਲ ਕੱਢਿਆ ਅਤੇ ਬਣਦਾ ਸਨਮਾਨ ਵੀ ਦਿੱਤਾ ਗਿਆ ਤੇ ਸਾਰੇ ਕਾਰ-ਵਿਹਾਰ ਕਰਕੇ ਅਸੀਂ ਵਾਪਿਸ ਆਪਣੇ ਮੁਲਕ ਪਹੁੰਚ ਗਏ।

✲✲✲

# ਪੁੰਨ ਦਾ ਕੰਮ

ਅੱਜ ਮੇਰੇ ਦੋਸਤ ਸ੍ਰੀ ਵਿਪਨ ਸਰੀਨ ਜੀ ਨੇ ਇੱਕ ਕਹਾਣੀ ਸੁਣਾਈ। ਕਹਾਣੀ ਸ਼ਹਿਰ ਲੁਧਿਆਣਾ ਦੀ ਹੈ, ਕਿਉਂਕਿ ਵਿਪਨ ਜੀ ਸਾਰੀ ਉਮਰ ਲੁਧਿਆਣਾ ਸ਼ਹਿਰ ਵਿੱਚ ਹੀ ਰਹੇ ਹਨ, ਇਸ ਲਈ ਕੋਈ ਨਾ ਕੋਈ ਕਹਾਣੀ ਨਵੀਂ ਸੁਣਾ ਹੀ ਦਿੰਦੇ ਹਨ। ਕਹਿੰਦੇ, ਇੱਕ ਦਿਨ ਮੈਂ ਸ਼ਾਮ ਨੂੰ ਬੈਂਕ ਤੋਂ ਘਰ ਜਾ ਰਿਹਾ ਸੀ ਤੇ ਰਾਹ ਵਿੱਚ ਇੱਕ ਬਜ਼ੁਰਗ ਔਰਤ ਸੜਕ ਦੇ ਕਿਨਾਰੇ ਬੈਠੀ ਸੀ। ਇਹਨਾਂ ਨੇ ਅਣਗੌਲਿਆ ਕਰ ਦਿੱਤਾ। ਅਗਲੇ ਦਿਨ ਜਦ ਫਿਰ ਲੰਘੇ ਤਾਂ ਉਹ ਔਰਤ ਉੱਥੇ ਹੀ ਬੈਠੀ ਸੀ, ਉਸ ਦੇ ਆਲੇ ਦੁਆਲੇ ਮੱਖੀਆਂ ਭਿਣਕ ਰਹੀਆਂ ਸਨ, ਬਦਬੋਅ ਆ ਰਹੀ ਸੀ। ਉਹਨਾਂ ਨੇ ਆਂਢ-ਗੁਆਂਢ ਅਤੇ ਆਸ-ਪਾਸ ਦੇ ਦੋ ਚਾਰ ਗੁਆਂਢੀਆਂ ਨੂੰ ਪੁੱਛਿਆ ਤਾਂ ਕੋਈ ਵੀ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਸੀ, ਕਿਉਂਕਿ ਉਸ ਔਰਤ ਦਾ ਬੇਟਾ ਇਹ ਕਹਿ ਕੇ ਗਿਆ ਸੀ ਕਿ ਜੇ ਕਿਸੇ ਨੇ ਮੇਰੀ ਮਾਂ ਦੀ ਕੋਈ ਮਦਦ ਕੀਤੀ ਤਾਂ ਉਸ ਨੂੰ ਮੈਂ ਵੱਢ ਦੇਵਾਂਗਾ। ਵਿਪਨ ਜੀ ਨੇ ਇਨਸਾਨੀਅਤ ਦੇ ਨਾਤੇ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਦਾ ਇੱਕ ਸਿਪਾਹੀ ਆਇਆ ਤਾਂ ਪੁੱਛਿਆ ਕਿ ਇਹ ਫੋਨ ਕਿਸ ਨੇ ਕੀਤਾ ਹੈ। ਤਾਂ ਵਿਪਿਨ ਜੀ ਨੇ ਕਿਹਾ ਕਿ ਮੈਂ ਕੀਤਾ ਹੈ। ਉਹ ਵਿਪਨ ਜੀ ਨੂੰ ਬੁਰਾ ਭਲਾ ਬੋਲਿਆ, ਅਸੀਂ ਵਿਹਲੇ ਇਸੇ ਕੰਮ 'ਤੇ ਹਾਂ? ਸਾਨੂੰ ਹੋਰ 50 ਕੰਮ ਹਨ, ਵਗੈਰਾ ਵਗੈਰਾ। ਵਿਪਿਨ ਜੀ ਨੇ ਕਿਹਾ ਠੀਕ ਹੈ ਤੁਸੀਂ ਮੈਨੂੰ ਆਪਣੇ ਐਸ.ਐਚ.ਓ ਦਾ ਨੰਬਰ ਦੇ ਦਿਓ ਮੈਂ ਉਹਨਾਂ ਨੂੰ ਫੋਨ ਕਰ ਲਵਾਂਗਾ। ਇਸ 'ਤੇ ਉਹ ਹੋਰ ਜਿਆਦਾ ਔਖਾ ਹੋ ਗਿਆ।

ਅਖੀਰ ਉਸ ਨੇ ਆਪਣੇ ਐਸ.ਐਚ.ਓ ਨੂੰ ਬੁਲਾ ਲਿਆ। ਐਸ.ਐਚ.ਓ ਵੀ ਆ ਕੇ ਵਿਪਿਨ ਜੀ ਨਾਲ ਥੋੜ੍ਹਾ ਬਹੁਤ ਗੁੱਸੇ ਹੋਇਆ। ਵਿਪਨ ਜੀ ਉਸ ਨੂੰ ਇੱਕ ਪਾਸੇ ਲੈ ਗਏ ਅਤੇ ਉਸ ਨੂੰ ਹੌਲੀ ਜਿਹੀ ਇੱਕ ਗੱਲ ਕਹੀ ਕਿ "ਭਾਈ ਸਾਹਿਬ ਸਾਰੀ ਦਿਹਾੜੀ, ਸਾਰੀ ਉਮਰ ਆਪਾਂ ਜਿਹੜੇ ਕੰਮ ਕਰਦੇ ਹਾਂ ਤੁਹਾਨੂੰ ਵੀ ਪਤਾ, ਸਾਨੂੰ ਵੀ ਪਤਾ, ਕਦੇ ਪੁੰਨ ਦਾ ਵੀ ਕੰਮ ਵੀ ਕਰ ਲਿਆ ਕਰੋ" ਪਤਾ ਨਹੀਂ ਕੀ ਹੋਇਆ ਉਸ ਗੱਲ ਨੇ ਉਸ ਐਸ.ਐਚ.ਓ ਦੇ ਦਿਲ ਉੱਤੇ ਇੰਨੀ ਗੂੜ੍ਹੀ ਸੱਟ ਮਾਰੀ ਕਿ ਉਸ ਨੇ ਉੱਥੇ ਖੜਿਆਂ- ਖੜਿਆਂ ਉਸ ਔਰਤ ਦਾ ਸਾਰਾ ਅੱਗਾ ਪਿੱਛਾ ਜਾਣਿਆ। ਪਤਾ ਲੱਗਿਆ ਕਿ ਇਸ ਦੇ ਤਿੰਨ ਬੇਟੇ ਹਨ, ਦੋ ਕੈਨੇਡਾ ਰਹਿੰਦੇ ਹਨ, ਇੱਕ ਕਿਸੇ ਹੋਰ ਮੁਲਕ 'ਚ ਰਹਿੰਦਾ ਹੈ। ਅੱਜ ਕੱਲ ਉਹ ਸਾਰੇ ਦੇ ਸਾਰੇ ਇੱਥੇ ਆਏ ਹੋਏ ਹਨ। ਰੌਲਾ ਇਹ ਹੈ ਕਿ ਜ਼ਮੀਨ-ਜਾਇਦਾਦ ਘਰ ਇਸ ਔਰਤ ਦੇ ਨਾਂ ਹੈ ਤੇ ਬੱਚੇ ਇਸ ਤੇ ਦਬਾਅ ਪਾਉਂਦੇ ਹਨ ਕਿ ਇਹ ਘਰ ਸਾਡੇ ਨਾਮ ਲਵਾ ਦੇਵੇ ਪਰ ਇਹ ਮਾਤਾ ਨਹੀਂ ਮੰਨਦੀ ਤੇ ਉਹਨਾਂ ਨੇ ਇਸ ਮਤਾ ਨੂੰ ਸੜਕ ਦੇ ਉੱਪਰ ਛੱਡ ਕੇ ਆਪਣੇ ਘਰ ਨੂੰ ਜਿੰਦਰਾ ਲਾ ਕੇ ਕਿਧਰੇ ਚਲੇ ਗਏ ਹਨ।

ਖੈਰ ਐਸ.ਐਚ.ਓ ਸਾਹਿਬ ਨੇ ਉਸ ਪਰਿਵਾਰ ਦੀਆਂ ਤਿੰਨੇ ਨੂੰਹਾਂ ਨੂੰ ਬੁਲਾ ਲਿਆ ਅਤੇ ਕਿਹਾ ਕਿ ਮਾਤਾ ਨੂੰ ਸੰਭਾਲੋ ਨਹੀਂ ਤਾਂ ਜੋ ਤੁਹਾਡਾ ਹਸ਼ਰ ਹੋਊ ਫਿਰ ਤੁਸੀਂ ਜਾਣਿਓ। ਤੇ ਉਹ ਮਾਤਾ ਜੀ ਨੂੰ ਆਪਣੇ ਘਰ ਲੈ ਗਈਆਂ।

ਉਸ ਤੋਂ ਬਾਅਦ ਜਦ ਵੀ ਵਿਪਨ ਜੀ ਉਸ ਐਸ.ਐਚ.ਓ ਨੂੰ ਮਿਲਦੇ ਤਾਂ ਉਹ ਦੂਰੋਂ ਹੀ ਕਹਿ ਦਿੰਦਾ ਮਾਤਾ ਜੀ ਠੀਕ ਹਨ ਫਿਕਰ ਨਾ ਕਰੋ।

ਸੋ ਸਾਨੂੰ ਆਪਣੀ ਜ਼ਿੰਦਗੀ ਵਿੱਚ ਕੋਈ ਨਾ ਕੋਈ ਪੁੰਨ ਦਾ ਕੰਮ ਵੀ ਜਰੂਰ ਕਰਨਾ ਚਾਹੀਦਾ ਹੈ ਕਿਉਂਕਿ ਪੁੰਨ ਦਾ ਫਲ ਮਿਲਣਾ ਹੀ ਮਿਲਣਾ ਹੈ ਪਾਪ ਦਾ ਫਲ ਉਹ ਵੀ ਮਿਲਣਾ ਪਰੰਤੂ ਪਾਪ ਦਾ ਫਲ ਭੋਗਣਾ ਬਹੁਤ ਔਖਾ ਹੁੰਦਾ ਹੈ

✲✲✲

# ਦੁਆ

ਜਗਤ ਨੇ ਇੱਕ ਢਾਬਾ ਸ਼ੁਰੂ ਕੀਤਾ। ਹੌਲੀ-ਹੌਲੀ ਗਾਹਕ ਵਧਦੇ ਗਏ। ਉਸ ਨੂੰ ਹਰ ਤਰ੍ਹਾਂ ਦੀ ਸਬਜ਼ੀ ਭਾਜੀ ਬਣਾਉਣ ਦਾ ਬਹੁਤ ਸ਼ੌਂਕ ਸੀ ਅਤੇ ਉਹ ਹਰ ਇੱਕ ਪਕਵਾਨ ਬੜੇ ਸ਼ੌਂਕ ਨਾਲ ਬਣਾਉਂਦਾ ਸੀ। ਉਸ ਦੇ ਕੁਝ ਗਾਹਕ ਪੱਕੇ ਤੌਰ 'ਤੇ ਵੀ ਲੱਗ ਗਏ ਸਨ। ਹੌਲੀ-ਹੌਲੀ ਕੰਮ ਵਧਦਾ ਗਿਆ।

ਉਸ ਦੀ ਮਾਤਾ ਨੇ ਉਸਨੂੰ ਇੱਕ ਗੱਲ ਹਮੇਸ਼ਾ ਯਾਦ ਰੱਖਣ ਨੂੰ ਕਹੀ ਸੀ ਕਿ ਕਿਸੇ ਗਰੀਬ ਦੀ ਬਦ-ਦੁਆ ਨਹੀਂ ਲੈਣੀ ਅਤੇ ਜੇਕਰ ਹੋ ਸਕਦਾ ਹੈ ਤਾਂ ਦੁਆ ਹਰ ਕੀਮਤ ਤੇ ਲੈਣੀ ਹੈ। ਉਸਨੇ ਆਪਣੀ ਮਾਂ ਦੀ ਗੱਲ ਕੰਨ ਵਿੱਚ ਪਾ ਲਈ।

ਹੌਲੀ-ਹੌਲੀ ਸਮਾਂ ਲੰਘਦਾ ਗਿਆ। ਉਸਨੇ ਇੱਕ ਵਧੀਆ ਸ਼ਹਿਰ ਵਿਚਕਾਰ ਰੈਸਟੋਰੈਂਟ ਖੋਲ੍ਹ ਲਿਆ ਅਤੇ ਰੈਸਟੋਰੈਂਟ ਦੇ ਵੀ ਗਾਹਕ ਪੱਕੇ ਲੱਗ ਗਏ ਸਨ ਜੋ ਹਰ ਦਿਨ, ਹਰ ਹਫਤੇ ਜਾਂ ਹਰ ਦੋ ਹਫਤੇ ਬਾਅਦ ਆਉਂਦੇ ਸਨ। ਕੰਮ ਚਲਦਾ ਗਿਆ। ਰੈਸਟੋਰੈਂਟ ਇੰਨਾ ਜ਼ਿਆਦਾ ਵਿਅਸਤ ਹੋਣ ਲੱਗ ਗਿਆ ਕਿ ਉੱਥੇ ਖਾਣਾ ਖਾਣ ਲਈ ਲੋਕਾਂ ਨੂੰ ਕਾਫੀ ਸਮਾਂ ਇੰਤਜ਼ਾਰ ਕਰਨਾ ਪੈਂਦਾ ਸੀ ਆਪਣੀ ਵਾਰੀ ਦਾ। ਉਸੇ ਇਕੱਠ ਵਿੱਚ ਇੱਕ ਮੰਗਤਾ ਵੀ ਆ ਕੇ ਬੈਠਣ ਲੱਗ ਪਿਆ ਅਤੇ ਉਸਨੇ ਖਾਣ ਪੀਣ ਲਈ ਵਧੀਆ ਚੀਜ਼ਾਂ ਮੰਗਵਾਉਣੀਆਂ ਅਤੇ ਬਿਨਾਂ ਪੈਸੇ ਦਿੱਤੇ ਅੱਖ ਬਚਾ ਕੇ ਚਲੇ ਜਾਣਾ।

ਦੋ ਦਿਨ, ਚਾਰ ਦਿਨ ਉਸ ਦੇ ਕਰਿੰਦਿਆਂ ਨੇ ਇਹ ਦੇਖਿਆ ਅਤੇ ਸਾਰਾ ਕਿੱਸਾ ਆਪਣੇ ਮਾਲਕ ਨੂੰ ਦੱਸਿਆ। ਮਾਲਕ ਨੇ ਕਿਹਾ, ਮੈਨੂੰ ਪਤਾ ਹੈ। ਉਸਦੇ ਕਰਿੰਦੇ ਕਹਿੰਦੇ ਜੇ ਪਤਾ ਹੈ ਤਾਂ ਤੁਸੀਂ ਉਸ ਨੂੰ ਰੋਕਦੇ ਕਿਉਂ ਨਹੀਂ? ਉਸ ਤੋਂ ਪੈਸੇ ਕਿਉਂ ਨਹੀਂ ਮੰਗਦੇ? ਤਾਂ ਮਾਲਕ ਨੇ ਜਵਾਬ ਦਿੱਤਾ ਕਿ ਇਹ ਮੰਗਤਾ ਹਰ ਰੋਜ਼ ਸਵੇਰ ਤੋਂ ਸ਼ਾਮ ਤੱਕ ਬਸ ਅੱਡੇ ਦੇ ਸਾਹਮਣੇ ਬੈਠ ਕੇ ਮੰਗਦਾ ਹੈ ਅਤੇ ਸ਼ਾਮ ਹੁੰਦੇ ਸੀ ਸਾਡੇ ਰੈਸਟੋਰੈਂਟ ਦੇ ਬਾਹਰ ਆਣ ਕੇ ਬੈਠ ਜਾਂਦਾ ਹੈ। ਜਦ ਇਹ ਦੇਖਦਾ ਹੈ ਰੈਸਟੋਰੈਂਟ ਪੂਰਾ ਭਰ ਗਿਆ ਹੈ ਤਾਂ ਉਸ ਸਮੇਂ ਇਹ ਅੰਦਰ ਆਣ ਕੇ ਖਾਣਾ ਖਾ ਕੇ ਚਲਾ ਜਾਂਦਾ ਹੈ। ਜਦ ਇਹ ਬਾਹਰ ਬੈਠਾ ਹੁੰਦਾ ਹੈ ਤਾਂ ਹਰ ਵਕਤ ਇਹੀ ਦੁਆ ਕਰ ਰਿਹਾ ਹੁੰਦਾ ਹੈ ਕਿ ਇਸ ਰੈਸਟੋਰੈਂਟ 'ਚ ਵੱਧ ਤੋਂ ਵੱਧ ਲੋਕ ਰੋਟੀ ਖਾਣ ਲਈ ਆਉਣ ਤਾਂ ਕਿ ਇਹ ਪੂਰਾ ਵਿਅਸਤ ਹੋਵੇ ਅਤੇ ਮੈਨੂੰ ਖਾਣਾ ਖਾ ਕੇ ਬਿਨਾਂ ਪੈਸੇ ਦਿੱਤੇ ਹੀ ਚਲੇ ਜਾਣ ਦਾ ਮੌਕਾ ਮਿਲ ਜਾਏ।

ਸੋ ਮੈਨੂੰ ਪਤਾ ਹੈ ਤੁਸੀਂ ਇਸ ਨੂੰ ਕੁਝ ਨਹੀਂ ਕਹਿਣਾ, ਇਸ ਦੀਆਂ ਦੁਆਵਾਂ ਨਾਲ ਹੀ ਮੇਰਾ ਇਹ ਰੈਸਟੋਰੈਂਟ ਚੱਲ ਰਿਹਾ ਹੈ, ਮੈਨੂੰ ਆਪਣੇ ਆਪ ਦੇ ਲਈ ਦੁਆ ਕਰਨ ਦੀ ਕੋਈ ਲੋੜ ਹੈ ਹੀ ਨਹੀਂ। ਜਦੋਂ ਮੇਰੇ ਲਈ ਇਹ ਦੋ ਹੱਥ ਉਤਾਂਹ ਚੱਕ ਕੇ ਦੁਆ ਕਰਦਾ ਹੈ ਤਾਂ ਪਰਮਾਤਮਾ ਇਸ ਦੀ ਸੁਣਦਾ ਹੈ ਅਤੇ ਮੈਨੂੰ ਇਸ ਦਾ ਪਤਾ

ਹੈ। ਸੋ ਤੁਸੀਂ ਇਸ ਨੂੰ ਕੁਝ ਨਹੀਂ ਕਹਿਣਾ ਅਤੇ ਇਸ ਤੋਂ ਕਦੇ ਵੀ ਪੈਸੇ ਨਹੀਂ ਮੰਗਣੇ। ਗਰੀਬ ਦੀ ਦਿਲੀ ਦੁਆ ਹਮੇਸ਼ਾ ਹੀ ਪਰਮਾਤਮਾ ਨੇੜੇ ਹੋ ਕੇ ਸੁਣਦਾ ਹੈ। ਸਾਨੂੰ ਵੀ ਕਿਸੇ ਲਈ ਦੁਆ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਕਿ ਕੋਈ ਸਾਡੇ ਲਈ ਵੀ ਦੁਆ ਕਰੇ।

✲✲✲

# ਕੀਰਨੇ

ਪਾਲੀ ਅੱਜ ਆਪਣੇ ਪਤੀ, ਪਾਲ, ਜਿਸਦੀ ਉਹ ਦੂਸਰੀ ਪਤਨੀ ਸੀ, ਦੇ ਜਨਾਜ਼ੇ ਨਾਲ ਚਲਦੀ ਜਾਂਦੀ ਕਈ ਤਰ੍ਹਾਂ ਦੇ ਕੀਰਨੇ ਪਾ ਰਹੇ ਸੀ। ਉੱਚੀ-ਉੱਚੀ ਰੋ-ਰੋ ਕੇ ਪਤਾ ਨਹੀਂ ਕੀ-ਕੀ ਕਹਿ ਰਹੀ ਸੀ।

ਪਾਲ ਦੀ ਇਹ ਦੂਸਰੀ ਸ਼ਾਦੀ ਸੀ। ਪਹਿਲੀ ਸ਼ਾਦੀ ਦੇ ਦੋ ਬੱਚੇ ਸਨ। ਦੂਜੀ ਸ਼ਾਦੀ ਪਾਲੀ ਨਾਲ ਹੋਈ ਸੀ ਜਿਸ ਦੇ ਵੀ ਅੱਗੇ ਦੋ ਬੱਚੇ ਹਨ। ਪਾਲੀ ਤੇ ਪਾਲ ਦੀ ਉਮਰ ਦਾ ਤਕਰੀਬਨ 15 ਸਾਲ ਦਾ ਫਰਕ ਸੀ। ਪਾਲੀ ਜਦੋਂ ਦੀ ਪਾਲ ਦੇ ਘਰੇ ਆਈ ਤਾਂ ਉਸਨੇ ਸਿਵਾਏ ਐਸ਼ਪ੍ਰਸਤੀ ਤੋਂ ਬਿਨਾਂ ਕੁਝ ਨਹੀਂ ਕੀਤਾ। ਪਾਲ ਸਾਰਾ ਦਿਨ ਕੰਮ ਕਰਦਾ, ਮਿਹਨਤ ਕਰਦਾ ਅਤੇ ਘਰ ਦਾ ਖਰਚਾ ਤੋਰਦਾ ਪ੍ਰੰਤੂ ਪਾਲੀ ਸਿਵਾਏ ਤੋਰੇ ਫੇਰੇ ਤੇ ਅਤੇ ਖਾਣ-ਪੀਣ ਤੋਂ ਬਿਨਾਂ ਕੁਝ ਨਹੀਂ ਸੀ ਕਰਦੀ।

ਪਾਲ ਹੁਣ ਨਿਰਬਲ ਹੋ ਚੁੱਕਿਆ ਸੀ। ਤਕਰੀਬਨ ਪਿਛਲੇ ਛੇ ਮਹੀਨੇ ਤੋਂ ਪਾਲੀ ਨੇ ਪਾਲ ਨੂੰ ਘਰ ਵਿੱਚ ਹੀ ਬੰਦੀ ਬਣਾ ਕੇ ਰੱਖਿਆ ਹੋਇਆ ਸੀ। ਉਸ ਦਾ ਮੰਨਣਾ ਸੀ ਕਿ ਪਾਲ ਬਾਹਰ ਜਾ ਕੇ ਕਈ ਤਰ੍ਹਾਂ ਦੇ ਕੁਕਰਮ ਕਰਦਾ ਹੈ ਜਦੋਂ ਕਿ ਇਹ ਬਿਲਕੁਲ ਗਲਤ ਸੀ। ਕਿਉਂਕਿ ਹੁਣ ਪਾਲ ਦੀ ਉਮਰ ਵਡੇਰੀ ਹੋ ਗਈ ਸੀ ਤੇ ਉਹ ਕੰਮ ਨਹੀਂ ਸੀ ਕਰ ਸਕਦਾ। ਉਹ ਬਜ਼ੁਰਗ ਹੋ ਗਿਆ ਸੀ। ਉਸ ਤੇ ਝੂਠੇ ਇਲਜ਼ਾਮ ਲਗਾ ਕੇ ਉਸ ਨੂੰ ਘਰੇ ਹੀ ਬੰਦੀ ਬਣਾ ਲਿਆ। ਉਸਦਾ ਦੋਸਤਾਂ ਮਿੱਤਰਾਂ ਨੂੰ ਮਿਲਣਾ ਬੰਦ ਹੋ ਗਿਆ, ਇੱਥੋਂ ਤੱਕ ਕਿ ਫੋਨ ਵੀ ਉਸ ਤੋਂ ਖੋਹ ਲਿਆ ਗਿਆ ਸੀ।

ਅੱਜ ਤੜਕਸਾਰ ਖਬਰ ਆਈ ਕਿ ਪਾਲ ਦੀ ਮੌਤ ਹੋ ਗਈ ਹੈ। ਇਹ ਮੌਤ ਇੱਕ ਕੁਦਰਤੀ ਮੌਤ ਨਹੀਂ ਸੀ। ਬੇਸ਼ਕ ਥੋੜੀ ਬਹੁਤੀ ਬਿਮਾਰੀ ਪਾਲ ਨੂੰ ਹੋ ਸਕਦੀ ਹੈ ਪਰ ਜ਼ਿਆਦਾਤਰ ਉਸ ਦੇ ਦਿਮਾਗ 'ਤੇ ਇਸ ਗੱਲ ਦਾ ਅਸਰ ਸੀ ਕਿ ਉਸਨੂੰ ਘਰ ਵਿੱਚ ਕੈਦ ਕੀਤਾ ਹੋਇਆ ਸੀ। ਕਦੇ ਵੀ ਕਿਸੇ ਵੀ ਕੁੜੀ ਨੂੰ, ਔਰਤ ਨੂੰ, ਇਹ ਸ਼ੋਭਾ ਹੀ ਨਹੀਂ ਦਿੰਦਾ ਕਿ ਉਹ ਆਪਣੇ ਪਤੀ ਨੂੰ ਇਸ ਤਰ੍ਹਾਂ ਜ਼ਲੀਲ ਕਰੇ ਅਤੇ ਘਰ ਵਿੱਚ ਬੰਦੀ ਬਣਾ ਕੇ ਰੱਖੇ। ਜਦ ਪਾਲੀ ਦੀ ਸ਼ਾਦੀ ਹੋਈ ਸੀ ਤਾਂ ਉਸ ਨੂੰ ਪਤਾ ਸੀ ਕਿ ਮੇਰੇ ਤੇ ਪਾਲ ਦੀ ਉਮਰ ਦਾ 15 ਸਾਲ ਦਾ ਫਰਕ ਹੈ, ਇਹ ਤਾਂ ਉਸ ਨੂੰ ਉਸ ਵਕਤ ਸੋਚਣਾ ਚਾਹੀਦਾ ਸੀ ਨਾ ਕਿ ਹੁਣ।

ਹੁਣ ਕੀਰਨੇ ਪਾਉਣ ਦਾ ਕੀ ਫਾਇਦਾ, ਉਸ ਦੀ ਮੌਤ ਦਾ ਕਾਰਨ ਤਾਂ ਖੁਦ ਪਾਲੀ ਹੀ ਸੀ।

***

# ਸਿੱਖਾਂ ਦੀ ਬਹਾਦਰੀ ਦੀ ਦਾਸਤਾਂ

ਸਿੱਖਾਂ ਦੀ ਬਹਾਦਰੀ ਦੇ ਕਿੱਸੇ, ਈਮਾਨਦਾਰੀ ਦੀਆਂ ਕਹਾਣੀਆ ਅਤੇ ਚਰਿੱਤਰ ਦੀਆਂ ਦਾਸਤਾਂ ਅਕਸਰ ਹੀ ਸੁਣੀਆਂ ਹਨ। ਅੱਜ ਤੁਹਾਨੂੰ ਸਿੱਖਾਂ ਬਾਰੇ ਇੱਕ ਬਿਲਕੁਲ ਅਲੱਗ ਹੀ ਤਰਾਂ ਦੀ ਕਹਾਣੀ ਨਾਲ਼ ਸਾਂਝ ਪੁਆਵਾਂਗੇ।

ਸਿੰਘਾਪੁਰ ਦੇ ਇੱਕ ਕਬਰਸਤਾਨ ਵਿੱਚ ਸਿੱਖਾਂ ਦੇ ਬੁੱਤ ਲਗੇ ਹੋਏ ਹਨ, ਓਹ ਵੀ ਕੋਈ ਦੋ, ਚਾਰ ਜਾਂ ਦਸ-ਵੀਹ ਨਹੀਂ, ਸਗੋਂ 3000 ਬੁੱਤ ਹਨ। ਇਸ ਰੌਚਕ ਕਹਾਣੀ ਬਾਰੇ ਜਦ ਮੈਨੂੰ ਪਤਾ ਲੱਗਿਆ ਤਾਂ ਮੈਨੂੰ ਜ਼ਕੀਨ ਨਹੀਂ ਹੋ ਸਕਿਆ, ਕਿਉਂਕਿ ਇਹ ਗੱਲ ਪਹਿਲੀ ਨਜ਼ਰੇ ਹਜ਼ਮ ਹੋਣ ਵਾਲੀ ਹੈ ਹੀ ਨਹੀਂ। ਇਹ ਗੱਲ ਪੰਜਾਬ ਵਿੱਚ ਹੋਵੇ ਤਾਂ ਮੰਨੀਏ ਜਾਂ ਕਿਸੇ ਹੱਦ ਤੱਕ ਬਾਹਰਲੇ ਸੂਬਿਆਂ ਵਿੱਚੋਂ ਵੀ ਹੋਵੇ ਤਾਂ ਵੀ ਮੰਨੀ ਜਾ ਸਕਦੀ ਹੈ ਪ੍ਰੰਤੂ ਸਿੰਗਾਪੁਰ ਜਿਹੇ ਦੇਸ਼ ਵਿੱਚ? ਹੈਰਾਨੀ ਤਾਂ ਹੋਵੇਗੀ ਹੀ, ਮੈਨੂੰ ਵੀ ਬਹੁਤ ਹੋਈ ਸੀ। ਇਸ ਵਾਰਤਾ ਨੂੰ ਕਲਮ ਦੇਣ ਤੋਂ ਪਹਿਲਾਂ ਮੈਂ ਆਪਣੇ ਸਿੰਗਾਪੁਰ ਰਹਿੰਦੇ ਦੋਸਤ ਨੂੰ ਪੁੱਛਿਆ ਤਾਂ ਉਸ ਨੇ ਇਹ ਕਹਿ ਕੇ ਹਾਮੀ ਭਰੀ ਕਿ ਉਸਨੇ ਇਹ ਬੁੱਤ ਖੁਦ ਦੇਖੇ ਹਨ। ਸਿੰਘਾਂ ਦੇ ਬੁੱਤ, ਚੀਨੀ ਲੋਕਾਂ ਦੀਆਂ ਕਬਰਾਂ ਵਿਚ, ਉਹ ਵੀ ਸਿੰਗਾਪੁਰ ਜਿਹੇ ਮੁਲਕ ਵਿੱਚ, ਇਸ ਪਿੱਛੇ ਦੀ ਸਚਾਈ ਕੋਈ 10-20-50 ਸਾਲ ਪੁਰਾਣੀ ਨਹੀਂ ਹੈ ਸਗੋਂ ਇਹ 100-150 ਸਾਲ ਪੁਰਾਣਾ ਇਤਿਹਾਸ ਹੈ ਪਰ ਕਿਉਂ ਲਗਵਾਏ ਚੀਨੀ ਲੋਕਾਂ ਨੇ ਸਿੰਘਾਂ ਦੇ ਬੁੱਤ ਆਪਣੀਆਂ ਕਬਰਾਂ 'ਚ? ਇਸ ਪਿੱਛੇ ਹੈ ਸਿੰਘਾਂ ਦੀ ਬਹਾਦਰੀ, ਈਮਾਨਦਾਰੀ ਅਤੇ ਜਜ਼ਬੇ ਦੀ ਕਹਾਣੀ, ਜਿਸ ਨੂੰ ਸੁਣ ਕੇ ਤੁਹਾਡੇ ਵੀ ਲੂੰ-ਕੰਡੇ ਖੜ੍ਹੇ ਹੋ ਜਾਣਗੇ।

ਇਹ ਬੁੱਤ ਕਿੱਥੇ ਹਨ? ਇਹ ਸਿੰਗਾਪੁਰ ਦੀ 'ਬੁਕੇਟ ਬਰਾਊਨ' ਨਾਮੀ ਕਬਰਸਤਾਨ ਵਿੱਚ ਸਥਿਤ ਹਨ ਜਿਹੜੀ ਤਕਰੀਬਨ 210 ਏਕੜ ਜ਼ਮੀਨ ਵਿੱਚ ਬਣੀ ਹੋਈ ਹੈ ਅਤੇ ਇੱਥੇ ਲੱਗਪਗ ਇੱਕ ਲੱਖ ਤੋਂ ਵੀ ਜ਼ਿਆਦਾ ਲੋਕਾਂ ਨੂੰ ਦਫ਼ਨ ਕੀਤਾ ਹੋਇਆ ਹੈ। ਇਥੇ ਤਕਰੀਬਨ 10000 ਚੀਨੀ ਲੋਕਾਂ ਦੀਆਂ ਕਬਰਾਂ ਅਤੇ ਤਕਰੀਬਨ 3000 ਸਿੰਘਾਂ ਦੇ ਬੁੱਤ ਬਣੇ ਹੋਏ ਹਨ। ਇਹ ਕੋਈ ਆਮ ਚੀਨੀ ਨਹੀਂ ਸਨ, ਸਗੋਂ ਉਨੀਵੀਂ ਸਦੀ ਦੇ ਸਭ ਤੋਂ ਅਮੀਰ ਕਾਰੋਬਾਰੀ ਵਿਅਕਤੀ ਸਨ। ਚੀਨੀ ਲੋਕਾਂ ਨੇ ਕਿਉਂ ਸਿੰਘਾਂ ਦੇ ਬੁੱਤ ਲਗਾਏ?

ਸੰਸਾਰ ਯੁੱਧ ਪਹਿਲੇ ਅਤੇ ਦੂਸਰੇ ਵਿੱਚ ਸਿੰਘਾਂ ਨੇ ਆਪਣੀ ਬਹਾਦਰੀ ਅਤੇ ਈਮਾਨਦਾਰੀ ਦੇ ਝੰਡੇ ਗੱਡੇ ਸਨ। ਬਰਤਾਨੀਆਂ ਵਾਲੇ ਇਨ੍ਹਾਂ ਜੰਗਾਂ ਦੌਰਾਨ ਇਨ੍ਹਾਂ ਸਿੰਘਾਂ ਨੂੰ ਵੱਖਰੇ-ਵੱਖਰੇ ਦੇਸ਼ਾਂ ਵਿੱਚ ਲੈ ਕੇ ਗਏ ਸਨ। ਬਹੁਤੇ ਸਿੱਖਾਂ ਨੂੰ ਚੀਨ ਦੇ ਸ਼ਿੰਘਾਈ ਸ਼ਹਿਰ ਵਿੱਚ ਹੀ ਲੈ ਕੇ ਗਏ ਸਨ। ਇਨ੍ਹਾਂ ਨੂੰ ਪੁਲੀਸ, ਫੌਜ ਵਿੱਚ ਜਾਂ ਸਕਿਉਰਿਟੀ ਗਾਰਡ ਦੀ ਨੌਕਰੀ ਦਿੱਤੀ ਜਾਂਦੀ ਸੀ। ਉਨ੍ਹਾਂ ਸਮਿਆਂ ਵਿੱਚ ਚੀਨ ਦੀ ਪੁਲਿਸ ਰਿਸ਼ਵਤ ਲੈਣ ਲਈ ਬਦਨਾਮ ਮੰਨੀ ਜਾਂਦੀ ਸੀ ਪਰ ਇਹ ਸਿੱਖ

ਆਪਣੀ ਡਿਊਟੀ ਪੂਰੀ ਈਮਾਨਦਾਰੀ ਅਤੇ ਬਹਾਦਰੀ ਨਾਲ ਕਰਦੇ ਸਨ। ਇਸ ਤਰ੍ਹਾਂ ਇਨ੍ਹਾਂ ਨੇ ਇੱਥੋਂ ਦੇ ਲੋਕਾਂ ਦੇ ਦਿਲਾਂ ਵਿੱਚ ਆਪਣਾ ਇੱਕ ਵੱਖਰਾ ਅਤੇ ਵਧੀਆ ਸਥਾਨ ਬਣਾ ਲਿਆ ਸੀ।

ਨੌਕਰੀ ਬਰਤਾਨੀਆ ਦੀ ਕੀਤੀ ਪਰ ਉਨ੍ਹਾਂ ਦੀ ਤਾਇਨਾਤੀ ਚੀਨ ਵਿੱਚ ਸੀ। ਯੁੱਧ ਖਤਮ ਹੋਣ 'ਤੇ ਇਹ ਵਾਪਿਸ ਨਹੀਂ ਪਰਤੇ ਸਗੋਂ ਉੱਥੇ ਹੀ ਰੁਕ ਗਏ। ਇਨ੍ਹਾਂ ਦੀ ਬਹਾਦਰੀ ਤੇ ਇਮਾਨਦਾਰੀ ਕਰਕੇ ਚੀਨੀ ਲੋਕ ਵੀ ਇਨ੍ਹਾਂ ਨੂੰ ਨੌਕਰੀਆਂ ਦੇਣ ਲੱਗੇ। ਚੀਨੀ ਆਪ ਕੱਦ ਦੇ ਬਹੁਤ ਹੀ ਛੋਟੇ ਅਤੇ ਇਹ ਸਿੱਖ ਉੱਚੇ ਲੰਬੇ ਅਤੇ ਸਡੌਲ ਸਰੀਰ ਦੇ ਮਾਲਕ ਸਨ, ਜਿਸ ਕਰਕੇ ਇਹ ਲੋਕ ਇਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਏ। ਨਾਂ ਕਿਸੇ ਨੂੰ ਡਰਾਉਣਾ ਨਾਂ ਧਮਕਾਉਣਾ ਸਗੋਂ ਦਿਲ ਜਿੱਤਣ ਦੀ ਕਲਾ ਕਰਕੇ ਇਹ ਇੱਕ ਪਰਮਾਣਿਤ ਤੌਰ ਤੇ ਵੱਖਰੀ ਹੀ ਪਹਿਚਾਣ ਬਣਾਉਂਦੇ ਸਨ। ਹੌਲ਼ੀ ਹੌਲ਼ੀ ਇੰਨ੍ਹਾਂ ਕਾਰੋਬਾਰੀਆਂ ਨੇ ਇਨ੍ਹਾਂ ਸਿੰਘਾਂ ਨੂੰ ਆਪਣੇ ਸਕਿਉਰਿਟੀ ਗਾਰਡ ਦੇ ਤੌਰ ਤੇ ਰੱਖ ਲਿਆ। ਜਿੱਥੇ ਇੱਕ ਉੱਚਾ ਲੰਬਾ ਸਕਿਉਰਿਟੀ ਗਾਰਡ ਖੜ੍ਹਾ ਹੁੰਦਾ ਉੱਥੇ ਕੋਈ ਹਿੰਮਤ ਨਹੀਂ ਸੀ ਕਰਦਾ ਕਿ ਅੱਖ ਚੱਕ ਕੇ ਵੀ ਦੇਖ ਜਾਵੇ। 1949 ਵਿੱਚ ਇੱਥੇ ਰਾਜ ਪਲਟਾ ਹੋ ਗਿਆ ਅਤੇ ਇਨ੍ਹਾਂ ਦੀਆਂ ਨੌਕਰੀਆਂ ਚਲੀਆਂ ਗਈਆਂ। ਹੌਲ਼ੀ ਹੌਲ਼ੀ ਇਹ ਲੋਕ ਕੈਨੇਡਾ, ਅਮਰੀਕਾ ਅਤੇ ਸਿੰਗਾਪੁਰ ਵੱਲ ਨੂੰ ਪਲਾਇਨ ਕਰਨ ਲਈ ਮਜਬੂਰ ਹੋ ਗਏ।

ਸਿੰਗਾਪੁਰ ਵਿੱਚ ਚੀਨੀ ਬਹੁ ਗਿਣਤੀ ਵਿੱਚ ਸਨ ਇਸ ਕਰਕੇ ਇਨ੍ਹਾਂ ਸਿੱਖਾਂ ਨੂੰ ਇੱਥੇ ਵੀ ਨੌਕਰੀ ਮਿਲਣੀ ਸੌਖੀ ਹੋ ਗਈ ਸੀ। ਚੀਨੀ ਲੋਕਾਂ ਦਾ ਇਹ ਮੰਨਣਾ ਸੀ ਕਿ ਇਹ ਉੱਚੇ-ਲੰਬੇ ਸਿੱਖ ਸਾਡੀ ਇਸ ਦੁਨੀਆਂ ਵਿੱਚ ਵੀ ਅਤੇ ਅਗਲੀ ਦੁਨੀਆਂ ਵਿੱਚ ਵੀ ਰੱਖਿਆ ਕਰਨਗੇ। ਇਸੇ ਧਾਰਨਾ ਕਰਕੇ ਇਨ੍ਹਾਂ ਨੇ ਆਪਣੀ ਕਬਰ ਦੇ ਦੋਨੋਂ ਪਾਸੇ ਇਨ੍ਹਾਂ ਸਿੰਘਾਂ ਦੇ ਬੁੱਤ ਲਗਵਾਉਣ ਦਾ ਮਨ ਬਣਾਇਆ। ਇਸ ਗੱਲ ਦਾ ਇੰਨ੍ਹਾਂ ਦੀ ਹੁਣ ਵਾਲ਼ੀ ਪੀੜ੍ਹੀ ਨੂੰ ਵੀ ਪਤਾ ਲੱਗ ਗਿਆ ਹੈ ਕਿ ਇਹ ਸਿੱਖ ਲੋਕ ਹੀ ਸਾਡੀ ਰਾਖੀ ਕਰ ਸਕਦੇ ਹਨ। ਸੋ ਇਹ ਇੱਕ ਸੁਣੀ ਸੁਣਾਈ ਨਹੀਂ ਸਗੋਂ ਬਿਲਕੁਲ ਸੱਚੀ ਕਥਾ ਹੈ।

ਦਾਸ ਨੂੰ ਸਿੰਗਾਪੁਰ ਜਾਣ ਦਾ ਮੌਕਾ ਤਾਂ ਬਹੁਤ ਵਾਰੀ ਮਿਲਿਆ ਹੈ ਪਰ ਇਸ ਤੱਥ ਬਾਰੇ ਜਾਣਕਾਰੀ ਨਹੀਂ ਸੀ। ਹੁਣ ਜਦ ਵੀ ਅਗਲੀ ਵਾਰ ਸਿੰਗਾਪੁਰ ਜਾਣ ਦਾ ਮੌਕਾ ਮਿਲਿਆ ਤਾਂ ਜ਼ਰੂਰ ਹੀ ਸਿੰਘਾਂ ਦੇ ਬੁੱਤ ਦੇਖ ਕੇ ਆਵਾਂਗੇ।

***

# ਭੈਣਾਂ ਨੂੰ ਖਾਲੀ ਨਹੀਂ ਤੋਰੀਦਾ

ਇੱਕ ਭੈਣ ਜੀ ਨੇ ਗੱਲ ਸੁਣਾਈ। ਗੱਲਾਂ ਛੋਟੀਆਂ ਹੀ ਨੇ ਪਰ ਬੜੀਆਂ ਡੂੰਘਾਈ ਵਾਲੀਆ ਨੇ ਮਨ ਤੇ ਬੜਾ ਅਸਰ ਕਰਦੇ ਨੇ ਕੁੱਝ ਵਾਕਿਆਤ।

ਕੁੱਝ ਦਿਨ ਹੋਏ ਕਿਸੇ ਕੰਮ ਬਟਾਲੇ ਜਾਣਾ ਪਿਆ। ਪਤੀ ਦੇਵ ਛੱਡ ਕੇ ਗਏ ਅਤੇ ਮੈਂ ਅਪਣੇ ਕੰਮਾਂ ਕਾਰਾ ਚ ਰੁੱਝ ਗਈ। ਕੰਮ ਮੁਕਾ ਵਾਪਸੀ ਲਈ ਸਰਦਾਰ ਜੀ ਨੇ ਚੁੱਕਣ ਲਈ ਆਉਣਾ ਸੀ ਪਰੰਤੂ ਘਰ ਜਾਣ ਲਈ ਰਿਕਸ਼ਾ ਲੈਣਾ ਪੈਣਾ ਸੀ। ਮੈਂ ਰਿਕਸ਼ਾ ਲੈ, ਬੈਠ ਗਈ। ਕੁੱਝ ਦੂਰੀ 'ਤੇ ਜਾਣ ਤੋਂ ਬਾਅਦ ਰਿਕਸੇ ਵਾਲ਼ਾ ਆਖਦੈ.... ਭੈਣ ਕਦੋਂ ਆਈ ਸਹੁਰਿਆਂ ਤੋਂ...

ਸੁਣ ਮੈਂ ਬਹੁਤ ਹੈਰਾਨ ਹੋਈ... ਭਾਅ ਤੁਸੀਂ ਮੈਨੂੰ ਜਾਣਦੇ ਹੋ....

ਹੱਸ ਆਖਦਾ ਤੈਨੂੰ ਖਿਡਾਉਦਾ ਰਿਹਾ ਭੈਣ....

ਮੈਂ ਪਛਾਣਿਆ ਨਹੀਂ ਭਾਅ ...

ਪੈਂਡਲ ਮਾਰਦਾ ਆਖਦੈ....

ਭੈਣ ਮੈਂ ਸੋਖਾ ਤੁਹਾਡਾ ਸੀਰੀ ਰਿਹਾ ..

ਏਨਾ ਕਹਿਣ ਦੀ ਦੇਰ ਸੀ ਮੈਨੂੰ ਯਾਦ ਆ ਗਿਆ, ਹਾਂ ਹਾਂ ਆ ਗਿਆ ਯਾਦ।

ਕੀ ਹਾਲ ਤੇਰਾ ਭਾਅ... ਮੈਨੂੰ ਬੜੀ ਖੁਸ਼ੀ ਹੋਈ।

ਉਹ ਸੀਰੀ ਸੀ ਸਾਡੇ ਤਾਇਆ ਜੀ ਦਾ। ਜਦੋਂ ਮੈਂ ਅਜੇ ਸਾਇਦ ਚੌਥੀ ਪੰਜਵੀਂ ਜਮਾਤ ਵਿੱਚ ਹੋਵਾਂਗੀ। ਮਾਂ ਉਸ ਦੀ ਸਾਡੇ ਘਰਾਂ ਵਿੱਚ ਕੰਮ ਕਰਦੀ ਸੀ ਭੈਣ ਮਾਇਓ ਸੀ ਉਸ ਦਾ ਨਾਂ। ਇਹਨਾਂ ਦੇ ਪਿਓ ਨੂੰ ਜਰਾ ਉੱਚਾ ਸੁਣਦਾ ਸੀ ਸੋ ਉਸ ਨੂੰ ਭਾਅ ਬੋਲਾ ਹੀ ਕਹਿੰਦੇ ਸਨ। ਉਹ ਵੀ ਦਿਹਾੜੀਦਾਰ ਸੀ। ਸ਼ਾਇਦ ਇਸ ਦੀ ਮਾਂ ਨੇ ਪੰਦਰਾਂ ਵੀਹ ਸਾਲ ਸਾਡੇ ਘਰਾਂ ਵਿੱਚ ਸਫਾਈ ਦਾ ਕੰਮ ਕੀਤਾ ਹੋਵੇਗਾ। ਸਾਡੀ ਜ਼ਮੀਨ ਸ਼ਹਿਰੀ ਸੀ ਸੋ ਸਾਡੇ ਘਰ ਸ਼ਹਿਰ ਤੋ ਬਾਹਰਵਾਰ ਖੂੰਹ ਤੇ ਬਣਾਏ ਹੋਏ ਸਨ। ਚਾਚੇ ਤਾਇਆਂ ਦੇ ਸਭ ਘਰਾਂ ਵਿੱਚ ਇਸ ਦੀ ਮਾਂ ਤੇ ਭੈਣਾਂ ਕੰਮ ਕਰਦੀਆਂ ਸਨ। ਸੋਖੇ ਦੀਆਂ ਚਾਰ ਪੰਜ ਭੈਣਾ ਸੀ ਸਾਇਦ ਪੱਕਾ ਯਾਦ ਨਹੀਂ ਤੇ ਇੱਕ ਨਿੱਕਾ ਵੀਰ ਸੀ। ਸੋਖਾ ਬੜਾ ਮੇਹਨਤੀ ਸੀ ਸਾਰੇ ਭਰਾ ਭੈਣਾ ਬਹੁਤ ਸੋਹਣੇ ਸੁਨੱਖੇ ਸਨ। ਮਾਂ ਨਾਲ ਭੈਣਾ ਵੀ ਆਉਂਦੀਆਂ ਸਨ ਕੰਮ ਕਰਵਾਉਣ।ਸਾਡਾ ਸਾਰਾ ਪਰਿਵਾਰ ਚੋਰਾਸੀ ਤੋਂ ਪਹਿਲਾਂ ਹੀ ਹੌਲੀ-ਹੌਲੀ ਬਾਹਰ ਜਾਣਾ ਸ਼ੁਰੂ ਹੋ ਗਿਆ ਸੀ ਤੇ ਫਿਰ ਸਾਇਦ ਇਸ ਨੇ ਵੀ ਰੋਜੀ ਰੋਟੀ ਕਮਾਉਣ ਲਈ ਰਿਕਸ਼ਾ ਚਲਾਉਣਾ ਸੁਰੂ ਕਰ ਦਿੱਤਾ ਹੋਵੇਗਾ। ਗੱਲਾਂ ਕਰਦਿਆਂ-ਕਰਦਿਆਂ ਬਚਪਨ ਯਾਦ ਕਰਦਿਆਂ ਮੈਂ ਨਿਸ਼ਚਿਤ ਥਾਂ ਤੇ ਪਹੁੰਚ ਗਈ। ਮੈਂ ਰਿਕਸ਼ੇ ਚੋਂ ਉੱਤਰ ਕੇ ਜਿਵੇਂ ਹੀ ਪਰਸ ਖੋਲ ਪੈਸੇ ਕੱਢੇ, ਸੋਚਿਆ ਪੁਰਾਣਾ ਕਾਮਾ ਹੈ ਬਥੇਰਾ ਕੰਮ ਕੀਤਾ ਸਾਡਾ। ਮਾਲਕ ਦੀ ਮੇਹਰ ਹੈ

ਕੁੱਝ ਮਦਦ ਕਰ ਦੇਵਾਂ ਇਸ ਦੀ... ਵਿਚਾਰਾ ਸਾਰਾ ਦਿਨ ਪੈਡਲ ਮਾਰ ਘਰ ਦਾ ਗੁਜ਼ਾਰਾ ਕਰਦਾ। ਮੇਰੇ ਪੈਸੇ ਦੇਣ ਤੋਂ ਪਹਿਲਾਂ ਹੀ ਉਸ ਅਪਣੇ ਸਿਰ ਦੇ ਪਰਨੇ ਵਿੱਚੋਂ ਦਸ-ਦਸ ਦੇ ਦੋ ਮੈਲੇ ਕੁਚੈਲੇ ਗੋਲ-ਗੋਲ ਵਲੇਟ ਕੇ ਰੱਖੇ ਨੋਟ ਕੱਢੇ ਤੇ ਮੇਰੇ ਅੱਗੇ ਕਰ ਦਿੱਤੇ।

ਅਖੇ ਲੈ ਭੈਣ ਪਿਆਰ ....

ਮੇਰੀ ਹੈਰਾਨੀ ਦੀ ਹੱਦ ਨਾ ਰਹੀ!!!

ਨਹੀਂ ਨਹੀਂ ਭਾਅ ਮੈਨੂੰ ਕਾਹਦਾ ਪਿਆਰ ....

ਦੇਣਾ ਤਾਂ ਮੈਂ ਤੈਨੂੰ ਹੈ...

ਨਹੀਂ ਭੈਣ...... ਪੇਕੇ ਆਈਆਂ

ਭੈਣਾਂ ਨੂੰ ਖਾਲੀ ਨਹੀਂ ਤੋਰੀਦਾ... ਤੇਰਾ ਵੀਰ ਏਨੇ ਜੋਗਾ ਹੀ ਹੈ ... ਨਾਲੇ ਰੱਖੜੀ ਆਉਣ ਵਾਲੀ ਹੈ। ਸਬੱਬ ਨਾਲ.....ਕਿੰਨੇ ਸਾਲਾਂ ਬਾਅਦ ਤੂੰ ਮਿਲੀ ਹੈ ਭੈਣ ....

ਏਨਾ ਸੁਣ...

ਅੱਖਾਂ ਆਪ-ਮੁਹਾਰੇ ਵਹਿ ਤੁਰੀਆਂ...... ਬੜਾ ਇਨਕਾਰ ਕੀਤਾ ਪਰ ਉਹ ਅਪਣੀ ਗੱਲ ਤੇ ਬਜਿੱਦ ਰਿਹਾ। ਉਸ ਦੀ ਇਸ ਅੱਪਣਤ ਨੇ ਮੈਨੂੰ ਲਾਜਵਾਬ ਕਰ ਦਿੱਤਾ।

ਮੈਂ ਬੜੀ ਕੋਸ਼ਿਸ਼ ਕੀਤੀ ਪਰ ਉਸਨੇ ਪੈਸੇ ਨਹੀਂ ਲਏ।

ਕੁਦਰਤੀ ਮੈਂ ਮਿਠਾਈ ਖਰੀਦੀ ਸੀ ਤੇ ਕੁਝ ਫਲ ਲਏ ਸਨ। ਜ਼ਬਰਦਸਤੀ ਮੈਂ ਉਹ ਲਿਫਾਫੇ ਉਸ ਦੇ ਰਿਕਸ਼ੇ ਵਿੱਚ ਰੱਖ ਦਿੱਤੇ। ਸਰਦਾਰ ਜੀ ਵੀ ਆ ਚੁੱਕੇ ਸਨ। ਸੋ ਉਸ ਤੋਂ ਅਲਵਿਦਾ ਲੈ ਮੈਂ ਕਾਰ ਵਿੱਚ ਬੈਠ ਤੁਰ ਪਈ ਅਪਣੇ ਘਰ ਨੂੰ, ਪਰ ਇਸ ਮੋਹ ਨਾਲ ਮਨ ਵਿਰਾਗ ਵਿੱਚ ਆ ਗਿਆ। ਖੌਰੇ ਮਨੋ ਕਿੰਨੀਆਂ ਅਸੀਸਾਂ ਨਿਕਲੀਆਂ ਉਸ ਵੀਰ ਲਈ। ਉਸ ਦੇ ਇਹ ਬੋਲ 'ਪੇਕੇ ਆਈਆਂ ਭੈਣਾਂ ਨੂੰ ਖਾਲੀ ਨਹੀਂ ਤੋਰੀਦਾ'...ਯਾਦ ਕਰ ਇੰਝ ਮਹਿਸੂਸ ਹੋਇਆ ਜਿਵੇਂ ਕਿਸੇ ਨੇ ਪਿਆਰ ਨਾਲ ਸਿਰ ਤੇ ਹੱਥ ਧਰ ਦਿੱਤਾ ਹੋਵੇ।

***

# ਦੁਨੀਆਂ ਦੁਖੀ ਪਰੇ ਤੋਂ ਪਰੇ

ਮੈਨੂੰ ਅਜੇ ਤਿੰਨ ਦਿਨ ਹੀ ਹੋਏ ਸਨ ਅਸਟਰੇਲੀਆ ਤੋਂ ਭਾਰਤ ਆਏ ਨੂੰ ਕਿ ਮੇਰੇ ਗ੍ਰਿਹ ਮੰਤਰੀ (ਧਰਮ ਪਤਨੀ) ਦਾ ਅਦੇਸ਼ ਆਇਆ ਕਿ ਕੁਝ ਸਿਰ ਨੂੰ ਰੰਗਣ ਵਾਲਾ ਸਮਾਨ, ਪੀਸਿਆ ਪਿਸਾਇਆ ਨਹੀਂ ਲਿਆਉਣਾ ਸਗੋਂ ਬਜ਼ਾਰੋਂ ਸਾਬਤ ਲੈ ਕੇ ਪਿਸਾਉਣਾ ਹੈ। ਮੇਰੇ ਗੁਆਂਢੀਆਂ ਦੀ ਇੱਕ ਪੰਸਾਰੀ ਦੀ ਦੁਕਾਨ ਤੋਂ ਮੈਂ ਲੋੜੀਂਦਾ ਸਮਾਨ ਖਰੀਦਿਆ ਅਤੇ ਪਿਸਾਉਣ ਲਈ ਇੱਕ ਚੱਕੀ ’ਤੇ ਪਹੁੰਚ ਗਿਆ। ਜਦ ਮੈਂ ਆਪਣੀ ਜ਼ਰੂਰਤ ਦੱਸੀ ਤਾਂ ਦੁਕਾਨਦਾਰ ਨੇ ਮੈਨੂੰ ਪੌੜੀ ਚੜ੍ਹ ਜਾਣ ਵੱਲ ਇਸ਼ਾਰਾ ਕੀਤਾ। ਉੱਪਰ ਜਾ ਕੇ ਦੇਖਿਆ ਤਾਂ ਉੱਥੇ ਕੰਮ ਕਰਨ ਵਾਲੀ ਇੱਕ ਅੱਧਖੜ੍ਹ ਉਮਰ ਵਾਲੀ ਔਰਤ, ਸੁਰਜੀਤ ਕੌਰ ਜਿਸਦੀ ਖੱਬੀ ਬਾਂਹ ਕੂਹਣੀ ਤੋਂ ਉੱਪਰ ਤੋਂ ਕੱਟੀ ਹੋਈ ਸੀ ਅਤੇ ਉਹ ਇੱਕੋ ਹੀ ਹੱਥ ਅਤੇ ਟੁੰਡੀ ਬਾਂਹ ਨਾਲ ਹੀ ਸਾਰਾ ਕੰਮ ਕਰਦੀ, ਕੱਚਾ ਮਾਲ ਚੱਕੀ ਵਿੱਚ ਪਾਉਣਾ, ਬਾਲਟੀ ਨੂੰ ਸੰਭਾਲਣਾ, ਪੀਸਿਆ ਹੋਇਆ ਸਮਾਨ ਸੰਭਾਲਣਾ ਆਦਿ ਸਭ ਕਰਦੀ ਦਿਖਾਈ ਦਿੱਤੀ।

ਰੱਬਾ ਤੇਰੇ ਰੰਗ ਨਿਆਰੇ ਨੇ, ਦੋ ਦੋ ਹੱਥਾਂ ਵਾਲੇ ਵਿਹਲੀਆਂ ਖਾਂਦੇ ਹਨ ਤੇ ਆਹ ਵਿਚਾਰੀ ਡੇਢ ਹੱਥ ਵਾਲੀ ਕਿੰਨੀ ਮਿਹਨਤ ਨਾਲ ਸਾਰਾ ਕੰਮ ਕਰ ਰਹੀ ਹੈ। ਦਿਲ ਨੇ ਇਸ ਸਭ ਕੁਝ ਦੇ ਪਿੱਛੇ ਦੀ ਕਹਾਣੀ ਜਾਣਨ ਦੀ ਕੋਸ਼ਿਸ਼ ਕੀਤੀ। ਪਤਾ ਲੱਗਿਆ ਕਿ ਸੁਰਜੀਤ ਕੌਰ ਦੇ ਵਿਆਹ ਤੋਂ ਪੰਜ ਸਾਲ ਬਾਅਦ ਹੀ ਉਸਦੇ ਪਤੀ, ਕਰਮ ਸਿਹੁੰ ਦੀ ਸ਼ਰਾਬ ਜ਼ਿਆਦਾ ਪੀਣ ਨਾਲ ਮੌਤ ਹੋ ਗਈ ਸੀ। ਇਨ੍ਹਾਂ ਪੰਜ ਸਾਲਾਂ ਦੌਰਾਨ ਸੁਰਜੀਤ ਕੌਰ ਇੱਕ ਬੇਟੇ ਅਤੇ ਇੱਕ ਬੇਟੀ ਦੀ ਮਾਂ ਬਣ ਚੁੱਕੀ ਸੀ। ਮਿਹਨਤ ਮਜ਼ਦੂਰੀ ਕਰਕੇ ਦੋਨੋਂ ਹੀ ਬੱਚੇ ਵਿਆਹੇ। ਧੀ ਧਿਆਣੀ ਆਪਣੇ ਘਰ ਚਲੀ ਗਈ, ਪੁੱਤ ਨੂੰ ਵਿਆਹਿਆ ਤਾਂ ਪੁੱਤ ਨੇ ਆਪਣੀ ਛੋਟੀ ਮਾਂ, ਘਰ ਵਾਲੀ, ਦੇ ਮਗਰ ਲੱਗ ਕੇ ਆਪਣੀ ਮਾਂ ਨੂੰ ਸੰਭਾਲਣ ਤੋਂ ਅਸਮਰੱਥਾ ਜ਼ਾਹਰ ਕੀਤੀ।

ਮਰਦਾ ਕੀ ਨਾ ਕਰਦਾ। ਸੁਰਜੀਤ ਕੌਰ ਇੱਕ ਅਣਖ ਵਾਲੀ ਔਰਤ ਹੋਣ ਕਰਕੇ ਆਪਣੀ ਰੋਟੀ ਰੋਜ਼ੀ ਦੀ ਤਾਲਾਸ਼ ਵਿੱਚ ਕਿਸੇ ਕਾਰਖਾਨੇ ਵਿੱਚ ਜਾ ਨੌਕਰੀ ਕਰ ਲਈ। ਤਕਰੀਬਨ ਪੰਜ ਛੇ ਸਾਲ ਪਹਿਲਾਂ ਇੱਕ ਦਿਨ ਜਦੋਂ ਉਹ ਕਾਰਖਾਨੇ ਵਿੱਚ ਕੰਮ ਕਰ ਰਹੀ ਸੀ ਤਾਂ ਅਚਾਨਕ ਉਸਦਾ ਹੱਥ ਚਲਦੇ ਹੋਏ ਪਟੇ ਨਾਲ ਲਪੇਟਿਆ ਗਿਆ ਅਤੇ ਇਸ ਹਾਦਸੇ ਵਿੱਚ ਉਸਦਾ ਹੱਥ ਅਤੇ ਬਾਂਹ ਕੱਟਣੇ ਪਏ। ਜਦ ਬੱਚਿਆਂ ਨੇ ਕਾਰਖਾਨੇ ਵਾਲਿਆਂ ਤੋਂ ਮੁਆਵਜ਼ੇ ਦੀ ਮੰਗ ਕੀਤੀ ਤਾਂ ਉਨ੍ਹਾਂ ਨੇ ਅਪਣਾ ਅਤੇ ਆਪਣੇ ਪੈਸੇ ਦਾ ਰਸੂਖ ਵਰਤ ਕੇ ਉਨ੍ਹਾਂ ਦੇ ਪਰਿਵਾਰ ਨੂੰ ਡਰਾਇਆ ਅਤੇ ਧਮਕਾਇਆ, ਇੱਥੋਂ ਤੱਕ ਵੀ ਕਹਿ ਦਿੱਤਾ ਕਿ ਜੇਕਰ ਤੁਸੀਂ ਪਿੱਛੇ ਨਹੀਂ ਹਟਦੇ ਤਾਂ ਦੇਖਲੋ ਫਿਰ, ਪਿਉ ਤੁਹਾਡਾ ਪਹਿਲਾਂ ਹੀ ਨਹੀਂ ਤੇ ਲੱਭਣੀ ਤੁਹਾਡੀ ਮਾਂ ਵੀ ਨਹੀਂ। ਬੱਚਿਆਂ ਨੇ ਸਬਰ ਦਾ ਘੁੱਟ ਭਰ ਕੇ ਕਾਗਜ਼ਾਂ ’ਤੇ ਦਸਤਖ਼ਤ ਕਰ ਦਿੱਤੇ

ਅਤੇ ਆਪਣਾ ਕੇਸ ਵਾਪਿਸ ਲੈ ਲਿਆ।

ਕੱਲ੍ਹ ਜਦੋਂ ਮੈਨੂੰ ਉਸੇ ਖ਼ੁੱਦਾਰ ਸੁਰਜੀਤ ਕੌਰ ਨੂੰ ਮਿਲਣ ਦਾ ਮੌਕਾ ਮਿਲਿਆ ਤਾਂ ਉਸਨੇ ਆਪਣੀ ਸਾਰੀ ਜਿੰਦਗੀ ਦੀ ਕਿਤਾਬ ਦੇ ਪੰਨੇ ਖੋਲ੍ਹ ਕੇ ਸੁਣਾਏ ਤਾਂ ਮਨ ਉਸਦੀ ਹਾਲਤ ਅਤੇ ਹਾਲਾਤ ਨੂੰ ਦੇਖ ਕੇ ਦੁਖੀ ਹੋਇਆ ਪਰ ਉਸਦੀ ਦ੍ਰਿੜ੍ਹਤਾ ਦੇਖ ਕੇ ਖੁਸ਼ੀ ਵੀ ਹੋਈ। ਜਦ ਮੈਂ ਉਸਨੂੰ ਕੁਝ ਪੈਸੇ ਦੇ ਕੇ ਉਸਦੀ ਮਾਇਕ ਮੱਦਦ ਕਰਨ ਦੀ ਪੇਸ਼ਕਸ਼ ਕੀਤੀ ਤਾਂ ਉਸਨੇ ਆਪਣੀ ਖ਼ੁੱਦਾਰੀ ਦਿਖਾਉਂਦੇ ਹੋਏ ਪੈਸੇ ਲੈਣ ਤੋਂ ਮਨ੍ਹਾ ਕਰ ਦਿੱਤਾ ਪ੍ਰੰਤੂ ਮੇਰੇ ਜਜ਼ਬਾਤਾਂ ਦੀ ਕਦਰ ਕਰਦੇ ਹੋਏ ਉਸਨੇ ਪੈਸੇ ਤਾਂ ਲੈ ਲਏ ਪਰ ਨਾਲ ਹੀ ਇਸ ਗੱਲ ਦਾ ਵਾਅਦਾ ਵੀ ਲਿਆ ਕਿ ਮੈਂ ਇਸ ਬਾਬਤ ਉਸਦੇ ਮਾਲਿਕਾਂ ਨੂੰ ਨਹੀਂ ਦੱਸਾਂਗਾ। ਵਾਅਦਾ ਕੀਤਾ, ਆਪਣਾ ਸਮਾਨ ਚੱਕਿਆ ਅਤੇ ਵਾਰ-ਵਾਰ ਉਸ ਖ਼ੁੱਦਾਰ ਸੁਰਜੀਤ ਕੌਰ ਦੀ ਖ਼ੁੱਦਾਰੀ ਨੂੰ ਸਲਾਮ ਕਰਦਾ ਹੋਇਆ ਦੁਕਾਨ ਵਿੱਚੋਂ ਬਾਹਰ ਆ ਗਿਆ।

ਸਲਾਮ ਹੈ ਅਜਿਹੇ ਖ਼ੁੱਦਾਰ ਇਨਸਾਨਾਂ ਨੂੰ ਅਤੇ ਬੇਨਤੀ ਹੈ ਦੋ ਹੱਥਾਂ ਵਾਲੇ ਵਿਹਲੜਾਂ ਨੂੰ ਕਿ ਕੰਮ ਕਰਨ ਵਿੱਚ ਕੋਈ ਸ਼ਰਮ ਨਹੀਂ ਮਹਿਸੂਸ ਕਰਨੀ ਚਾਹੀਦੀ। ਕੰਮ ਤਾਂ ਸਾਡਾ ਕਰਮ ਹੈ ਅਤੇ ਕਰਮ ਕਰਨ ਵੇਲੇ ਕੁਝ ਵੀ ਸੋਚਣ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਕਰਮ ਸਿਰਫ ਕਰਮ ਹੀ ਹੁੰਦਾ ਹੈ।

***

# ਪੱਥਰਾਂ ਦਾ ਸ਼ਹਿਰ

ਮੇਰੇ ਇੱਕ ਦੋਸਤ ਨੇ ਆਪਣੀ ਅੱਖੀ ਡਿੱਠੀ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਕਿ ਕਰਮ ਸਿਹੁੰ ਕਿਸੇ ਸਰਕਾਰੀ ਅਦਾਰੇ ਵਿੱਚ ਪੰਜਾਬ ਦੇ ਦੂਰ-ਦੁਰਾਡੇ ਸਰਹੱਦੀ ਜ਼ਿਲ੍ਹੇ ਵਿੱਚ ਨੌਕਰੀ ਕਰਦਾ ਸੀ। ਮੇਰਾ ਇਹੀ ਦੋਸਤ ਇੱਕ ਵਾਰ ਚੰਡੀਗੜ੍ਹ ਸ਼ਹਿਰ ਵਿੱਚ ਆਪਣੇ ਬੈਂਕ ਦੀ ਟਰੇਨਿੰਗ ਲਈ ਆਇਆ ਹੋਇਆ ਸੀ ਅਤੇ ਟਰੇਨਿੰਗ ਉਪਰੰਤ ਜਦ ਵਾਪਿਸ ਪੰਜਾਬ ਨੂੰ ਜਾ ਰਿਹਾ ਸੀ ਤਾਂ ਬੱਸ ਅੱਡੇ ਨੂੰ ਜਾਂਦੇ ਹੋਏ ਰਸਤੇ ਵਿੱਚ ਇੱਕ ਬਜ਼ੁਰਗ ਉਮਰ ਦੇ ਇਸੇ ਕਰਮ ਸਿਹੁੰ ਨੇ ਹੱਥ ਦੇ ਕੇ ਰੋਕਿਆ ਅਤੇ ਬੇਨਤੀ ਕੀਤੀ ਕਿ ਉਸਨੂੰ ਬੱਸ ਅੱਡੇ ਤੱਕ ਨਾਲ ਲੈ ਜਾਵੇ ਕਿਉਂਕਿ ਉਸ ਕੋਲ ਰਿਕਸ਼ਾ ਵਾਲੇ ਨੂੰ ਦੇਣ ਲਈ ਪੈਸੇ ਨਹੀਂ ਹਨ। ਮੇਰੇ ਦੋਸਤ ਨੇ ਉਸਨੂੰ ਆਪਣੇ ਨਾਲ ਰਿਕਸ਼ਾ ਵਿੱਚ ਬੈਠਣ ਲਈ ਇਜ਼ਾਜ਼ਤ ਦੇ ਦਿੱਤੀ। ਰਸਤੇ ਵਿੱਚ ਕਰਮ ਸਿਹੁੰ ਨੇ ਆਪਣੀ ਕਹਾਣੀ ਸੁਣਾਈ ਕਿ ਉਹ ਚੰਡੀਗੜ੍ਹ ਸ਼ਹਿਰ ਵਿੱਚ ਕਿਉਂ ਆਇਆ ਸੀ।

ਕਰਮ ਸਿਹੁੰ ਨੇ ਕਿਹਾ ਕਿ ਸਾਡੇ ਕਿਸੇ ਵੱਡੇ ਅਫ਼ਸਰ ਨੂੰ ਇੱਥੇ ਚੰਡੀਗੜ੍ਹ ਵਿਖੇ ਅਧਰੰਗ ਹੋ ਗਿਆ ਸੀ ਅਤੇ ਉਸਨੇ ਆਪਣੇ ਮਹਿਕਮੇ ਵਾਲੇ ਹੇਠਲੇ ਅਫ਼ਸਰਾਂ ਨੂੰ ਕਿਹਾ ਕਿ ਕੋਈ ਉਸਨੂੰ ਤਿੱਤਰ ਮਾਰ ਕੇ ਲਿਆ ਕੇ ਦੇਵੇ ਕਿਉਂਕਿ ਕਿਸੇ ਨੇ ਉਸਨੂੰ ਦੱਸਿਆ ਸੀ ਕਿ ਤਿੱਤਰ ਦਾ ਮੀਟ ਬਹੁਤ ਗਰਮ ਹੁੰਦਾ ਹੈ ਅਤੇ ਇਸ ਦੇ ਖਾਣ ਨਾਲ ਅਧਰੰਗ ਦੇ ਰੋਗ ਨੂੰ ਜਲਦੀ ਅਰਾਮ ਮਿਲਦਾ ਹੈ। ਹੇਠਲੇ ਅਫ਼ਸਰਾਂ ਨੇ ਕਰਮ ਸਿਉਂ ਨੂੰ ਤਿੱਤਰ ਮਾਰ ਕੇ ਉਸ ਅਫ਼ਸਰ ਨੂੰ ਚੰਡੀਗੜ੍ਹ ਵਿਖੇ ਪਹੁੰਚਾਉਣ ਲਈ ਜਿੰਮੇਵਾਰੀ ਦੇ ਦਿੱਤੀ ਅਤੇ ਆਉਣ ਜਾਣ ਦਾ ਕਿਰਾਇਆ ਵੀ ਦਿੱਤਾ ਪ੍ਰੰਤੂ ਰਿਕਸ਼ਾ ਦੇ ਪੈਸੇ ਨਹੀਂ ਦਿੱਤੇ।

ਉਸਨੇ ਦੱਸਿਆ ਕਿ ਅੱਜ ਓਹ ਤਿੱਤਰ ਮਾਰ ਕੇ ਉਸ ਅਧਰੰਗ ਵਾਲੇ ਵੱਡੇ ਅਫ਼ਸਰ ਨੂੰ ਚੰਡੀਗੜ੍ਹ ਦੇਣ ਲਈ ਆਇਆ ਸੀ। ਪੁੱਛਦਾ-ਪੁਛਾਉਂਦਾ ਉਹ ਬੜੀ ਮੁਸ਼ਕਿਲ ਨਾਲ ਉਸ ਅਫ਼ਸਰ ਦੇ ਘਰ ਪਹੁੰਚਿਆ ਅਤੇ ਜਾ ਬੂਹਾ ਖੜਕਾਇਆ। ਬੂਹਾ ਅਫ਼ਸਰ ਨੇ ਹੀ ਖੋਲਿਆ। ਮੈਂ ਸੋਚ ਰਿਹਾ ਸੀ ਕਿ ਅਫ਼ਸਰ ਮੇਰਾ ਪੂਰਾ ਧੰਨਵਾਦ ਕਰੇਗਾ, ਉਸਨੂੰ ਰੋਟੀ, ਨਾਸ਼ਤਾ, ਚਾਹ-ਪਾਣੀ ਆਦਿ ਪੁੱਛਣ ਉਪਰੰਤ ਥੋੜ੍ਹੀ ਬਹੁਤ ਮਾਇਆ ਨਗਦ ਵੀ ਇਨਾਮ ਵੱਜੋਂ ਦੇਵੇਗਾ, ਪਰ ਹੋਇਆ ਬਿਲਕੁਲ ਉਲਟ। ਅਫਸਰ ਨੇ ਬੂਹਾ ਖੋਲਿਆ, ਤਿੱਤਰਾਂ ਵਾਲਾ ਬੈਗ ਫੜਿਆ ਅਤੇ ਠਾਹ ਦੇ ਕੇ ਬੂਹਾ ਬੰਦ ਕਰ ਲਿਆ। ਕਿਸੇ ਨੇ ਟੁੱਟੇ ਮੂੰਹ ਨਾਲ ਬੈਠਣ ਲਈ ਤਾਂ ਕੀ, ਪਾਣੀ ਵੀ ਨਹੀਂ ਪੁੱਛਿਆ। ਮੈਨੂੰ ਥਕੇਵਾਂ ਸਵੇਰ ਨਾਲੋਂ ਵੀ ਵਧੇਰੇ ਮਹਿਸੂਸ ਹੋਇਆ ਅਤੇ ਇਸ ਪੱਥਰਾਂ ਦੇ ਸ਼ਹਿਰ ਵਿੱਚ ਰਹਿਣ ਵਾਲੇ ਇਨ੍ਹਾਂ ਪੱਥਰ-ਦਿਲ ਇਨਸਾਨਾਂ ਨੂੰ ਕੋਸਦਾ ਹੋਇਆ ਤੁਰਿਆ ਜਾ ਰਿਹਾ ਸੀ ਕਿ ਮੇਰੇ ਦੋਸਤ ਨਾਲ ਮੁਲਾਕਤ ਹੋ ਗਈ

ਅਤੇ ਦੋ ਕਿਲੋਮੀਟਰ ਦਾ ਸਫਰ, ਜਿਹੜਾ ਲੱਤਾਂ ਘੜੀਸ ਕੇ ਕਰਨਾ ਸੀ, ਉਹ ਆਰਾਮ ਨਾਲ ਰਿਕਸ਼ਾ ਵਿੱਚ ਬੈਠ ਕੇ ਕਰ ਲਿਆ। ਬੱਸ ਅੱਡੇ 'ਤੇ ਪਹੁੰਚ ਕੇ ਮੇਰੇ ਦੋਸਤ ਨੇ ਕਰਮ ਸਿਹੁੰ ਨੂੰ ਭੋਜਨ ਛਕਾਇਆ ਤਾਂ ਉਸ ਨੇ ਮੇਰੇ ਦੋਸਤ ਨੂੰ ਲੱਖ-ਲੱਖ ਅਸੀਸਾਂ ਦਿੱਤੀਆਂ।

ਲਾਹਨਤ ਹੈ ਅਜਿਹੀ ਅਫ਼ਸਰੀ ਦੇ ਜਿਹੜੀ ਕਿਸੇ ਗਰੀਬ ਦੀ ਗ਼ਰੀਬੀ ਦਾ ਨਾਜਾਇਜ਼ ਫਾਇਦਾ ਉਠਾਉਂਦੀ ਹੈ। ਇਨਸਾਨੀਅਤ ਨਾਂ ਦੀ ਚੀਜ਼ ਜਿਨ੍ਹਾਂ ਦੇ ਕੋਲ ਦੀ ਵੀ ਨਹੀਂ ਲੰਘਦੀ। ਚੰਡੀਗੜ੍ਹ ਜਿਹੇ ਪੱਥਰਾਂ ਦੇ ਸ਼ਹਿਰ ਵਿੱਚ ਰਹਿਣ ਵਾਲੇ ਅਜਿਹੇ ਲੋਕ ਵੀ ਪੱਥਰ ਦਿਲ ਹੀ ਹੁੰਦੇ ਹਨ, ਇਨਸਾਨ ਨਹੀਂ ਕਹੇ ਜਾ ਸਕਦੇ।

***

# ਕਿਤਾਬ-ਕਿਤੂਬ

ਮੇਰੇ ਇੱਕ ਬੈਂਕ ਦੇ ਮਿੱਤਰ ਨੇ ਕਿਤਾਬਾਂ ਪੜ੍ਹਨ ਦਾ ਮਹਿੰਗਾ ਸ਼ੌਕ ਪਾਲ ਰੱਖਿਆ ਹੈ। ਉਨ੍ਹਾਂ ਨੇ ਇੱਕ ਵਿਸ਼ੇਸ਼ ਕਿਤਾਬ ਦੁਕਾਨਦਾਰ ਤੋਂ ਤਕਰੀਬਨ 2900 ਰੁਪਏ ਦੀ ਖਰੀਦੀ। ਜਗਰਾਓਂ ਦੁਕਾਨਦਾਰ ਤੋਂ ਕਿਤਾਬ ਖਰੀਦ ਕੇ ਸਿੱਧੇ ਹੀ ਬੈਂਕ ਲੁਧਿਆਣਾ ਜਾਣਾ ਸੀ। ਜਲਦੀ-ਜਲਦੀ ਸਕੂਟਰ ਬੱਸ ਅੱਡੇ 'ਤੇ ਖੜ੍ਹਾ ਕੇ ਬੱਸ ਫੜੀ ਤੇ ਮਹਿੰਗੀ ਕਿਤਾਬ ਸਕੂਟਰ ਦੀ ਖੁੱਲ੍ਹੀ ਹੋਈ ਟੋਕਰੀ ਵਿੱਚ ਹੀ ਰਹਿ ਗਈ। ਜਦ ਲੁਧਿਆਣਾ ਪਹੁੰਚਿਆ ਤਾਂ ਯਾਦ ਆਇਆ ਕਿ ਕਿਤਾਬ ਤਾਂ ਮੇਰੀ ਬਾਹਰ ਹੀ ਰਹਿ ਗਈ, ਹੁਣ ਨਹੀਂ ਮਿਲਣੀ, ਪੈਸੇ ਦੁਬਾਰਾ ਲਊਣੇ ਪੈਣੇ ਹਨ ਅਤੇ ਇੰਤਜ਼ਾਰ ਵੀ ਫਿਰ ਤੋਂ ਕਰਨਾ ਪਵੇਗਾ। ਉੱਸਲ ਵੱਟੇ ਲੈਂਦੇ ਹੋਏ ਦਿਨ ਬੀਤਿਆ, ਸ਼ਾਮ ਹੁੰਦੇ ਮਨ ਵਿੱਚ ਬੇਚੈਨੀ ਕਿਤਾਬ ਨੂੰ ਲੈ ਕੇ ਵਧਦੀ ਗਈ। ਵਾਹੋ ਦਾਹੀ ਵਿੱਚ ਭੱਜਦੇ ਹੋਏ ਲੁਧਿਆਣਾ ਦੇ ਬੱਸ ਅੱਡੇ 'ਤੇ ਪਹੁੰਚਿਆ ਅਤੇ ਜਗਰਾਓਂ ਵਾਲੀ ਬੱਸ ਫੜੀ। ਵਾਪਿਸ ਆਉਣ ਦਾ ਇੱਕ ਘੰਟੇ ਦਾ ਸਫ਼ਰ ਜਿਸ ਤਰ੍ਹਾਂ ਲੰਬਾ ਹੀ ਹੁੰਦਾ ਗਿਆ।

ਜਗਰਾਓਂ ਬੱਸ ਅੱਡੇ ਤੇ ਪਹੁੰਚ ਕੇ ਪੂਰੀ ਫੁਰਤੀ ਨਾਲ ਪਾਰਕ ਕੀਤੇ ਹੋਏ ਸਕੂਟਰ ਵੱਲ ਨੂੰ ਭੱਜਦਾ ਹੈ ਤਾਂ ਕੀ ਦੇਖਦਾ ਹੈ ਕਿ ਉਸਦੀ ਮਹਿੰਗੀ ਕਿਤਾਬ ਉੱਥੇ ਹੀ ਸੁਰੱਖਿਅਤ ਪਈ ਹੈ। ਕਿਤਾਬ ਚੁੱਕੀ, ਮਸਤਕ ਨਾਲ ਲਾਈ, ਉਪੱਰ ਵਾਲੇ ਦਾ ਧੰਨਵਾਦ ਕੀਤਾ। ਸਕੂਟਰ ਸਟਾਰਟ ਕਰਕੇ ਪਾਰਕਿੰਗ ਵਿੱਚੋਂ ਬਾਹਰ ਜਾਣ ਲੱਗਾ ਤਾਂ ਉਸਦੇ ਕਦਮ ਪਾਰਕਿੰਗ ਵਾਲੇ ਮੁਲਾਜ਼ਿਮ ਕੋਲ ਆ ਕੇ ਧੰਨਵਾਦ ਕਰਨ ਦੀ ਮੁਦਰਾ ਵਿੱਚ ਰੁਕ ਗਏ। ਮੇਰੇ ਦੋਸਤ ਨੇ ਕਿਹਾ, "ਤੁਹਾਡੇ ਸਾਰੇ ਸਟਾਫ ਵਾਲਿਆਂ ਦੀ ਇਮਾਨਦਾਰੀ ਦੀ ਤਾਰੀਫ ਕਰਨੀ ਚਾਹੀਦੀ ਹੈ, ਜਿਹੜੀ ਮੇਰੀ ਕਿਤਾਬ ਜਿੱਥੇ ਸਵੇਰੇ ਮੈਂ ਗ਼ਲਤੀ ਨਾਲ ਛੱਡ ਗਿਆ ਸੀ, ਉੱਥੇ ਹੀ ਪਈ ਹੈ।"

ਪਾਰਕਿੰਗ ਵਾਰਡਨ ਦਾ ਜੁਆਬ ਸੁਣ ਕੇ ਮੇਰਾ ਦੋਸਤ ਸੁੰਨ ਹੋ ਗਿਆ ਅਤੇ ਲੋਕਾਂ ਦੀ ਕਿਤਾਬਾਂ ਪ੍ਰਤੀ ਉਦਾਸੀਨਤਾ ਦਾ ਦੁੱਖ ਵੀ ਹੋਇਆ। ਪਾਰਕਿੰਗ ਵਾਰਡਨ ਦਾ ਜੁਆਬ ਸੀ, "ਏਹ ਕਿਤਾਬ ਕਤੂਬ ਕ੍ਹੀਨੇ ਚੱਕਣੀ ਸੀ ਜੀ, ਜੇਕਰ ਵਿਸਕੀ ਦੀ ਬੋਤਲ ਹੁੰਦੀ ਤਾਂ ਫੇਰ ਨਹੀਂ ਸੀ ਲੱਭਣੀ, ਆਪਣੀ ਵਿਸਕੀ ਧਿਆਨ ਨਾਲ ਚੁੱਕ ਕੇ ਲੈ ਜਾਇਆ ਕਰੋ, ਕਿਤਾਬ ਕਤੂਬ ਦਾ ਬਾਹਲਾ ਫਿਕਰ ਨਾ ਕਰਿਆ ਕਰੋ।"

***

# ਮੁੰਦਰੀ ਚੋਰ

ਅੱਠ-ਦਸ ਸਾਲ ਪਹਿਲਾਂ ਦੀ ਗੱਲ ਹੈ ਕਿ ਸਾਡੇ ਕੁਝ ਦੋਸਤਾਂ ਨੇ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਮੰਡੀ ਵਿਖੇ ਜਾਣ ਦੀ ਸਲਾਹ ਬਣਾਈ। ਪੰਜੇ ਦੋਸਤ ਇੱਕ ਕਾਰ ਵਿੱਚ ਸਵਾਰ ਹੋ ਕੇ ਚਲੇ ਗਏ, ਤਿੰਨ ਦਿਨ ਤੱਕ ਖੂਬ ਮੌਜ ਮਸਤੀ ਕੀਤੀ। ਜਵਾਨੀ ਤਾਂ ਫਿਰ ਦੀਵਾਨੀ ਹੁੰਦੀ ਹੈ, ਉੱਪਰ ਤੋਂ ਸਾਰੇ ਹੀ ਛੜੇ-ਛਾਂਟ। ਵਾਪਿਸ ਆਉਂਦੇ ਰਾਹ ਵਿੱਚ ਇੱਕ ਸੜਕ ਦੇ ਕਿਨਾਰੇ ਤੇ ਬੈਠੀ ਇੱਕ ਹਿਮਾਚਲੀ ਲੜਕੀ ਕੋਲ, ਕੁਝ ਘਰ ਦੇ ਬੱਚਿਆਂ ਅਤੇ ਔਰਤਾਂ ਲਈ, ਸਮਾਨ ਖਰੀਦਣ ਲਈ ਰੁਕ ਗਏ। ਸਾਡਾ ਇੱਕ ਸ਼ਰਾਰਤੀ ਦੋਸਤ ਉਸ ਲੜਕੀ ਨੂੰ ਵਾਰ-ਵਾਰ ਕੋਈ ਅਜਿਹੀ ਵਸਤੂ ਦਿਖਾਉਣ ਲਈ ਆਖੇ ਜਿਹੜੀ ਉਸਨੇ ਆਪਣੇ ਪਿੱਛੇ ਰੱਖੀ ਹੁੰਦੀ ਸੀ। ਜਦੋਂ ਵੀ ਉਹ ਲੜਕੀ ਸਮਾਨ ਪਿੱਛੋਂ ਚੁੱਕਣ ਲਈ ਪਿਛਾਹ ਨੂੰ ਮੁੜਦੀ ਤਾਂ ਉਹ ਉਸਦੀ ਕੋਈ ਨਾ ਕੋਈ ਛੋਟੀ ਮੁੰਦੀ ਚੁੱਕ ਲੈਂਦਾ। ਇਸ ਤਰ੍ਹਾਂ ਦੋ-ਤਿੰਨ ਵਾਰ ਹੋਇਆ।

ਸਾਰਿਆਂ ਨੇ ਆਪਣੀ ਆਪਣੀ ਜ਼ਰੂਰਤ ਅਨੁਸਾਰ ਕੁਝ ਨਾ ਕੁਝ ਖਰੀਦਿਆ ਅਤੇ ਬਣਦੇ ਪੈਸੇ ਦੇ ਕੇ ਤੁਰ ਪਏ। ਅਸੀਂ ਜਿਉਂ ਹੀ ਅੱਗੇ ਵਧੇ ਤਾਂ ਸਾਰਿਆਂ ਨੇ ਉਸ ਮੁੰਦਰੀ ਚੋਰ ਦੋਸਤ ਨੂੰ ਲੱਖ-ਲੱਖ ਲਾਹਨਤ ਪਾਈ। ਕੁਝ ਚਿਰ ਤਾਂ ਉਹ ਕਈ ਤਰਾਂ ਦੀਆਂ ਦਲੀਲਾਂ ਦਿੰਦਾ ਰਿਹਾ। ਅਖੀਰ ਨੂੰ ਉਸਨੇ ਦੋਵੇਂ ਮੁੰਦਰੀਆਂ ਸਾਨੂੰ ਇਹ ਕਹਿ ਕੇ ਦੇ ਦਿੱਤੀਆਂ ਕਿ ਜੇਕਰ ਤੁਹਾਨੰ ਐਨਾ ਹੀ ਉਸਦਾ ਹੇਜ਼ ਆਉਂਦਾ ਹੈ ਤਾਂ ਜਾਉ ਉਸਨੂੰ ਮੋੜ ਆਓ। ਅਸੀਂ ਗੱਡੀ ਪਿੱਛੇ ਨੂੰ ਮੋੜੀ ਅਤੇ ਉਸ ਦੋਸਤ ਨੂੰ ਕੁਝ ਦੂਰੀ 'ਤੇ ਖੜ੍ਹਾ ਕਰ ਕੇ ਉਸ ਕੁੜੀ ਕੋਲ ਜਾ ਕੇ ਉਸਦੀਆਂ ਦੋਵੇਂ ਮੁੰਦਰੀਆਂ ਵਾਪਿਸ ਕੀਤੀਆਂ ਅਤੇ ਆਪਣੇ ਦੋਸਤ ਦੇ ਤਰਫੋਂ ਮੁਆਫ਼ੀ ਵੀ ਮੰਗੀ।

ਕੁੜੀ ਕਹਿੰਦੀ ਮੇਰਾ ਇਕ ਸ਼ੀਸ਼ਾ ਪਿਛਲੇ ਪਾਸੇ ਵੱਲ ਲੱਗਿਆ ਹੋਇਆ ਹੈ ਅਤੇ ਮੈਂ ਅਜਿਹੇ ਮੁਸ਼ਟੰਡਿਆਂ ਨੂੰ ਦੇਖ ਲੈਂਦੀ ਹਾਂ। ਇਸ ਨੂੰ ਵੀ ਮੈਂ ਚੋਰੀ ਕਰਦੇ ਨੂੰ ਦੇਖ ਲਿਆ ਸੀ ਪ੍ਰੰਤੂ ਮੈਂ ਤੁਹਾਨੂੰ ਦੇਖ ਕੇ ਇਹ ਅੰਦਾਜ਼ਾ ਲਗਾਇਆ ਸੀ ਕਿ ਤੁਸੀਂ ਸਾਰੇ ਵੱਡੇ ਘਰਾਂ ਦੇ ਲੱਗਦੇ ਹੋ ਇਸੇ ਲਈ ਮੈਂ ਰੌਲਾ ਨਹੀਂ ਪਾਇਆ ਕਿਉਂਕਿ ਅਜੇ ਦੋ ਦਿਨ ਪਹਿਲਾਂ ਹੀ ਇਸੇ ਤਰ੍ਹਾਂ ਸਮਾਨ ਵੇਚਣ ਵਾਲੀ ਕੁੜੀ ਨਾਲ ਕਿਸੇ ਪੰਜਾਬੀ ਮੁੰਡੇ ਨੇ ਬਦਸਲੂਕੀ ਕੀਤੀ ਸੀ ਅਤੇ ਜਦ ਉਸ ਲੜਕੀ ਨੇ ਰੌਲਾ ਪਾਇਆ ਤਾਂ ਹਿਮਾਚਲੀਆਂ ਨੇ ਉਸ ਆਸ਼ਿਕ ਦੀ ਬੁਰੀ ਤਰ੍ਹਾਂ ਕੁਟਾਈ ਕੀਤੀ ਸੀ। ਮੈਂ ਨਹੀਂ ਸੀ ਚਹੁੰਦੀ ਕਿ ਤੁਹਾਨੂੰ ਇਸ ਤਰ੍ਹਾਂ ਦੀ ਹਾਲਤ ਦਾ ਸਾਹਮਣਾ ਕਰਨਾ ਪਵੇ ਕਿਓਂਕਿ ਮੇਰਾ ਨੁਕਸਾਨ ਤਾਂ ਬਹੁਤ ਥੋੜ੍ਹਾ ਸੀ ਜੇਕਰ ਉਹੋ ਜਿਹੇ ਹਾਲਾਤ ਬਣ ਜਾਂਦੇ ਤਾਂ ਤੁਹਾਡੇ ਸਾਰਿਆਂ ਲਈ ਸਮੱਸਿਆ ਵੱਡੀ ਬਣ ਜਾਣੀ ਸੀ, ਇਸੇ ਕਰਕੇ ਮੈਂ ਸ਼ਰਾਫਤ ਤੋਂ ਹੀ ਕੰਮ ਲਿਆ। ਖ਼ੈਰ ਤੁਸੀਂ ਮੁਆਫ਼ੀ ਮੰਗਣ ਲਈ ਆਏ, ਤੁਹਾਡਾ ਬਹੁਤ ਬਹੁਤ ਧੰਨਵਾਦ ਪ੍ਰੰਤੂ ਆਪਣੇ ਉਸ ਮੁੰਦਰੀ ਚੋਰ ਨੂੰ ਸਮਝਾ ਦੇਣਾ ਕਿ ਆਪਣੇ ਆਪ ਨੂੰ

ਜ਼ਿਆਦਾ ਸਿਆਣਾ ਅਤੇ ਦੂਸਰੇ ਨੂੰ ਪਾਗ਼ਲ ਨਾਂ ਸਮਝੇ ਨਹੀਂ ਤਾਂ ਕਦੀ ਬਹੁਤ ਵੱਡੀ ਮੁਸੀਬਤ ਆਪਣੇ ਲਈ ਅਤੇ ਤੁਹਾਡੇ ਵਰਗੇ ਦੋਸਤਾਂ ਲਈ ਵੀ ਸਹੇੜ ਲਵੇਗਾ।

ਅਸੀਂ ਉਸੇ ਦਿਨ ਤੋਂ ਹੀ ਉਸ ਦਾ ਨਾਮ ਹੀ ਮੁੰਦਰੀ ਚੋਰ ਰੱਖ ਦਿੱਤਾ ਅਤੇ ਜਦ ਵੀ ਅਸੀਂ ਇਕੱਠੇ ਹੁੰਦੇ ਹਾਂ ਤਾਂ ਉਸਨੂੰ ਮੁੰਦਰੀ ਵਾਲਾ ਕਹਿ ਕੇ ਬੁਲਾਉਂਦੇ ਹਾਂ ਕਿਉਂਕਿ ਉਮਰ ਦੇ ਲਿਹਾਜ਼ ਨਾਲ ਉਸ ਨੂੰ ਚੋਰ ਕਹਿਣਾ ਸ਼ੋਭਾ ਨਹੀਂ ਦਿੰਦਾ ਪਰ ਲਾਹਨਤਾਂ ਜ਼ਰੂਰ ਪਾਉਂਦੇ ਹਾਂ।

✲✲✲

# ਨਿੰਮ ਦੀ ਟਾਹਣੀ

ਦਾਸ 17.11.2023 ਨੂੰ ਮੋਹਾਲੀ ਤੋਂ ਦਿੱਲੀ ਏਅਰਪੋਰਟ ਜਾਣ ਲਈ ਤਿਆਰ ਸੀ ਤਾਂ ਮੈਂ ਆਪਣੇ ਭਾਣਜੇ ਨੂੰ ਪੁੱਛਿਆ ਕਿ ਕੀ ਇੱਥੋ ਕਿਤੇ ਨਿੰਮ ਦੀ ਇੱਕ ਟਾਹਣੀ ਮਿਲ ਸਕਦੀ ਹੈ? ਉਸ ਨੇ ਕਿਹਾ ਕਿ ਮਾਮਾ ਜੀ ਅੱਜ ਕੱਲ੍ਹ ਨਿੰਮ ਕਿੱਥੇ ਰਹਿਣ ਦਿੱਤੀ ਹੈ। ਖੈਰ ਮੇਰਾ ਦਿੱਲੀ ਤੋਂ ਪਹਿਲਾਂ ਅਗਲਾ ਪੜਾਅ ਕਰਨਾਲ ਵਿਖੇ ਇੱਕ ਬਹੁਤ ਹੀ ਪਿਆਰੇ ਮਿੱਤਰ ਕੋਲ ਸੀ ਤਾਂ ਮੈਂ ਆਪਣੇ ਉਸ ਦੋਸਤ ਨੂੰ ਆਪਣਾ ਸਵਾਲ ਪਾ ਦਿੱਤਾ ਤਾਂ ਉਸਨੇ ਵੀ ਕਿਹਾ ਕਿ ਭਾਅ ਜੀ ਮੁਸ਼ਕਿਲ ਹੈ, ਫਿਰ ਵੀ ਮੈਂ ਪਤਾ ਕਰ ਲਵਾਂਗਾ। ਅੱਧੇ ਕੁ ਘੰਟੇ ਬਾਅਦ ਕਰਨਾਲ ਵਾਲੇ ਰੰਧਾਵਾ ਸਾਹਿਬ ਜੀ ਦਾ ਫ਼ੋਨ ਆ ਗਿਆ ਅਤੇ ਕਿਹਾ ਕਿ ਗੱਲ ਬਣ ਗਈ ਭਾਅ ਜੀ ਮੈਂ ਇੱਕ ਟਾਹਣੀ ਵੱਢ ਕੇ ਰੱਖ ਛੱਡਾਂਗਾ ਤੇ ਤੁਸੀਂ ਜਾਣ ਲੱਗੇ ਲੈ ਜਾਣਾ। ਬੜੀ ਖ਼ੁਸ਼ੀ ਹੋਈ।

ਅਸੀਂ ਰੰਧਾਵਾ ਸਾਹਿਬ ਜੀ ਦੇ ਘਰ ਚਾਹ ਪਾਣੀ ਪੀਤਾ ਅਤੇ ਬਿਨਾਂ ਹੀ ਉਹ ਖ਼ਾਸ ਸੌਗਾਤ, ਨਿੰਮ ਦੀ ਟਾਹਣੀ, ਚਲੇ ਗਏ। ਅਜੇ ਅਸੀਂ ਪੰਜ-ਸੱਤ ਮਿੰਟ ਹੀ ਅੱਗੇ ਗਏ ਸੀ ਕਿ ਰੰਧਾਵਾ ਸਾਹਿਬ ਜੀ ਦਾ ਫ਼ੋਨ ਆ ਗਿਆ ਕਿ ਨਿੰਮ ਤਾਂ ਅਸੀਂ ਭੁੱਲ ਹੀ ਆਏ ਹਾਂ। ਉਨ੍ਹਾਂ ਨੇ ਵੀ ਆਪਣਾ ਸਿਦਕ ਨਿਭਾਇਆ ਅਤੇ ਕਾਰ ਚਲਾ ਕੇ ਸਾਨੂੰ ਦੇਣ ਲਈ ਆਏ।

ਮੇਰਾ ਭਾਣਜਾ ਕਹਿੰਦਾ, "ਮਾਮਾ ਜੀ ਤੁਸੀਂ ਸਵੇਰ ਦੇ ਨਿੰਮ ਦੇ ਮਗਰ ਪਏ ਹੋਏ ਹੋ ਇਹ bio security ਵਾਲਿਆਂ ਲੰਘਣ ਹੀ ਨਹੀਂ ਦੇਣੀ।"

ਦਾਸ ਨੇ ਉਸਨੂੰ ਬੜੇ ਹੀ ਵਿਸ਼ਵਾਸ਼ ਨਾਲ ਆਖਿਆ ਕਿ, "ਦੇਖ! ਪਹਿਲਾਂ ਤੂੰ 'ਨਹੀਂ' ਕਿਹਾ, ਫਿਰ ਪਹਿਲਾਂ ਰੰਧਾਵਾ ਸਾਹਿਬ ਨੇ ਵੀ 'ਨਹੀਂ' ਕਿਹਾ, ਫਿਰ ਰੰਧਾਵਾ ਸਾਹਿਬ ਮਗਰ ਦੇਣ ਲਈ ਆਏ, ਹੁਣ ਇਹ ਨਿੰਮ ਦੀ ਟਾਹਣੀ ਘਰੇ ਜਾਵੇਗੀ ਅਤੇ ਇੱਕ ਦਰਖਤ ਬਣੇਗੀ। ਹੁਣ ਮੈਂ ਨਿੰਮ ਦੀ ਟਾਹਣੀ ਮਗਰ ਨਹੀਂ ਪਿਆ ਸਗੋਂ ਹੁਣ ਇਹ ਟਾਹਣੀ ਹੀ ਮੇਰੇ ਮਗਰ ਪਈ ਹੋਈ ਹੈ।"

Bio security ਵਾਲਿਆਂ ਨੇ ਮੇਰੇ ਦੱਸਣ ਦੇ ਬਾਵਜੂਦ ਵੀ ਦਾਸ ਨੂੰ ਮੇਰਾ ਸਮਾਨ ਬਿਨਾਂ ਚੈੱਕ ਕੀਤੇ ਹੀ ਏਅਰਪੋਰਟ ਤੋਂ ਬਾਹਰ ਜਾਣ ਦਾ ਇਸ਼ਾਰਾ ਕਰ ਦਿੱਤਾ ਅਤੇ ਉਹ ਨਿੰਮ ਦੀ ਟਾਹਣੀ ਘਰੇ ਪਹੁੰਚ ਗਈ ਅਤੇ ਸਰਦਾਰਨੀ ਨੇ ਉਸਨੂੰ ਬੀਜ ਵੀ ਦਿੱਤਾ ਅਤੇ ਹੁਣ ਇਹ ਇੱਕ ਦਰਖਤ ਵੀ ਬਾਬਾ ਬਣਾ ਦੇਵੇਗਾ।

ਵਿਸ਼ਵਾਸ਼ ਕਰੋ, ਕਰਾਮਾਤਾਂ ਇਸੇ ਤਰ੍ਹਾਂ ਹੀ ਵਾਪਰਦੀਆਂ ਹਨ।

ਵਾਹਿਗਰੂ ਜੀ ਵਾਹਿਗੁਰੂ ਜੀ।

ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ।

***

## ਬੰਦ ਪੋਟਲੀ

ਪਿੰਡਾ ਅਤੇ ਸ਼ਹਿਰਾਂ ਵਿੱਚ ਗਰਮੀਆਂ ਦੇ ਦਿਨਾਂ ਵਿੱਚ ਖ਼ਾਸ ਤੌਰ ’ਤੇ, ਬਿਜਲੀ ਦੀ ਕਿੱਲਤ ਰਹਿੰਦੀ ਹੀ ਹੈ। ਮੇਰੇ ਸ਼ਹਿਰ, ਮੋਗਾ ਵਿਖੇ ਬਿਜਲੀ ਬੋਰਡ ਦਾ ਹੀ ਇੱਕ ਲਾਈਨਮੈਨ, ਗੁਰਦੇਵ ਸਿੰਘ ਜਿਸ ਦਾ ਨਾਮ ਸੀ, ਇਕਹਿਰੇ ਜਿਹੇ ਜੁੱਸੇ ਵਾਲਾ ਅੰਮ੍ਰਿਤਧਾਰੀ ਗੁਰਸਿੱਖ ਇਨਸਾਨ ਮੇਰਾ ਦੋਸਤ ਬਣ ਗਿਆ। ਜਦੋਂ ਵੀ ਕਦੇ ਕੋਈ ਬਿਜਲੀ ਸਬੰਧੀ ਸਮੱਸਿਆ ਆਉਣੀ, ਭਾਈ ਸਾਹਿਬ ਜੀ ਨੂੰ ਫ਼ੋਨ ਕਰਨਾ, ਉਨ੍ਹਾਂ ਭੱਜੇ ਅਉਣਾ।

ਰੱਬ ਦੀ ਕਰਨੀ ਇੱਕ ਦਿਨ ਪਤਾ ਲੱਗਿਆ ਕਿ ਭਾਈ ਸਾਹਿਬ ਜੀ ਬੀਮਾਰ ਹਨ ਅਤੇ ਉਨ੍ਹਾਂ ਨੂੰ ਪੀਲੀਆ ਹੋ ਗਿਆ ਹੈ। ਡਾਕਟਰ ਦੇ ਦਾਖਲ ਹੋਏ, ਦੋ ਚਾਰ ਦਿਨ ਇਲਾਜ਼ ਚਲਦਾ ਰਿਹਾ ਪ੍ਰੰਤੂ ਭਾਈ ਸਾਹਿਬ ਆਪਣੇ ਪਿੱਛੇ ਰੋਂਦੇ ਕੁਰਲਾਉਂਦੇ ਪ੍ਰੀਵਾਰ ਨੂੰ ਛੱਡਕੇ ਅਕਾਲ ਚਲਾਣਾ ਕਰ ਗਏ। ਸਸਕਾਰ ਕਰਨ ਦੀ ਤਿਆਰੀ ਕੀਤੀ ਗਈ। ਸ਼ਮਸ਼ਾਨ ਘਾਟ ਵਿਖੇ ਜਿਸ ਤਰ੍ਹਾਂ ਇਹ ਕੋਈ ਮਨੌਤ ਹੈ ਜਾਂ ਕੋਈ ਹੋਰ ਰਸਮ ਜਾਂ ਕੋਈ ਰੀਤੀ ਰਿਵਾਜ ਹੈ, ਜਦ ਲਾਸ਼ ਤਕਰੀਬਨ ਅੱਧੀ ਕੁ ਸੜ ਗਈ ਤਾਂ ਕਿਸੇ ਸਿਆਣੇ ਨੇ ਆ ਕੇ ਕਿਹਾ ਕਿ ਇਸ ਦੀ ਖੋਪੜੀ ਵਿੱਚ ਕੋਈ ਲੱਕੜ ਵਗੈਰਾ ਮਾਰੋ ਅਤੇ ਖੋਪੜੀ ਤੋੜ ਦਿਓ। ਇਹ ਇੱਕ ਅਜਿਹਾ ਸਮਾਂ ਹੁੰਦਾ ਹੈ ਕਿ ਕੋਈ ਵੀ ਸਲਾਹ ਦੇ ਸਕਦਾ ਹੈ ਅਤੇ ਉਸ ਦੀ ਸਲਾਹ ਤੇ ਕੋਈ ਕਿੰਤੂ ਪ੍ਰੰਤੂ ਵੀ ਨਹੀਂ ਕੀਤਾ ਜਾਂਦਾ। ਖ਼ੈਰ, ਜਦੋਂ ਹੀ ਮੈਂ ਉਸਦੀ ਖੋਪੜੀ ਵਿੱਚ ਲੱਕੜ ਮਾਰੀ ਤਾਂ ਮੇਰੀ ਹੈਰਾਨੀ ਦੀ ਹੱਦ ਨਾਂ ਰਹੀ ਕਿ ਉਸ ਵਿਚੋਂ ਚਿੱਟੇ ਰੰਗ ਦੇ ਸਿਉਂਕ ਦੇ ਆਕਾਰ ਦੇ ਜੀਵ ਇਸ ਤਰਾਂ ਨਿਕਲ ਕੇ ਭੱਜਣ ਲੱਗੇ ਜਿਸ ਤਰ੍ਹਾਂ ਕਿਸੇ ਵਾੜੇ ਵਿੱਚੋ ਜਾਨਵਰ ਛੱਡਣ ’ਤੇ ਭੱਜਦੇ ਹਨ। ਜਿਵੇਂ ਹੀ ਉਨ੍ਹਾਂ ਨੂੰ ਸੇਕ ਲੱਗਿਆ ਤਾਂ ਉਹ ਸਭ ਬਲਦੀ ਹੋਈ ਅਗਨੀ ਦੀ ਭੇਂਟ ਹੋ ਗਏ।

ਮੈਂ ਹੈਰਾਨ ਹੁੰਦਾ ਹਾਂ ਕਿ ਸਾਡੇ ਸਰੀਰ ਵਿੱਚ ਕੀ ਕੁਝ ਪਿਆ ਹੈ, ਕਿੰਨੇ ਸੂਖਸ਼ਮ ਕੀਟਾਣੂ ਸਾਡੇ ਅੰਦਰ ਹਨ, ਕੁਝ ਸਾਡੇ ਸਰੀਰ ਲਈ ਉਪਜੋਗੀ ਹੁੰਦੇ ਹਨ ਅਤੇ ਕੁਝ ਖਤਰਨਾਕ।

ਮਨੁੱਖੀ ਸਰੀਰ ਨੂੰ ਸਮਝਣਾ ਆਮ ਸਧਾਰਨ ਮਨੁੱਖ ਦੀ ਪਹੁੰਚ ਤਾਂ ਕੀ ਸੋਚ ਤੋਂ ਵੀ ਪਰੇ ਦੀ ਗੱਲ ਹੈ।

ਕਿਹੜੀ ਚੀਜ ਦਾ ਇਨਸਾਨ ਮਾਣ ਕਰਦਾ ਹੈ, ਮੈਂ-ਮੈਂ ਹੀ ਕਰਦਾ ਰਹਿੰਦਾ ਹੈ, ਤੇ ਭਰੋਸਾ ਅਗਲੇ ਸਾਹ ਦਾ ਵੀ ਨਹੀਂ।

***

# ਗੁਨਾਹ ਛੋਟਾ ਜਾਂ ਵੱਡਾ ਨਹੀਂ ਹੁੰਦਾ

ਇੱਕ ਸਵੇਰ ਮੈਂ ਕੁਝ ਜਲਦੀ ਵਿੱਚ ਸੀ ਕਿ ਦੇਖਦਾ ਹਾਂ ਕਿ ਸੜਕ ਦੇ ਇੱਕ ਪਾਸੇ ਤੋਂ ਦੂਸਰੇ ਪਾਸੇ ਇੱਕ ਪੰਛੀਆਂ ਦਾ ਜੋੜਾ ਲੰਘ ਰਿਹਾ ਸੀ ਅਤੇ ਉਨ੍ਹਾਂ ਦੇ ਮਗਰ-ਮਗਰ ਹੀ ਉਨ੍ਹਾਂ ਦੇ ਚਾਰ ਬੱਚੇ, ਬਿੱਜੜੇ ਜਿੱਡੇ ਆਕਾਰ ਦੇ ਚੱਲ ਰਹੇ ਸਨ, ਜਿਹੜੇ ਮੈਨੂੰ ਦੂਰ ਤੋਂ ਦਿਖਾਈ ਨਹੀਂ ਦਿੱਤੇ। ਮੈਂ ਆਪਣੀ ਕਾਰ ਦੀ ਰਫ਼ਤਾਰ ਇੰਨੀ ਕੁ ਘਟਾ ਲਈ ਸੀ ਕਿ ਦੂਰੋਂ ਦਿਸਦੇ ਦੋਨੋਂ ਹੀ ਵੱਢ ਅਕਾਰੀ ਪੰਛੀ ਸੜਕ ਦੇ ਪਾਰ ਜਾ ਸਕਦੇ ਸਨ, ਪ੍ਰੰਤੂ ਜਦ ਮੈਂ ਉਨ੍ਹਾਂ ਦੇ ਨਜ਼ਦੀਕ ਆਇਆ ਤਾਂ ਦੇਖਦਾ ਹਾਂ ਕਿ ਉਨ੍ਹਾਂ ਦੇ ਚਾਰ ਛੋਟੇ ਬੱਚੇ ਵੀ ਮਗਰ ਹੀ ਹਨ ਤਾਂ ਮੈਂ ਸਿਰਫ ਕਾਰ ਦੀ ਰਫ਼ਤਾਰ ਹੀ ਹੋਰ ਵੀ ਘੱਟ ਨਹੀਂ ਕੀਤੀ ਸਗੋਂ ਸਮੇਂ ਅਤੇ ਸਮਰੱਥਾ ਅਨੁਸਾਰ ਆਪਣੀ ਕਾਰ ਨੂੰ ਹੋਰ ਵੀ ਪਾਸੇ ਨੂੰ ਲਿਜਾਣ ਦੀ ਕੋਸ਼ਿਸ਼ ਕੀਤੀ।

ਸਾਰਾ ਦਿਨ ਕੰਮ ਕਰਨ ਵਿੱਚ ਜੀ ਨਾਂ ਲਗਿਆ, ਕਿਤੇ ਐਸਾ ਤਾਂ ਨਹੀਂ ਹੋਇਆ ਕਿ ਕੋਈ ਛੋਟਾ ਬੱਚਾ ਮੇਰੀ ਕਾਰ ਦੇ ਹੇਠ ਆ ਕੇ ਮਾਰਿਆ ਗਿਆ ਹੋਵੇ। ਕੁਝ ਵੀ ਖਾਣ ਪੀਣ ਦਾ ਮਨ ਨਹੀਂ ਕੀਤਾ। ਸ਼ਾਮ ਨੂੰ ਘਰ ਜਾਣ ਲਈ ਮੇਰਾ ਰਸਤਾ ਹੋਰ ਸੀ ਪਰ ਮਨ ਵਿੱਚ ਇਕੋ ਵਹਿਮ ਸੀ ਕਿ ਕਿਤੇ ਕੋਈ ਬੱਚਾ ਤਾਂ ਨਹੀਂ ਮਾਰਿਆ ਗਿਆ, ਕਿਤੇ ਕੋਈ ਅਨਰਥ ਤਾਂ ਨਹੀਂ ਹੋਇਆ। ਇਸੇ ਉਧੇੜ-ਬੁਣ ਵਿੱਚ ਆਪਣੀ ਕਾਰ ਉਸੇ ਰਸਤੇ ਵਾਪਿਸ ਲੈ ਕੇ ਆਇਆ, ਸੋਚ ਕੇ ਕਿ ਜੇਕਰ ਇਹ ਅਨਰਥ ਹੋਇਆ ਹੋਵੇਗਾ ਤਾਂ ਜ਼ਰੂਰ ਸੜਕ ’ਤੇ ਸ਼ਾਮ ਤੱਕ ਉਸ ਬੱਚੇ ਦੇ ਮਾਸ ਦੇ ਟੁੱਕੜੇ, ਖ਼ੂਨ ਭਿੱਜੇ ਉੱਥੇ ਜ਼ਰੂਰ ਪਏ ਹੋਣਗੇ ਅਤੇ ਇਹ ਵੀ ਦਿਮਾਗ਼ ਵਿਚ ਖਿਆਲ ਆ ਰਿਹਾ ਸੀ ਕਿ ਜਰੂਰ ਉਸ ਨੂੰ ਖਾਣ ਲਈ ਕੋਈ ਹੋਰ ਪੰਛੀ ਉੱਥੇ ਹੋਣੇ ਚਾਹੀਦੇ ਹਨ। ਉਸ ਸਥਾਨ ਤੇ ਆ ਕੇ ਬੜੇ ਗਹੁ ਨਾਲ ਦੇਖਿਆ, ਚਾਰੇ ਪਾਸੇ, ਖੱਬੇ-ਸੱਜੇ ਨਿਗਾਹ ਮਾਰੀ, ਅਜਿਹਾ ਗੁਨਾਹ ਹੋਣੋਂ ਬਚ ਗਿਆ। ਪ੍ਰਮਾਤਮਾ ਦਾ ਲੱਖ-ਲੱਖ ਸ਼ੁਕਰ ਕੀਤਾ ਕਿ ਉਸ ਨੇ ਉਨ੍ਹਾਂ ਬੱਚਿਆਂ ਨੂੰ ਹੀ ਨਹੀਂ ਬਚਾਇਆ ਸਗੋਂ ਮੇਰੀ ਆਤਮਾ ਨੇ ਮੈਨੂੰ ਕਿੰਨੀਆ ਲਾਹਨਤਾਂ ਪਾਉਣੀਆਂ ਸਨ, ਇਸ ਤੋਂ ਵੀ ਬਚਾਅ ਹੋ ਗਿਆ।

ਗੱਲ ਬਹੁਤ ਛੋਟੀ ਜਿਹੀ ਹੈ, ਪਰ ਲਾਹਣਤ ਸਾਰੀ ਉਮਰ ਦੀ ਹੋਣੀ ਸੀ ਮੇਰੇ ਲਈ ਕਿਉਂਕਿ ਜੇਕਰ ਤੁਸੀਂ ਕਿਸੇ ਨੂੰ ਜਿੰਦਗੀ ਦੇ ਨਹੀਂ ਸਕਦੇ ਤਾਂ ਤੁਹਾਨੂੰ ਕਿਸੇ ਦੀ ਜ਼ਿੰਦਗੀ ਲੈਣ ਦਾ ਵੀ ਕੋਈ ਹੱਕ ਨਹੀਂ, ਚਾਹੇ ਕੋਈ ਪੰਛੀ ਹੈ, ਪਸ਼ੂ ਹੈ ਜਾਂ ਕੋਈ ਇੰਨਸਾਨ।

ਗੁਨਾਹ ਹੋਣੋਂ ਬਚਾਓ, ਨਹੀਂ ਤਾਂ ਪ੍ਰਮਾਤਮਾ ਦੇ ਦੁਆਰ ਜਾ ਕੇ ਤੁਹਾਡਾ ਜਿਹੜਾ ਹਾਲ ਹੋਵੇਗਾ ਉਸ ਦਾ ਤੁਹਾਨੂੰ ਅੰਦਾਜ਼ਾ ਵੀ ਨਹੀਂ ਹੋ ਸਕਦਾ।

***

## ਚੱਲਦੇ-ਚੱਲਦੇ

ਠੰਡ ਗਈ ਹੁਣ ਗਰਮੀਆਂ ਆਈਆਂ।
ਲੋਕੀ ਲੈਣ ਲੱਗੇ ਅੰਗੜਾਈਆਂ।
ਬਾਹਾਂ ਦੇ ਵਿੱਚ ਬਾਹਾਂ ਪਾਈਆਂ।
ਆਹ ਦੇਖੋ ਜੀ ਗਰਮੀਆਂ ਆਈਆਂ।
ਆਹ ਦੇਖੋ ਜੀ ਗਰਮੀਆਂ ਆਈਆਂ।

ਆਵੋ ਸੋਹਣਿਆਂ ਕਹਿ ਕੇ ਲੋਕਾਂ,
ਯਾਰਾਂ ਦੀਆਂ ਮਹਿਫ਼ਲਾਂ ਸਜਾਈਆਂ।
ਅਸੀਂ ਵੀ ਮਹਿਫਲ ਹੈ ਸਜਾਉਣੀ,
20 ਤਾਰੀਖ਼ ਦੀ ਮੀਟਿੰਗ ਬੁਲਾਈ।
ਦੇਖਦੇ ਹਾਂ ਕਿੰਨੇ ਕੁ ਸੁਣਦੇ ਹਨ ਸਾਡੀ,
ਅਸਾਂ ਤਾਂ ਹੈ ਜੀ ਅਲਖ ਜਗਾਈ।
ਸਾਡੇ ਸੱਜਣ ਬਹੁਤ ਪਿਆਰੇ,
ਕਰਦੇ ਸਾਰੇ ਵਾਰੇ ਨਿਆਰੇ।
ਬੇਨਤੀ ਸਾਡੀ ਸੁਣਦੇ ਹਨ,
ਏਸੇ ਲਈ ਹੀ ਜੁੜਦੇ ਸਾਰੇ।
ਆਵੋ ਸੱਜਣੋਂ ਆਵੋ ਸੱਜਣੋਂ,
ਆਵੋ ਜੀ ਤੁਸੀਂ ਆਵੋ ਸਾਰੇ।
✲✲✲

# ਪੰਜਾਬੀ

ਪੰਜਾਬੀਆਂ ਦੀ ਹੈ ਸ਼ਾਨ ਵੱਖਰੀ,
ਜਿੱਥੇ ਜਾਂਦੇ ਵੱਖਰਾ ਪੰਜਾਬ ਵਸਾਉਂਦੇ ਨੇ।

ਸੇਵਾ ਭਾਵਨਾ ਇਨ੍ਹਾਂ ਦੀ ਸੱਭ ਤੋਂ ਵੱਖਰੀ,
ਆਪਣੀ ਵੱਖਰੀ ਹੀ ਪਹਿਚਾਣ ਬਣਾਉਂਦੇ ਨੇ।

ਬਾਬੇ ਨਾਨਕ ਵਾਲਾ ਲੰਗਰ ਇਹ ਚਲਾਉਂਦੇ,
ਦਸਵੰਧ ਵੀ ਸਾਰਾ ਹੀ ਲਾਉਂਦੇ ਨੇ।

ਕਿਸੇ ਦੀ ਟੈਂਅ ਇਹ ਨਹੀਂ ਸਹਿੰਦੇ,
ਆਪਣੀ ਸਹੀ ਗੱਲ ਹਰ ਥਾਂ ਮਨਾਉਂਦੇ ਨੇ।

ਬੇਗਾਨਿਆਂ ਨੂੰ ਆਪਣਾ ਕਿਵੇਂ ਬਣਾਉਣਾ,
ਇੱਕ ਇਹੋ ਹੀ ਗੱਲ ਸਮਝਾਉਂਦੇ ਨੇ।

ਜਿੱਥੇ ਕੋਈ ਮਾਈ ਦਾ ਲਾਲ ਨਾ ਜਾ ਸਕੇ,
ਉੱਥੇ ਵੀ ਜਾ ਕੇ ਝੰਡੇ ਗੱਡ ਆਉਂਦੇ ਨੇ।

ਪੰਜਾਬੀਆਂ ਦੀ ਹੈ ਸ਼ਾਨ ਵੱਖਰੀ,
ਜਿੱਥੇ ਜਾਂਦੇ, ਵੱਖਰਾ ਪੰਜਾਬ ਵਸਾਉਂਦੇ ਨੇ।
***

# ਨੀਅਤ

ਇੱਕ ਰਾਜਾ ਸੀ। ਉਹ ਜੰਗਲ ਦੇ ਵਿੱਚ ਸ਼ਿਕਾਰ ਕਰਨ ਲਈ ਜਾ ਰਿਹਾ ਸੀ। ਉਹਨੂੰ ਬਹੁਤ ਪਿਆਸ ਲੱਗੀ। ਉਨ੍ਹਾਂ ਨੇ ਆਲੇ ਦੁਆਲ਼ੇ ਦੇਖਿਆ ਕਿ ਕਿਤੇ ਕੋਈ ਪਾਣੀ ਦਾ ਇੰਤਜ਼ਾਮ ਹੋ ਸਕੇ। ਉਸਨੇ ਆਪਣੇ ਵਜ਼ੀਰ ਨੂੰ ਕਿਹਾ ਕਿ ਦੇਖ ਕਿਤੇ ਪਾਣੀ ਮਿਲੇ ਤਾਂ। ਵਜ਼ੀਰ ਕਹਿੰਦਾ ਮਹਾਰਾਜ ਜੀ ਪਾਣੀ ਦਾ ਇੰਤਜਾਮ ਤਾਂ ਕਿਤੇ ਹੋ ਨਹੀਂ ਰਿਹਾ, ਨਜ਼ਦੀਕ ਬਗੀਚਾ ਨਜ਼ਰ ਆ ਰਿਹਾ ਮੈਨੂੰ, ਉੱਥੇ ਜ਼ਰੂਰ ਪਾਣੀ ਦਾ ਇੰਤਜ਼ਾਮ ਹੋ ਜਾਵੇਗਾ। ਉਹ ਦੋਵੇਂ ਬਗੀਚੇ ਵਿੱਚ ਚਲੇ ਗਏ। ਅਨਾਰਾਂ ਦੇ ਬਾਗ਼ ਦਾ ਮਾਲਕ ਆ ਗਿਆ, ਉਹ ਕਹਿੰਦਾ 'ਜੀ ਮਹਾਰਾਜ ਜੀ ਰਾਜਾ ਸਾਹਿਬ ਬੈਠੋ ਜੀ।' ਵਜ਼ੀਰ ਨੇ ਦਸਿਆ ਕਿ ਰਾਜਾ ਨੂੰ ਬਹੁਤ ਪਿਆਸ ਲੱਗੀ। ਬਾਗਬਾਨ ਨੇਂ ਕੋਲੋਂ ਹੀ ਇੱਕ ਅਨਾਰ ਤੋੜਿਆ, ਵੱਡਾ ਗਿਲਾਸ ਜੂਸ ਦਾ ਕੱਢਿਆ, ਜੂਸ ਰਾਜਾ ਮਹਾਰਾਜ ਨੂੰ ਪਿਲਾ ਦਿੱਤਾ। ਰਾਜਾ ਕਹਿੰਦਾ, ਤ੍ਰਿਪਤੀ ਹੋ ਗਈ, ਅਨੰਦ ਆ ਗਿਆ ਹੈ। ਜੂਸ ਬਹੁਤ ਮਿੱਠਾ ਅਤੇ ਸੁਆਦ ਸੀ।

ਰਾਜਾ ਆਪਣੇ ਰਾਜ ਦਰਬਾਰ ਚਲਾ ਗਿਆ। ਖਿਆਲ ਆਇਆ ਕਿ ਕਿੰਨਾ ਵਧੀਆ ਬਗੀਚਾ ਹੈ ਕਿ ਇੱਕ ਅਨਾਰ ਤੋੜਿਆ ਉਸਨੇ ਅਤੇ ਜੂਸ ਦਾ ਗਿਲਾਸ ਭਰ ਗਿਆ ਤੇ ਮੇਰੀ ਤ੍ਰਿਪਤੀ ਵੀ ਹੋ ਗਈ। ਮਨ ਬੇਈਮਾਨ ਹੋ ਗਿਆ, ਮੈਂ ਤਾਂ ਇਸ ਦੇਸ਼ ਦਾ ਰਾਜਾ ਹਾਂ, ਇਹ ਬਗੀਚਾ ਵੀ ਤਾਂ ਮੇਰਾ ਹੋਣਾ ਚਾਹੀਦਾ। ਉਹ ਬਗੀਚਾ ਹੁਣ ਮੇਰਾ ਹੋਣਾ ਚਾਹੀਦਾ ਹੈ।

ਉਹ ਰਾਜਾ ਮਹਾਰਾਜਾ ਜੀ 10-15 ਦਿਨ ਦੇ ਬਾਅਦ ਫਿਰ ਤੋਂ ਉੱਥੇ ਚਲਾ ਗਿਆ। ਬਾਗ਼ ਦਾ ਮਾਲਕ ਕਹਿੰਦਾ ਮਹਾਰਾਜ ਜੀ ਬੈਠੋ। ਜਿਹੜਾ ਜੂਸ ਉਸ ਦਿਨ ਪਿਲਾਇਆ ਸੀ ਉਹ ਫਿਰ ਤੋਂ ਪਿਲਾ ਦੇ। ਉਸ ਨਾਲ ਮੇਰੀ ਪਿਆਸ ਵੀ ਬੁਝੀ ਸੀ ਅਤੇ ਮੈਂ ਤ੍ਰਿਪਤ ਵੀ ਹੋਇਆ ਸੀ। ਬਾਗਬਾਨ ਨੇ ਇੱਕ ਅਨਾਰ ਤੋੜਿਆ ਗਲਾਸ ਨਹੀਂ ਭਰਿਆ, ਦੋ ਅਨਾਰ ਤੋੜੇ ਗਿਲਾਸ ਨਹੀਂ ਭਰਿਆ, ਤਿੰਨ ਅਨਾਰ ਤੋੜੇ, ਚਾਰ ਤੋੜੇ ਪੰਜ ਤੋੜੇ ਗਲਾਸ ਨਹੀਂ ਭਰਿਆ। ਖੈਰ ਰਾਜਾ ਨੇ ਜੂਸ ਪੀਤਾ ਪਰ ਉਹੋ ਪਹਿਲਾਂ ਵਰਗਾ ਸਵਾਦ ਨਹੀਂ ਆਇਆ।

ਬਾਗਬਾਨ ਕਹਿੰਦਾ, 'ਮਹਾਰਾਜ, ਅਨਾਰ ਵੀ ਉਹੀ ਹਨ, ਬਗੀਚਾ ਵੀ ਉਹੀ ਹੈ ਮੌਸਮ ਵੀ ਉਹੀ ਹੈ। ਇੱਕ ਗੱਲ ਕਹਾਂ, ਮਹਾਰਾਜ ਗੁੱਸਾ ਨਾ ਕਰਿਓ, ਮਹਾਰਾਜ ਜੀ ਜਾਂ ਤਾਂ ਤੁਹਾਡੀ ਨੀਅਤ ਵਿਚ ਫਰਕ ਹੈ ਜਿਹੜਾ ਇਹਨਾਂ 'ਚ ਜੂਸ ਸੁੱਕ ਗਿਆ, ਜਾਂ ਮੇਰੀ ਨੀਅਤ 'ਚ ਫਰਕ ਹੈ।' ਰਾਜਾ ਨੇ ਇੱਕ ਦਮ ਕਹਿ ਦਿੱਤਾ ਕਿ 'ਤੂੰ ਤਾਂ ਇੱਕ ਮਿਹਨਤਕਸ਼ ਇਨਸਾਨ ਹੈਂ, ਮੇਰੀ ਹੀ ਨੀਅਤ ਵਿੱਚ ਖੋਟ ਆ ਗਈ ਸੀ ਅਤੇ ਮੈਂ ਹੀ ਬੇਈਮਾਨ ਹੋ ਗਿਆ ਸੀ।' ਇਹ ਕਹਿ ਕੇ ਰਾਜਾ ਵਾਪਿਸ ਚਲਾ ਗਿਆ। ✲✲✲

# ਵਿਪਨ ਜੀ ਦੀਆਂ ਸ਼ਰਾਰਤਾਂ

ਮੇਰੇ ਇੱਕ ਦੋਸਤ ਹਨ ਸ੍ਰੀ ਵਿਪਨ ਕੁਮਾਰ ਸਰੀਨ ਜੀ। ਜਿਸ ਤਰਾਂ ਬਚਪਨ ਵਿੱਚ ਸਾਰੇ ਹੀ ਸ਼ਰਾਰਤਾਂ ਕਰਦੇ ਹਨ ਉਹ ਵੀ ਕਰਦੇ ਹੁੰਦੇ ਸਨ। ਆਪਣੀਆਂ ਬਚਪਨ ਦੀਆਂ ਸਾਰੀਆਂ ਗੱਲਾਂ ਜਦ ਕਿਤੇ ਮੌਕਾ ਮਿਲਦਾ ਤਾਂ ਉਹ ਸਾਂਝੀਆਂ ਕਰਦੇ ਹਨ। ਇਕ ਦਿਨ ਅਸੀਂ ਸ਼ਾਮ ਨੂੰ ਸੈਰ ਕਰ ਰਹੇ ਸੀ ਤਾਂ ਉਹਨਾਂ ਨੇ ਆਪਣੇ ਬਚਪਨ ਦੀਆਂ ਦੋ ਪੁਰਾਣੀਆਂ ਸ਼ਰਾਰਤਾਂ ਸਾਂਝੀਆਂ ਕੀਤੀਆਂ।

**ਪਹਿਲੀ**: ਉਹ ਦੱਸਦੇ ਹਨ ਕਿ ਸਕੂਲ ਦੇ ਸਮੇਂ ਉਹ ਸਵੇਰ ਵੇਲੇ ਟਿਊਸ਼ਨ ਪੜ੍ਹਣ ਲਈ ਅਧਿਆਪਕ ਦੇ ਘਰੇ ਜਾਂਦੇ ਹੁੰਦੇ ਸਨ। ਸਰਦੀਆਂ ਦੇ ਦਿਨ ਸਨ, ਠੰਡ ਬਹੁਤ ਹੁੰਦੀ ਸੀ। ਇਹ ਅਤੇ ਇਹਨਾਂ ਦਾ ਦੋਸਤ ਸਾਈਕਲ 'ਤੇ ਜਾਂਦੇ ਹੁੰਦੇ ਸਨ। ਇਹ ਸ਼ਰਾਰਤ ਕੀ ਕਰਦੇ ਸਨ ਕਿ ਰਾਹ ਵਿੱਚ ਕਿਸੇ ਥਾਂ ਰੋਕ ਕੇ ਕਿਸੇ ਦੀ ਘਰ ਦੀ ਘੰਟੀ ਦਬਾ ਦੇਣੀ ਤੇ ਉੱਪਰ ਟੇਪ ਲਾ ਦੇਣੀ ਤਾਂ ਕਿ ਘੰਟੀ ਵੱਜੀ ਜਾਵੇ ਤੇ ਆਪ ਸਾਈਕਲ ਚੱਕਣਾ ਤੇ ਦੌੜ ਜਾਣਾ। ਬਚਪਨਾ ਸੀ, ਹਰ ਇੱਕ ਦਾ ਬਚਪਨ ਇੱਕੋ ਜਿਹਾ ਹੁੰਦਾ ਹੈ। ਬਚਪਨ ਤਾਂ ਬਚਪਨ ਹੀ ਹੈ। ਕੀ ਕਹਿ ਸਕਦਾ ਹੈ ਕੋਈ।

**ਦੂਸਰੀ**: ਉਹ ਦੱਸਦੇ ਹਨ ਕਿ ਉਹ ਜਿਸ ਮਹੱਲੇ ਵਿੱਚ ਰਹਿੰਦੇ ਸਨ ਉਸ ਮਹੱਲੇ ਵਿੱਚ ਇੱਕ ਪਰਿਵਾਰ ਹੋਰ ਸੀ, ਜਿਨ੍ਹਾਂ ਦੇ ਪੰਜ ਭਰਾ ਸਨ ਅਤੇ ਉਹਨਾਂ ਪੰਜਾਂ ਦੇ ਹੀ ਪੰਜ ਪੰਜ ਬੱਚੇ ਸਨ। ਸ਼ਰਾਰਤ ਵਜੋਂ ਅਸੀਂ ਸ਼ਾਮ ਪੈਂਦੇ ਹੋਏ ਉਹਨਾਂ ਦਾ ਕੋਈ ਛੋਟਾ ਬੱਚਾ ਖੇਡਦਾ ਹੋਇਆ ਚੱਕ ਲਿਆਉਣਾ ਅਤੇ ਘਰੇ ਲਿਆ ਕੇ ਰਜਾਈ ਵਿੱਚ ਬਿਠਾ ਦੇਣਾ। ਕਿਉਂਕਿ ਪਰਿਵਾਰ ਵੱਡਾ ਸੀ, ਉਹ ਸ਼ਾਮ ਨੂੰ ਆਪਣੇ ਸਾਰੇ ਬੱਚੇ ਗਿਣ ਕੇ ਫਿਰ ਸੌਂਦੇ ਸਨ। ਜਦ ਕਿਤੇ ਇੱਕ ਬੱਚਾ ਨਾ ਮਿਲਣਾ ਤਾਂ ਉਹਨਾਂ ਨੇ ਆਂਢ ਗੁਆਂਢ ਲੱਭਣਾ। ਇੰਨ੍ਹਾਂ ਵਿਪਿਨ ਜੀ ਦੇ ਘਰੇ ਵੀ ਆਉਣਾ ਤਾਂ ਇਹਨਾਂ ਨੇ ਕਹਿਣਾ ਕਿ ਸਾਡੇ ਘਰੇ ਤਾਂ ਕੋਈ ਨਹੀਂ ਆਇਆ। ਘਰ ਵਾਲਿਆਂ ਨੇ ਪ੍ਰੇਸ਼ਾਨ ਹੋਣਾ ਪਰ ਕੁਝ ਸਮੇਂ ਬਾਅਦ ਇਹਨਾਂ ਨੇ ਘਰ ਵਾਲਿਆਂ ਨੂੰ ਦੱਸ ਦੇਣਾ ਕਿ ਤੁਹਾਡਾ ਬੱਚਾ ਸਾਡੇ ਘਰੇ ਹੈ।

ਉਹ ਸਮਾਂ ਬਹੁਤ ਚੰਗਾ ਸੀ। ਜੇਕਰ ਇਹ ਸਮਾਂ ਅਜੋਕਾ ਹੁੰਦਾ ਤਾਂ ਉਹਨਾਂ ਨੇ ਸਭ ਤੋਂ ਪਹਿਲਾਂ ਪੁਲਿਸ ਕੋਲੇ ਜਾ ਕੇ ਸ਼ਿਕਾਇਤ ਕਰਨੀ ਸੀ ਕਿ ਸਾਡੇ ਬੱਚੇ ਨੂੰ ਅਗ਼ਵਾ ਕਰਕੇ ਲੈ ਗਏ ਹਨ, ਬਾਕੀ ਦੀ ਗੱਲ ਬਾਅਦ 'ਚ। ਪਰ ਉਹ ਜ਼ਮਾਨੇ ਚੰਗੇ ਸਨ। ਲੋਕ ਚੰਗੇ ਸਨ। ਕਿਸੇ ਦੇ ਦਿਲ ਵਿੱਚ ਬੇਈਮਾਨੀ ਨਹੀਂ ਸੀ। ਸਿੱਧੇ ਸਾਦੇ ਲੋਕ ਸਨ। ਇੱਕ ਪਰਿਵਾਰ ਵਾਂਗ ਹੀ ਰਹਿੰਦੇ ਸਨ। ਕੋਈ ਵਲ਼-ਫੇਰ ਨਹੀਂ ਸੀ। ਕਿਸੇ ਪ੍ਰਤੀ ਜਾਤੀ ਘਿਰਣਾ ਤਾਂ ਹੈ ਹੀ ਨਹੀਂ ਸੀ। ਸੋ ਇਹ ਸਨ ਵਿਪਨ ਜੀ ਦੀਆਂ ਦੋ ਸ਼ਰਾਰਤਾਂ।

***

# ਬਹੁਤ ਖੂਬਸੂਰਤ ਸੁਨੇਹਾ

ਇੱਕ ਪੁੱਤਰ ਆਪਣੇ ਪਿਤਾ ਨੂੰ ਇੱਕ ਰਾਤ ਸੁਆਦੀ ਖਾਣਾ ਖੁਆਉਣ ਲਈ ਇੱਕ ਰੈਸਟੋਰੈਂਟ ਵਿੱਚ ਲੈ ਕੇ ਗਿਆ। ਉਸ ਦੇ ਪਿਤਾ ਕਾਫ਼ੀ ਬੁੱਢੇ ਹਨ ਅਤੇ ਇਸ ਲਈ, ਥੋੜ੍ਹਾ ਕਮਜ਼ੋਰ ਵੀ। ਖਾਣਾ ਖਾਂਦੇ ਸਮੇਂ ਕਦੇ-ਕਦਾਈਂ ਉਸ ਦੀ ਕਮੀਜ਼ ਅਤੇ ਪੈਂਟ ’ਤੇ ਖਾਣਾ ਡਿੱਗ ਜਾਂਦਾ ਸੀ। ਦੂਜੇ ਮਹਿਮਾਨਾਂ ਨੇ ਬੁੱਢੇ ਆਦਮੀ ਨੂੰ ਨਫ਼ਰਤ ਭਰੀ ਨਜ਼ਰ ਨਾਲ ਦੇਖਿਆ, ਪਰ ਉਸਦਾ ਪੁੱਤਰ ਸ਼ਾਂਤ ਰਿਹਾ। ਦੋਹਾਂ ਦੇ ਖਾਣਾ ਖਾਣ ਤੋਂ ਬਾਅਦ ਬੇਟੇ ਨੇ ਚੁੱਪਚਾਪ ਆਪਣੇ ਪਿਤਾ ਦੀ ਮੱਦਦ ਕੀਤੀ ਅਤੇ ਉਸਨੂੰ ਗੁਸਲਖਾਨੇ ਵਿੱਚ ਲੈ ਗਿਆ। ਬੇਟੇ ਨੇ ਉਸਦੇ ਚਿਹਰੇ ਤੋਂ ਭੋਜਨ ਦੇ ਟੁਕੜਿਆਂ ਨੂੰ ਸਾਫ਼ ਕੀਤਾ ਅਤੇ ਉਸਦੇ ਕੱਪੜਿਆਂ ’ਤੇ ਖਾਣੇ ਦੇ ਦਾਗ ਧੋਣ ਦੀ ਕੋਸ਼ਿਸ਼ ਕੀਤੀ ਉਸਦੇ ਸਫ਼ੈਦ ਵਾਲਾਂ ਨੂੰ ਪਿਆਰ ਨਾਲ ਕੰਘੀ ਕੀਤਾ ਅਤੇ ਅੰਤ ਵਿੱਚ ਉਸਦੀ ਐਨਕ ਲਗਾ ਦਿੱਤੀ।

ਜਿਵੇਂ ਹੀ ਉਹ ਰੈਸਟਰੂਮ ਤੋਂ ਬਾਹਰ ਨਿਕਲੇ, ਰੈਸਟੋਰੈਂਟ ਵਿੱਚ ਇੱਕ ਡੂੰਘੀ ਚੁੱਪ ਛਾ ਗਈ। ਬੇਟੇ ਨੇ ਰੈਸਟੋਰੈਂਟ ਦਾ ਬਿੱਲ ਅਦਾ ਕਰ ਦਿੱਤਾ ਪਰ ਉਨ੍ਹਾਂ ਦੇ ਜਾਣ ਤੋਂ ਪਹਿਲਾਂ, ਇੱਕ ਬੁੱਢਾ ਆਦਮੀ ਵੀ ਉੱਠਿਆ ਅਤੇ ਬਜ਼ੁਰਗ ਦੇ ਪੁੱਤਰ ਨੂੰ ਪੁੱਛਿਆ, “ਕੀ ਤੁਹਾਨੂੰ ਨਹੀਂ ਲੱਗਦਾ ਕਿ ਤੁਸੀਂ ਇੱਥੇ ਕੁਝ ਛੱਡ ਦਿੱਤਾ ਹੈ?”

ਨੌਜਵਾਨ ਨੇ ਜਵਾਬ ਦਿੱਤਾ, “ਨਹੀਂ ਕੁਝ ਵੀ ਨਹੀਂ ਛੱਡਿਆ।”

ਫਿਰ ਅਜਨਬੀ ਨੇ ਉਸਨੂੰ ਕਿਹਾ,

“ਤੁਸੀਂ ਇੱਥੇ ਹਰ ਪੁੱਤਰ ਲਈ ਇੱਕ ਸਬਕ ਅਤੇ ਹਰ ਪਿਤਾ ਲਈ ਇੱਕ ਉਮੀਦ ਛੱਡ ਚੱਲੇ ਹੋ।”

ਸਾਰਾ ਰੈਸਟੋਰੈਂਟ ਇੰਨਾ ਸ਼ਾਂਤ ਸੀ, ਤੁਸੀਂ ਉੱਥੇ ਇੱਕ ਨਿੱਕੀ ਜਿਹੀ ਸੂਈ ਡਿੱਗਣ ਦਾ ਖੜਾਕ ਵੀ ਸੁਣ ਸਕਦੇ ਸੀ।

***

# ਜੋਗੀ

ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਅੱਜ ਤੋਂ ਤਕਰੀਬਨ 45 ਤੋਂ 50 ਸਾਲ ਪਹਿਲਾਂ ਦੀ ਗੱਲ ਹੈ ਕਿ ਸਾਡੇ ਗਵਾਂਢ ਵਿੱਚ ਸਾਡੀ ਸ਼ਰੀਕੇ ਚੋਂ ਲੱਗਦੀ ਚਾਚੀ ਰਹਿੰਦੀ ਸੀ। ਉਹਨਾਂ ਦੇ ਘਰ ਇੱਕ ਜੋਗੀ ਆਇਆ, ਉਸਨੇ ਆਣ ਕੇ ਬੂਹੇ 'ਤੇ ਅਲਖ ਜਗਾਈ ਅਤੇ ਭਿੱਖਿਆ ਪਾਉਣ ਲਈ ਕਿਹਾ।

ਸਾਡੀ ਚਾਚੀ ਉਸ ਜੋਗੀ ਨੂੰ ਬਾਹਰ ਬੈਠਣ ਲਈ ਕਹਿੰਦੀ ਹੈ ਅਤੇ ਉਸਨੂੰ ਆਪਣਾ ਦੁੱਖ ਦੱਸਦੀ ਹੈ। ਦੁੱਖ ਕੀ ਸੀ, ਸਾਡੀ ਚਾਚੀ ਦੇ ਘਰ ਚਾਰ ਕੁੜੀਆਂ ਹੀ ਸਨ ਅਤੇ ਮੁੰਡੇ ਦੀ ਦਾਤ ਪਰਮਾਤਮਾ ਨੇ ਨਹੀਂ ਬਖਸ਼ੀ ਸੀ। ਬਹੁਤ ਕੋਸ਼ਿਸ਼ ਕੀਤੀ, ਦਰ-ਦਰ 'ਤੇ ਜਾ ਕੇ ਮੱਥਾ ਰਗੜਿਆ, ਪਰ ਕਰਮਾਂ ਵਿੱਚ ਨਹੀਂ ਸੀ, ਇਸ ਲਈ ਪੁੱਤਰ ਨਹੀਂ ਮਿਲ ਸਕਿਆ। ਉਸਨੇ ਜੋਗੀ ਨੂੰ ਵੀ ਆਪਣਾ ਦੁੱਖ ਦੱਸਿਆ, ਜੋਗੀ ਨੇ ਕਿਹਾ, ਬੀਬਾ ਅਸੀਂ ਦੁਆ ਕਰਦੇ ਹਾਂ ਅਤੇ ਦੁਆ ਪੂਰੀ ਹੋਵੇਗੀ। ਤੂੰ ਇਸ ਤਰਾਂ ਕਰ, ਥੋੜੀ ਕਣਕ ਅਤੇ ਗੁੜ ਲੈ ਕੇ ਆ।

ਸਾਡੀ ਚਾਚੀ ਇੱਕ ਛਿੱਕੂ ਵਿੱਚ ਕਣਕ ਲੈ ਕੇ ਆਈ ਅਤੇ ਇੱਕ ਬਾਟੇ ਵਿੱਚ ਤਕਰੀਬਨ ਡੇਢ ਦੋ ਕਿੱਲੋ ਗੁੜ ਲੈ ਕੇ ਆਈ। ਉਹ ਜੋਗੀ ਵਾਰ-ਵਾਰ ਕਹਿ ਰਿਹਾ ਸੀ, ਬੀਬਾ ਅਸੀਂ ਇਹ ਸਭ ਕੁਝ ਲੈ ਕੇ ਨਹੀਂ ਜਾਣਾ ,ਅਸੀਂ ਤਾਂ ਇਹ ਸਭ ਤੈਨੂੰ ਹੀ ਦੇ ਜਾਣਾ ਹੈ। ਅਸੀਂ ਆਪਣਾ ਮੰਤਰ ਪੜ੍ਹਨਾ ਹੈ ਤੇ ਤੈਨੂੰ ਸਭ ਕੁਝ ਵਾਪਸ ਕਰ ਦੇਣਾ ਹੈ, ਸਾਡੇ ਲਈ ਇਹ ਲੈ ਕੇ ਜਾਣਾ ਹਰਾਮ ਹੈ। ਜਿਵੇਂ ਉਹ ਕਹੀ ਗਿਆ ਚਾਚੀ ਸੁਣੀ ਗਈ।

ਜੋਗੀ ਨੇ ਕਣਕ ਆਪਣੇ ਖੱਪਰ ਵਿੱਚ ਪਾ ਲਈ, ਉਸ ਉੱਪਰ ਡੇਢ ਦੋ ਕਿਲੋ ਗੁੜ ਰੱਖ ਲਿਆ, ਉਸ ਸਭ ਕੁਝ ਦੇ ਉੱਪਰ ਇੱਕ ਸੱਪ ਆਪਣੇ ਝੋਲੇ ਵਿੱਚੋਂ ਕੱਢ ਕੇ ਰੱਖ ਦਿੱਤਾ ਅਤੇ ਇੱਕ ਦੋ ਮੰਤਰ ਪੜੇ ਅਤੇ ਪੜ੍ਹਨ ਤੋਂ ਬਾਅਦ ਉਸ ਜੋਗੀ ਨੇ ਉਸ ਸਭ ਕੁਝ ਦੇ ਉੱਪਰ ਥੁੱਕ ਦਿੱਤਾ ਅਤੇ ਕਿਹਾ ਬੀਬਾ ਸਾਡਾ ਕੰਮ ਪੂਰਾ ਹੋ ਗਿਆ ਹੈ। ਪਰਮਾਤਮਾ ਭਲੀ ਕਰੂਗਾ ਇਹ ਸਭ ਕੁਝ ਤੂੰ ਲੈ ਜਾ। ਸਾਡੀ ਚਾਚੀ ਇਹ ਸਭ ਕੁਝ ਦੇਖ ਰਹੀ ਸੀ ਤਾਂ ਉਸ ਨੇ ਜਦ ਦੇਖਿਆ ਕਿ ਇਸ ਨੇ ਉਤੇ ਸੱਪ ਵੀ ਰੱਖਿਆ ਹੈ, ਥੁੱਕ ਵੀ ਦਿੱਤਾ ਹੈ, ਤਾਂ ਇਹ ਸਭ ਕੁਝ ਵੇਖਣ ਦੇ ਬਾਵਜੂਦ ਉਹ ਕਿਵੇਂ ਲਿਜਾ ਸਕਦੀ ਸੀ ਇਹ ਸਮਾਨ।

ਚਾਚੀ ਨੇ ਕਿਹਾ, ਬਾਬਾ ਇਹ ਹੁਣ ਸਾਡੇ ਕੰਮ ਦਾ ਨਹੀਂ ਰਿਹਾ, ਇਸ ਨੂੰ ਤੂੰ ਆਪਣੇ ਨਾਲ਼ ਹੀ ਲੈ ਜਾ। ਅਸੀਂ ਨਹੀਂ ਰੱਖਣਾ ਇਹ ਸੱਪ ਵਾਲਾ, ਥੁਕਿਆ ਹੋਇਆ। ਅਸੀਂ ਕਿਵੇਂ ਰੱਖਾਂਗੇ, ਇਹ ਤੂੰ ਲੈ ਜਾ। ਤੇ ਜੋਗੀ ਵੀ ਇਹੀ ਚਾਹੁੰਦਾ ਸੀ ਅਤੇ ਉਸਦੀ ਚਾਲ ਵੀ ਇਹੀ ਸੀ।

ਕਿਹੜਾ ਮੁੰਡਾ ਤੇ ਕਿਹੜਾ ਜੋਗੀ, ਕਿਹੜੀਆਂ ਗੱਲਾਂ, ਕਿਹੜੀਆਂ ਬਾਤਾਂ।

ਇਹ ਜੋਗੀ ਲੋਕ ਕਈ ਵਾਰ ਇਸ ਤਰਾਂ ਭਟਕਿਆ ਹੋਇਆਂ ਨੂੰ ਹੋਰ ਭਟਕਾ ਦਿੰਦੇ ਹਨ ਅਤੇ ਆਪਣਾ ਉੱਲੂ ਸਿੱਧਾ ਕਰਦੇ ਹਨ।

ਸੋ ਅਜਿਹੇ ਜੋਗੀਆਂ ਤੋਂ ਬਚ ਕੇ ਰਹੋ, ਅਜਿਹੇ ਪਖੰਡੀਆਂ ਤੋਂ ਸਾਵਧਾਨ ਰਹੋ।

✲✲✲

# ਰਾਸ਼ਟਰੀ ਜਜ਼ਬਾ

ਇੱਕ ਵਿਦੇਸ਼ੀ ਜਾਪਾਨ ਗਿਆ। ਸਾਹਮਣੇ ਵਾਲ਼ੀ ਸੀਟ 'ਤੇ ਪੈਰ ਪਸਾਰ ਕੇ ਆਰਾਮ ਕਰਨ ਦੀ ਉਸਦੀ ਆਦਤ ਹੋਣ ਕਾਰਨ ਉਸਨੇ ਰੇਲਗੱਡੀ ਵਿੱਚ ਸਫ਼ਰ ਕਰਦੇ ਸਮੇਂ ਅਜਿਹਾ ਹੀ ਕੀਤਾ।

ਇੱਕ ਬਜ਼ੁਰਗ ਉਸ ਕੋਲ ਆਇਆ, ਉਸ ਦੇ ਪੈਰ ਆਪਣੀ ਗੋਦੀ ਵਿਚ ਲੈ ਕੇ ਸੀਟ 'ਤੇ ਬੈਠ ਗਿਆ, ਵਿਦੇਸ਼ੀ ਹੈਰਾਨ ਸੀ।

ਵਿਦੇਸ਼ੀ ਨੇ ਉਸ ਸੱਜਣ ਨੂੰ ਪੁੱਛਿਆ, "ਸਰ, ਤੁਸੀਂ ਆਪਣੀ ਸੀਟ ਛੱਡ ਕੇ ਇੱਥੇ ਮੇਰੇ ਪੈਰ ਆਪਣੀ ਗੋਦੀ 'ਤੇ ਰੱਖ ਕੇ ਬੈਠਣ ਲਈ ਕਿਉਂ ਆਏ?"

ਉਸ ਬਜ਼ੁਰਗ ਆਦਮੀ ਨੇ ਜਵਾਬ ਦਿੱਤਾ, "ਮਹਾਰਾਜ, ਤੁਸੀਂ ਸਾਡੀ ਜਨਤਕ ਜਾਇਦਾਦ ਦੀ ਦੁਰਵਰਤੋਂ ਕਰਕੇ ਸਾਡਾ ਅਪਮਾਨ ਕੀਤਾ ਹੈ। ਮੈਨੂੰ ਤੁਹਾਡੇ 'ਤੇ ਬਹੁਤ ਗੁੱਸਾ ਆਇਆ ਸੀ ਪਰ ਤੁਸੀਂ ਸਾਡੇ ਦੇਸ਼ ਦੇ ਮਹਿਮਾਨ ਹੋ, ਮੈਂ ਜਨਤਕ ਤੌਰ 'ਤੇ ਤੁਹਾਡਾ ਅਪਮਾਨ ਨਹੀਂ ਕਰ ਸਕਦਾ। ਤੁਹਾਨੂੰ ਆਪਣੇ ਪੈਰ ਆਰਾਮ ਨਾਲ ਰੱਖਣ ਦੀ ਆਦਤ ਹੈ ਅਤੇ ਮੈਂ ਆਪਣੇ ਦੇਸ਼ ਦੀ ਜਾਇਦਾਦ ਦੀ ਦੁਰਵਰਤੋਂ ਹੁੰਦੀ ਨਹੀਂ ਦੇਖ ਸਕਦਾ। ਇਸ ਲਈ ਆਪਣੀ ਜਨਤਕ ਜਾਇਦਾਦ ਨੂੰ ਬਚਾਉਣ ਲਈ ਅਤੇ ਨਾਲ ਹੀ ਕਿਸੇ ਮਹਿਮਾਨ ਨੂੰ ਅਸੁਵਿਧਾ ਨਾ ਹੋਣ ਦੇਣ ਲਈ, ਮੈਂ ਤੁਹਾਡੇ ਪੈਰਾਂ ਨੂੰ ਆਪਣੀ ਗੋਦ ਵਿੱਚ ਰੱਖ ਲਿਆ।"

ਵਿਦੇਸ਼ੀ ਨੇ ਬੜੀ ਸ਼ਰਮ ਮਹਿਸੂਸ ਕੀਤੀ ਅਤੇ ਉਸ ਸੱਜਣ ਤੋਂ ਮੁਆਫੀ ਮੰਗੀ।

ਬੁੱਢੇ ਜਾਪਾਨੀ ਵਿਅਕਤੀ ਨੇ ਵਿਦੇਸ਼ੀ ਨੂੰ ਕਿਹਾ, "ਅਸੀਂ ਸਰਕਾਰੀ ਜਾਇਦਾਦ ਨੂੰ ਆਪਣੀ ਸਮਝਦੇ ਹਾਂ, ਜਿਵੇਂ ਕਿ ਉਹ ਜਨਤਾ ਦੇ ਪੈਸੇ ਨਾਲ ਪ੍ਰਦਾਨ ਕੀਤੀ ਜਾਂਦੀ ਹੈ। ਅਸੀਂ ਸਹੂਲਤਾਂ ਦਾ ਸਨਮਾਨ ਕਰਦੇ ਹਾਂ ਅਤੇ ਉਹਨਾਂ ਦੀ ਦੁਰਵਰਤੋਂ ਨਹੀਂ ਕਰਦੇ। ਜੇਕਰ ਤੁਸੀਂ ਇਹ ਆਦਤ ਪਾ ਸਕਦੇ ਹੋ, ਤਾਂ ਤੁਹਾਨੂੰ ਇਹ ਕਰਨ ਦੀ ਲੋੜ ਨਹੀਂ ਪਵੇਗੀ। ਜਦੋਂ ਤੁਸੀਂ ਦੂਜੇ ਦੇਸ਼ਾਂ ਵਿੱਚ ਜਾਓਗੇ ਤਾਂ ਇਸ ਤਰ੍ਹਾਂ ਤੁਹਾਡੀ ਬੇਇੱਜ਼ਤੀ ਨਹੀਂ ਹੋਵੇਗੀ।" ਬਜ਼ੁਰਗ ਸੱਜਣ ਨੇ ਨਰਮ ਬੋਲ ਕੇ ਇੱਕ ਕਰਾਰਾ ਥੱਪੜ ਮਾਰਿਆ।

✲✲✲

# ਕਰ ਭਲਾ, ਹੋ ਭਲਾ

ਇੱਕ ਬੰਦਾ ਕਾਫੀ ਦੇਰ ਤੋਂ ਪਰੇਸ਼ਾਨ ਸੀ। ਉਹਦਾ ਘਰ ਨਹੀਂ ਸੀ ਬਣਦਾ ਪਿਆ। ਉਹ ਕਿਸੇ ਬਾਬੇ ਕੋਲ ਗਿਆ ਅਤੇ ਕਿਹਾ ਕਿ ਬਾਬਾ ਜੀ ਕੋਈ ਟੂਣਾ ਜਾਂ ਕੋਈ ਟੋਟਕਾ ਦੱਸੋ, ਮੇਰਾ ਘਰ ਨਹੀਂ ਬਣਦਾ ਪਿਆ, ਮੈਂ ਬਹੁਤ ਪਰੇਸ਼ਾਨ ਹਾਂ,ਘਰ ਬਣਨਾ ਚਾਹੀਦਾ ਹੈ। ਬਾਬਾ ਕਹਿੰਦਾ ਤੂੰ ਇੱਕ ਮਟਕਾ ਲੈ ਕੇ ਕਿਸੇ ਦਰਖਤ ਤੇ ਜਾ ਕੇ ਉਹਨੂੰ ਟੇਢਾ ਕਰਕੇ ਬੰਨ੍ਹ ਦੇ। ਤੇਰਾ ਘਰ ਬਣ ਜਾਵੇਗਾ। ਉਹ ਚਲਾ ਗਿਆ ਉਸਨੇ ਜਾ ਕੇ ਉਸੇ ਤਰ੍ਹਾਂ ਹੀ ਕੀਤਾ ਤੇ ਸਾਲ ਛੇ ਮਹੀਨੇ ਬਾਅਦ ਵਾਪਸ ਆ ਗਿਆ ਅਤੇ ਕਹਿੰਦਾ ਮਹਾਰਾਜ ਮੇਰਾ ਤਾਂ ਘਰ ਬਣ ਗਿਆ, ਤੁਹਾਡਾ ਟੂਣਾ ਟੋਟਕਾ ਕੰਮ ਕਰ ਗਿਆ। ਬਾਬਾ ਕਹਿੰਦਾ ਪੁੱਤਰ ਮੈਂ ਤੈਨੂੰ ਕੋਈ ਟੋਟਕਾ ਨਹੀਂ ਦੱਸਿਆ ਨਾ ਹੀ ਟੂਣਾ। ਤੂੰ ਚਿੜੀਆਂ ਲਈ ਘਰ ਬਣਾ ਦਿੱਤਾ, ਉਹਨਾਂ ਨੇ ਦੁਆ ਦਿੱਤੀ, ਤੇਰਾ ਘਰ ਬਣ ਗਿਆ, ਇਸ ਵਿੱਚ ਮੇਰਾ ਕੀ ਹੈ।

ਕਰ ਭਲਾ ਹੋ ਭਲਾ।

✲✲✲

# ਇੱਕ ਪੁਰਾਤਨ ਕਥਾ 'ਸਬਰ ਹੀ ਸੁਖ ਹੈ'

ਜਦ ਸਿਕੰਦਰ ਯੂਨਾਨ ਤੋਂ ਭਾਰਤ ਨੂੰ ਫ਼ਤਹਿ ਕਰਨ ਲਈ ਆ ਰਿਹਾ ਸੀ ਤਾਂ ਰੇਗਿਸਤਾਨ ਦੇ ਰਸਤੇ ਆਉਂਦੇ ਹੋਏ ਨੂੰ ਰਸਤੇ ਦੇ ਇੱਕ ਪਾਸੇ ਤੇ ਲੇਟਿਆ ਹੋਇਆ ਇੱਕ ਮਸਤ ਫ਼ਕੀਰ ਮਿਲਿਆ। ਕਿਉਂਕਿ ਸਿਕੰਦਰ ਹਮੇਸ਼ਾਂ ਤੋਂ ਹੀ ਫ਼ਕੀਰਾਂ ਦਾ ਮੁਰੀਦ ਰਿਹਾ ਹੈ। ਸੈਨਾ ਦੀ ਆਖਰੀ ਟੁਕੜੀ ਵਿੱਚ ਸਿਕੰਦਰ ਸੀ, ਤਾਂ ਉਹ ਉਸ ਫ਼ਕੀਰ ਕੋਲ ਰੁਕਿਆ। ਫ਼ਕੀਰ ਨੇ ਸਿਕੰਦਰ ਨੂੰ ਸੁਆਲ ਕੀਤਾ ਕਿ ਕਿੱਧਰ ਨੂੰ ਚੜ੍ਹਾਈ ਕੀਤੀ ਹੈ ਤਾਂ ਸਿਕੰਦਰ ਨੇ ਕਿਹਾ ਕਿ ਉਹ ਭਾਰਤ ਨੂੰ ਫ਼ਤਹਿ ਕਰਨ ਲਈ ਜਾ ਰਿਹਾ ਹੈ ਤਾਂ ਮਸਤ ਫ਼ਕੀਰ ਨੇ ਕਿਹਾ ਕਿ ਭਾਰਤ ਫਤਹਿ ਕਰ ਕੇ ਫਿਰ ਅੱਗੇ ਕੀ ਕਰਨਾ ਹੈ। ਤਾਂ ਸਿਕੰਦਰ ਨੇ ਝੱਟ ਦੇ ਕੇ ਜਵਾਬ ਦਿੱਤਾ ਕਿ ਅੱਗੇ ਕੋਈ ਹੋਰ ਮੁਲਕ ਫ਼ਤਹਿ ਕਰਨ ਲਈ ਜਾਵੇਗਾ।

ਫ਼ਕੀਰ ਨੇ ਫਿਰ ਸਵਾਲ ਕੀਤਾ ਕਿ ਉਸ ਤੋਂ ਬਾਅਦ ਕੀ ਕਰਨਾ ਹੈ, ਤਾਂ ਇਸ ਤਰਾਂ ਦੋ-ਚਾਰ ਵਾਰੀ ਫ਼ਕੀਰ ਨੇ ਇੱਕੋ ਹੀ ਸਵਾਲ ਕੀਤਾ ਤਾਂ ਸਿਕੰਦਰ ਨੇ ਵੀ ਇੱਕੋ ਹੀ ਜਵਾਬ ਦਿੱਤਾ ਕਿ ਉਹ ਟਿਕ ਕੇ ਨਹੀਂ ਬੈਠਣ ਵਾਲਾ, ਫਿਰ ਕਿਸੇ ਹੋਰ ਮੁਲਕ ਨੂੰ ਫਤਹਿ ਕਰੇਗਾ।

ਸਿਕੰਦਰ ਨੇ ਦੇਖਿਆ ਕਿ ਫ਼ਕੀਰ ਦਾ ਤਾਂ ਸਵਾਲ ਖ਼ਤਮ ਹੀ ਨਹੀਂ ਹੁੰਦਾ ਤਾਂ ਉਸ ਨੇ ਕਿਹਾ ਕਿ ਉਹ ਸਾਰਾ ਸੰਸਾਰ ਆਪਣੀ ਮੁੱਠੀ ਵਿੱਚ ਕਰੇਗਾ। ਸਿਕੰਦਰ ਨੇ ਸੋਚਿਆ ਕਿ ਹੁਣ ਤਾਂ ਫ਼ਕੀਰ ਦਾ ਸਵਾਲ ਖ਼ਤਮ ਹੋ ਹੀ ਗਿਆ ਹੈ, ਪਰ ਨਹੀਂ, ਫ਼ਕੀਰ ਦਾ ਸਵਾਲ ਉੱਥੇ ਦਾ ਉੱਥੇ ਹੀ ਸੀ। ਸਾਰਾ ਸੰਸਾਰ ਜਿੱਤ ਕੇ ਫਿਰ ਕੀ ਕਰੇਂਗਾ ਫ਼ਕੀਰ ਨੇਂ ਫਿਰ ਤੋਂ ਉਹੀ ਸਵਾਲ ਕੀਤਾ, ਤਾਂ ਸਿਕੰਦਰ ਕਹਿੰਦਾ ਫਿਰ ਉਹ ਆਰਾਮ ਨਾਲ ਘਰ ਬੈਠੇਗਾ। ਇਸ ਗੱਲ ਤੇ ਫ਼ਕੀਰ ਖਿੜ-ਖਿੜਾ ਕੇ ਹੱਸਿਆ ਤਾਂ ਸਿਕੰਦਰ ਨੇ ਫ਼ਕੀਰ ਨੂੰ ਹੱਸਣ ਦਾ ਕਾਰਨ ਪੁੱਛਿਆ ਤਾਂ ਫ਼ਕੀਰ ਕਹਿੰਦਾ, 'ਐਨੇ ਸਿੜ੍ਹੀ ਸਿਆਪੇ ਕਰਨ ਤੋਂ ਬਾਅਦ ਤੂੰ ਆਰਾਮ ਨਾਲ ਬੈਠੇਂਗਾ, ਮੇਰੇ ਵੱਲ ਦੇਖ ਮੈਂ ਬੜੇ ਆਰਾਮ ਨਾਲ ਬੈਠਾ ਹਾਂ'।

ਭਾਰਤ ਤੋਂ ਵਾਪਸੀ 'ਤੇ ਸਿਕੰਦਰ ਦੀ ਰਸਤੇ ਵਿੱਚ ਹੀ ਮੌਤ ਹੋ ਗਈ, ਸਾਰੇ ਸੰਸਾਰ ਨੂੰ ਆਪਣੀ ਮੁੱਠੀ ਵਿੱਚ ਕਰਨ ਦੇ ਦਾਅਵੇ ਕਰਨ ਵਾਲਾ ਸਿਕੰਦਰ ਆਪਣੇ ਘਰ ਵੀ ਵਾਪਿਸ ਨਹੀਂ ਪਹੁੰਚ ਸਕਿਆ।

ਜਿੱਥੇ ਸਬਰ ਹੈ, ਸੁਖ ਵੀ ਉੱਥੇ ਹੀ ਹੁੰਦਾ ਹੈ।

✲✲✲

# ਹੰਕਾਰਿਆ ਸੋ ਮਾਰਿਆ

ਇੱਕ ਦਿਨ ਇੱਕ ਜੌਹਰੀ ਦਾ ਹੀਰਾ ਇੱਕ ਚੂਹਾ ਨਿਗਲ ਗਿਆ ਅਤੇ ਇੱਕ ਸ਼ਿਕਾਰੀ ਨੂੰ ਇਹ ਪਤਾ ਲੱਗ ਗਿਆ। ਉਹ ਚੂਹੇ ਦੀ ਖੁੱਡ ਵੱਲ ਆਪਣੀ ਬੰਦੂਕ ਨਾਲ ਵਧਿਆ ਤਾਂ ਕੀ ਦੇਖਦਾ ਹੈ ਕਿ ਇੱਕ ਚੂਹਾ ਪੱਥਰ ਦੇ ਉੱਪਰ ਬੈਠਾ ਹੈ, ਸ਼ਿਕਾਰੀ ਨੇ ਆਪਣੀ ਬੰਦੂਕ ਉਸ ਵੱਲ ਵਧਾਈ ਤੇ ਚੂਹੇ ਨੂੰ ਮਾਰ ਦਿੱਤਾ, ਹੀਰਾ ਉਸ ਦੇ ਅੰਦਰੋਂ ਨਿੱਕਲ ਆਇਆ। ਜੌਹਰੀ ਨੇਂ ਹੈਰਾਨੀ ਪ੍ਰਗਟ ਕਰਦੇ ਹੋਏ ਪੁੱਛਿਆ ਕਿ ਤੈਨੂੰ ਕਿਵੇਂ ਪਤਾ ਲੱਗਿਆ ਕਿ ਇਸੇ ਚੂਹੇ ਨੇ ਹੀ ਮੇਰਾ ਹੀਰਾ ਨਿਗਲਿਆ ਹੈ। ਸ਼ਿਕਾਰੀ ਕਹਿੰਦਾ, ਜਿਸ ਨੂੰ ਦੌਲਤ, ਸ਼ੋਹਰਤ, ਪੈਸਾ, ਆਦਿ ਮਿਲ ਜਾਂਦਾ ਹੈ ਉਹ ਫਿਰ ਆਪਣੇ ਸਾਥੀਆਂ ਵਿੱਚ ਨਹੀਂ ਰਲਦਾ। ਸਾਡਾ ਵੀ ਇਹੀ ਹਾਲ ਹੈ। ਥੋੜ੍ਹਾ ਜਿਹਾ ਪੈਸਾ, ਸ਼ੋਹਰਤ ਮਿਲੀ ਨਹੀਂ ਕਿ ਅਸੀਂ ਦੂਸਰਿਆਂ ਨਾਲ ਗੱਲ ਕਰਨੀ ਹੀ ਛੱਡ ਜਾਂਦੇ ਹਾਂ।

✲✲✲

# ਇੱਕ ਅਰਦਾਸ

ਗੁਰੂ ਨਾਨਕ ਸੱਚੇ ਪਾਤਸ਼ਾਹ, ਸਾਨੂੰ ਏਕਾ ਤੇ ਇਤਫਾਕ ਦੇ।
ਪਿਆਰ ਮੁਹੱਬਤ ਪਾਕ ਦੇ, ਰੋਜ਼ੀ ਰਿਜ਼ਕ ਰਿਜ਼ਾਕ ਦੇ।
ਕੁਝ ਪਾਣੀ ਸੁੱਚਾ ਸਾਫ ਦੇ, ਕੁਝ ਬਾਣੀ ਦਾ ਪਰਤਾਪ ਦੇ।
ਅੰਨਦਾਤੇ ਤੂੰ ਇਨਸਾਫ ਦੇ, ਮੱਤ ਪੱਤ ਹਵਾਲੇ ਆਪ ਦੇ।
ਗੁਰੂ ਨਾਨਕ ਸੱਚੇ ਪਾਤਿਸ਼ਾਹ, ਸਾਨੂੰ ਬਖਸ਼ ਦੇ, ਕਰ ਮਾਫ ਦੇ।

ਮਜ਼ਦੂਰਾਂ ਨੂੰ ਮਜ਼ਦੂਰੀਆਂ, ਦੇ ਸਭ ਨੂੰ ਸਬਰ ਸਬੂਰੀਆਂ।
ਕਰ ਨੇਕ ਮੁਰਾਦਾਂ ਪੂਰੀਆਂ, ਗਾਵਾਂ ਤੇ ਮੱਝਾਂ ਬੂਰੀਆਂ।
ਦੁੱਧ ਘਿਉ ਜਪੁਜੀ ਦਾ ਜਾਪ ਦੇ, ਹੱਥ ਜੋੜ ਤੁਸਾਂ ਨੂੰ ਆਖਦੇ।
ਗੁਰੂ ਨਾਨਕ ਸੱਚੇ ਪਾਤਿਸ਼ਾਹ, ਸਾਨੂੰ ਬਖਸ਼ ਦੇ ਕਰ ਮਾਫ ਦੇ।

ਅਸੀਂ ਕਲਜੁਗੀ ਜੀਅ ਸੰਸਾਰ ਦੇ, ਤੇ ਭਰੇ ਹੋਏ ਹੰਕਾਰ ਦੇ।
ਨਿੰਦਿਆ ਚੁਗਲੀ ਤੇ ਤੋਹਮਤਾਂ, ਵਿੱਚ ਟੱਕਰਾਂ ਫਿਰਦੇ ਮਾਰਦੇ।
ਤੁਸੀਂ ਲੱਖਾਂ ਹੀ ਦੁਨੀਆ ਤਾਰਤੀ, ਇਸ ਮਰ ਜਾਣੇ ਨੂੰ ਵੀ ਤਾਰ ਦੇ।
ਇਹ ਸਾਰੀ ਦੁਨੀਆ ਤਾਰ ਦੇ, ਇਹ ਸਾਰੀ ਦੁਨੀਆ ਤਾਰ ਦੇ।
ਗੁਰੂ ਨਾਨਕ ਸੱਚੇ ਪਾਤਿਸ਼ਾਹ, ਸਾਨੂੰ ਬਖਸ਼ ਦੇ ਕਰ ਮਾਫ ਦੇ।

***

*(ਕਿਸੇ ਨੇ ਇਹ ਕਵਿਤਾ ਗਾ ਕੇ ਭੇਜੀ ਹੈ,*
*ਮੈਂ ਸਿਰਫ ਉਸ ਨੂੰ ਲਿਖਤੀ ਰੂਪ ਦਿੱਤਾ ਹੈ)*

# ਸੰਤੁਸ਼ਟੀ

ਆਦਮੀ ਸੰਤੁਸ਼ਟ ਪੇਟ ਭਰ ਕੇ ਖਾਣ ਨਾਲ਼ ਨਹੀਂ ਹੁੰਦਾ, ਸਗੋਂ ਨੀਅਤ ਭਰਨ 'ਤੇ ਹੀ ਤ੍ਰਿਪਤ ਹੁੰਦਾ ਹੈ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਅਜੇ ਛੋਟੇ ਬੱਚੇ ਹੀ ਸੀ ਅਤੇ ਸਕੂਲ ਵਿੱਚ ਹੀ ਪੜ੍ਹਦੇ ਹੁੰਦੇ ਸੀ ਤਾਂ ਜੇਕਰ ਕੋਈ ਮਹਿਮਾਨ, ਖ਼ਾਸ ਕਰਕੇ ਕਨੇਡਾ ਤੋਂ ਕੋਈ ਮਹਿਮਾਨ ਆਉਣਾ ਹੁੰਦਾ ਸੀ ਤਾਂ ਘਰ ਦਿਆਂ ਨੇ ਕਹਿਣਾ, ਦੁਕਾਨ ਤੋਂ ਕੋਕਾ ਕੋਲਾ ਦੀ ਬੋਤਲ ਫ਼ੜ ਕੇ ਲਿਆਓ। ਮਹਿਮਾਨ ਦੇ ਆਉਣ ਦੀ ਖ਼ੁਸ਼ੀ ਤਾਂ ਘਰ ਵਾਲਿਆਂ ਨੂੰ ਹੁੰਦੀ ਸੀ। ਸਾਨੂੰ ਬੱਚਿਆਂ ਨੂੰ ਖ਼ੁਸ਼ੀ ਹੁੰਦੀ ਸੀ ਕਿ ਕਦੋਂ ਮਹਿਮਾਨ ਜਾਵੇ ਅਤੇ ਬਚੀ ਹੋਈ ਕੋਕਾ ਕੋਲਾ ਦੀ ਬੋਤਲ ਵਿਚਲਾ ਸੋਡਾ ਸਾਨੂੰ ਬੱਚਿਆਂ ਨੂੰ ਥੋੜ੍ਹਾ-ਥੋੜ੍ਹਾ ਗਲਾਸਾਂ ਵਿੱਚ ਪਾ ਕੇ ਮਿਲੇ।

ਇੱਕ ਜਾਤੀ ਤਜ਼ੁਰਬਾ ਸਾਂਝਾ ਕਰਨਾ ਚਾਹਾਂਗਾ। ਇਹ ਕਹਾਣੀ ਸਿਰਫ਼ ਮੇਰੀ ਹੀ ਨਹੀਂ ਸਗੋਂ ਸਾਡੇ ਹਾਣ ਦੇ ਸਾਰੇ ਸਾਥੀਆਂ ਦੀ ਹੀ ਹੈ। ਸਾਡੇ ਬੱਚੇ ਜਦ ਪਹਿਲੀ ਵਾਰ ਨਿਊਜ਼ੀਲੈਂਡ ਦੀ ਧਰਤੀ 'ਤੇ ਪਹੁੰਚੇ ਤਾਂ ਸਾਡੀ ਗਰੋਸਰੀ ਦੀ ਸ਼ੌਪਿੰਗ ਦਾ ਤੀਜਾ ਹਿੱਸਾ ਕੇਵਲ ਤੇ ਕੇਵਲ ਕੋਕ, ਪੈਪਸੀ ਆਦਿ ਅਤੇ ਆਈਸ ਕਰੀਮ ਦੀ ਖਰੀਦ 'ਤੇ ਹੀ ਖ਼ਰਚ ਹੁੰਦਾ ਸੀ। ਇਹ ਸਿਲਸਿਲਾ ਕੋਈ ਤਿੰਨ-ਚਾਰ ਮਹੀਨੇ ਤੱਕ ਚੱਲਿਆ ਤੇ ਉਸ ਤੋਂ ਬਾਅਦ ਆਈਸ ਕਰੀਮ ਖਾ-ਖਾ ਕੇ ਅਤੇ ਕੋਕ ਪੀ ਕੇ ਬੱਚਿਆਂ ਦਾ ਮੂੰਹ ਮੁੜ ਗਿਆ ਤਾਂ ਇਨ੍ਹਾਂ ਨੇ ਇਸ ਸਭ ਕੁਝ ਵੱਲ ਦੇਖਣਾ ਵੀ ਬੰਦ ਕਰ ਦਿੱਤਾ।

ਇਨਸਾਨ ਦੀ ਸੰਤੁਸ਼ਟੀ ਪੇਟ ਭਰ ਕੇ ਖਾਣ ਨਾਲ ਨਹੀਂ ਸਗੋਂ ਨੀਅਤ ਭਰਨ ਨਾਲ਼ ਹੁੰਦੀ ਹੈ। ਹੁਣ ਉਹੀ ਬੱਚੇ ਹਨ, ਜਿਹੜੇ ਕਦੇ ਇਨ੍ਹਾਂ ਚੀਜਾਂ ਵੱਲ ਧਿਆਨ ਵੀ ਨਹੀਂ ਦਿੰਦੇ। ਸਾਨੂੰ ਆਪਣੀ ਨੀਅਤ ਭਰ ਲੈਣੀ ਚਾਹੀਦੀ ਹੈ ਨਾਂ ਕਿ ਪੇਟ।

✲✲✲

# ਈਮਾਨਦਾਰੀ

ਮੇਰੇ ਇੱਕ ਦੋਸਤ ਨੇ ਦੱਸਿਆ ਕਿ 1987 ਵਿੱਚ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਦੌਰਾਨ ਸਾਨੂੰ dry Fruit ਦੀ ਖਰੀਦਦਾਰੀ ਕਰਨ ਲਈ ਰਾਵਲਪਿੰਡੀ ਸ਼ਹਿਰ ਜਾਣ ਦਾ ਮੌਕਾ ਮਿਲਿਆ। ਸਾਨੂੰ ਇੱਕ ਸਪੈਸ਼ਲ ਪੁਲਿਸ escort ਵਾਲੀ ਬੱਸ ਵਿੱਚ ਲਿਜਾਇਆ ਗਿਆ। ਮੈਨੂੰ ਅੱਜ ਵੀ ਯਾਦ ਹੈ ਕਿ ਉਹ ਮਾਰਕੀਟ u shape ਦੀ ਬਣੀ ਹੋਈ ਸੀ।

ਮਾਰਕੀਟ ਦੇ ਅੰਦਰ ਵੜ੍ਹਨ ਸਾਰ ਹੀ ਇੱਕ ਦੁਕਾਨਦਾਰ ਨੂੰ ਮੈਂ ਅਦਬ ਨਾਲ ਪਿਸਤੇ ਦਾ ਮੁੱਲ ਪੁੱਛਿਆ ਤਾਂ ਉਸ ਨੇ ਹੱਥ ਜੋੜ ਕੇ ਕਿਹਾ ਕਿ ਭਾਈ ਸਹਿਬ ਅੱਗੇ ਜਾਓ ਮੈਂ ਵੇਚਣੇ ਨਹੀਂ। ਮੈਨੂੰ ਥੋੜ੍ਹਾ ਅਜੀਬ ਜਿਹਾ ਲੱਗਿਆ ਕਿ ਭਾਈ ਤੂੰ ਸਵੇਰੇ ਸਵੇਰੇ ਦੁਕਾਨ ਸਜਾਈ ਹੈ ਵੇਚਣ ਲਈ ਹੀ ਲਗਾਈ ਹੈ। ਮੇਰੇ ਇਸ ਤਰ੍ਹਾਂ ਦਾ ਸਵਾਲ ਕਰਨ ’ਤੇ ਉਸ ਨੇ ਬੜੇ ਅਦਬ ਨਾਲ ਜਵਾਬ ਦਿੱਤਾ ਕਿ ਭਾਈ ਸਾਹਿਬ ਤੁਸੀਂ ਦੂਸਰੇ ਮੁਲਕ ਤੋਂ ਆਏ ਹੋ ਅਤੇ ਇਹ ਮੇਰਾ ਫਰੂਟ ਪਿਛਲੇ ਸਾਲ ਦਾ ਹੈ ਮੈਂ ਤੁਹਾਨੂੰ ਨਹੀਂ ਵੇਚਣਾ ਕਿਉਂਕਿ ਤੁਸੀਂ ਆਪਣੇ ਮੁਲਕ ਵਾਪਿਸ ਜਾ ਕੇ ਮੇਰੇ ਬਾਰੇ ਅਤੇ ਮੇਰੇ ਮੁਲਕ ਬਾਰੇ ਬੁਰਾ ਭਲਾ ਕਹੋਗੇ, ਮੇਰਾ ਤਾਂ ਇਹ ਸਮਾਨ ਇੱਥੇ ਵਿਕ ਹੀ ਜਾਣਾ ਹੈ ਅਤੇ ਮੈਂ ਨਹੀਂ ਚਾਹੁੰਦਾ ਕਿ ਮੇਰਾ ਅਤੇ ਮੇਰੇ ਮੁਲਕ ਦਾ ਨਾਮ ਬਾਹਰ ਜਾ ਕੇ ਬਦਨਾਮ ਹੋਵੇ। ਸਾਨੂੰ ਕੁੱਝ ਸਿੱਖਣਾ ਚਾਹੀਦਾ ਹੈ ਇਸ ਤੋਂ।

✲✲✲

# ਜਿਸ ਕਉ ਰਾਖੈ ਸਿਰਜਣਹਾਰੁ

ਇਹ ਗੱਲ ਮਈ-ਜੂਨ 1992 ਦੀ ਹੈ। ਮੈਨੂੰ ਟਾਈਫਾਇਡ ਬੁਖਾਰ ਹੋ ਗਿਆ। ਉਸ ਤੋਂ ਬਾਅਦ, ਮੈਂ ਢੀਠ ਇਨਸਾਨ, ਦੋ ਗੋਲੀਆਂ ਖਾਣੀਆਂ ਅਤੇ ਖਾ ਕੇ ਕੰਮ 'ਤੇ ਚਲੇ ਜਾਣਾ। ਉਸਦਾ ਅਸਰ ਇਹ ਹੋਇਆ ਕਿ ਟਾਈਫਾਇਡ ਵਿਗੜਦਾ-ਵਿਗੜਦਾ ਵਿਗੜ ਗਿਆ। ਜਿਸ ਕਾਰਨ ਮੈਨੂੰ ਦਸਤ ਲੱਗ ਗਏ ਅਤੇ ਦਸਤ ਦੇ ਨਾਲ-ਨਾਲ ਖੂਨ ਆਉਣ ਲੱਗ ਪਿਆ। ਮੈਂ ਫਿਰ ਵੀ ਪਰਵਾਹ ਜ਼ਿਆਦਾ ਨਾ ਕੀਤੀ। ਇੱਕ ਦਿਨ ਹਾਲਤ ਜ਼ਿਆਦਾ ਵਿਗੜ ਗਈ। ਮੈਨੂੰ ਲੁਧਿਆਣਾ ਦੇ ਡੀ.ਐਮ.ਸੀ ਹਸਪਤਾਲ ਵਿੱਚ ਦਾਖਲ ਕਰਵਾਉਣ ਲਈ ਲਿਜਾਣਾ ਪਿਆ। ਮੁਢਲੀ ਸਹਾਇਤਾ ਮੋਗੇ ਤੋਂ ਹੀ ਲਈ ਗਈ, ਜਿਸ ਵਿੱਚ ਉਹਨਾਂ ਨੇ ਬੋਤਲ ਗਲੂਕੋਸ਼ ਦੀ ਲਗਾ ਕੇ ਤੋਰ ਦਿੱਤਾ। ਐਂਬੂਲੈਂਸ ਰਾਹੀਂ ਅਸੀਂ ਲੁਧਿਆਣਾ ਲਈ ਜਾ ਰਹੇ ਸੀ ਕਿ ਹਾਲਤ ਬਹੁਤ ਨਾਜ਼ੁਕ ਹੁੰਦੀ ਜਾ ਰਹੀ ਸੀ।

ਲੁਧਿਆਣਾ ਤੋਂ ਤਕਰੀਬਨ 10 ਕੁ ਮਿੰਟ ਦੀ ਦੂਰੀ 'ਤੇ, ਮੇਰੇ ਨਾਲ ਜੋ ਡਾਕਟਰ ਸੀ ਉਸ ਨੇ ਮੇਰੇ ਘਰਦਿਆਂ ਨੂੰ ਮੇਰੀ ਨਬਜ਼ ਅਤੇ ਦਿਲ ਦੀ ਧੜਕਣ ਦੇਖ ਕੇ ਕਹਿ ਦਿੱਤਾ ਕਿ ਇਹ ਹੁਣ ਨਹੀਂ ਰਿਹਾ, ਭਾਵ ਮੌਤ ਹੋ ਗਈ ਹੈ। ਮੇਰੀ ਸੁਪਤਨੀ, ਮੇਰਾ ਭਰਾ, ਮੇਰੇ ਮਾਤਾ ਜੀ, ਮੇਰਾ ਸਾਢੂ ਤੇ ਮੇਰੀ ਸਾਲੀ ਨਾਲ ਸਨ। ਮੇਰੇ ਨਾਲ ਬੈਠੇ ਮੇਰੇ ਸਾਂਢੂ ਨੇ, ਡਾਕਟਰ ਹੋਣ ਦੇ ਨਾਤੇ ਆਪਣਾ ਤਜਰਬਾ ਵਰਤਦੇ ਹੋਏ ਮੇਰਾ ਮੂੰਹ ਜ਼ਬਰਦਸਤੀ ਖੋਲ ਕੇ ਵਿੱਚ ਪਾਣੀ ਦੀ ਬੋਤਲ ਪਲਟ ਦਿੱਤੀ। ਫਿਰ ਪਤਾ ਨਹੀਂ ਕਿ ਉਹ ਪਾਣੀ ਕਿੱਥੇ ਜਾ ਕੇ ਲੱਗਿਆ ਕਿ ਮੇਰੀ ਦਿਲ ਦੀ ਧੜਕਣ ਦੁਬਾਰਾ ਸ਼ੁਰੂ ਹੋ ਗਈ ਅਤੇ ਐਨੇ ਸਮੇਂ ਵਿੱਚ ਸਾਡੀ ਐਂਬੂਲੈਂਸ ਡੀ.ਐਮ.ਸੀ ਹਸਪਤਾਲ ਦੇ ਸਾਹਮਣੇ ਪਹੁੰਚ ਚੁੱਕੀ ਸੀ। ਉੱਥੇ ਜਾ ਕੇ ਜੋ ਉਹਨਾਂ ਦਾ ਸਿਸਟਮ ਹੈ, ਸਟਰੈਚਰ 'ਤੇ ਪਾ ਕੇ ਐਮਰਜੈਂਸੀ ਲੈ ਗਏ। ਮੁੱਢਲੇ ਟੈਸਟ ਵਗੈਰਾ ਕਰਨ ਤੋਂ ਬਾਅਦ ਡਾਕਟਰ ਸਾਹਿਬ ਨੇ ਦੱਸਿਆ ਕਿ ਖੂਨ ਦੀ ਬਹੁਤ ਕਮੀ ਹੈ, ਉਸ ਸਮੇਂ ਮੇਰਾ ਐਚ.ਬੀ (HB) ਸਿਰਫ ਚਾਰ ਪੁਆਇੰਟ ਪੰਜ ਗ੍ਰਾਮ ਸੀ। ਜਿਸ ਤਰ੍ਹਾਂ ਦੇ ਉੱਥੋਂ ਦਾ ਸਿਸਟਮ ਹੈ, ਡਾਕਟਰਾਂ ਦੀ ਹਦਾਇਤ ਅਨੁਸਾਰ ਉਥੋਂ ਦੇ ਸਟਾਫ ਨੇ ਦੱਸਿਆ ਕਿ ਇਸ ਨੂੰ ਖੂਨ ਦੀਆਂ ਬੋਤਲਾਂ ਲਗਾਉਣੀਆਂ ਪੈਣਗੀਆਂ ਅਤੇ ਗੁਲੂਕੋਸ਼ ਵੀ ਨਾਲ-ਨਾਲ ਚੱਲੇਗਾ।

ਉੱਥੇ ਦਾਸ 19 ਦਿਨ ਦਾਖਲ ਰਿਹਾ ਜਿਸ ਦੌਰਾਨ ਪੰਜ ਛੇ ਦਿਨ ਆਈ.ਸੀ.ਯੂ (I.C.U) ਵੀ ਰੱਖਿਆ ਗਿਆ। ਇਸ ਸਮੇਂ ਦੌਰਾਨ 13 ਬੋਤਲਾਂ ਖੂਨ ਦੀਆਂ ਅਤੇ ਤਕਰੀਬਨ 125 ਬੋਤਲ ਗੁਲੂਕੋਜ਼ ਦੀਆਂ ਲੱਗੀਆਂ। ਇੱਥੇ ਹੀ ਬਸ ਨਹੀਂ ਇਸ ਦੌਰਾਨ ਜਦੋਂ ਐਕਸਰੇ ਕਰਨ ਲਈ ਮੈਨੂੰ ਐਕਸਰੇ ਵਾਲੇ ਕਮਰੇ ਵਿੱਚ ਲੈ ਕੇ ਗਏ ਤਾਂ ਉੱਥੇ ਵੀ ਮੇਰੇ ਨਾਲ ਉਹੀ ਹਾਲ ਹੋਇਆ ਜੋ ਮੋਗਾ ਤੋਂ ਲੁਧਿਆਣੇ ਜਾਂਦੇ ਰਸਤੇ ਵਿੱਚ ਹੋਇਆ ਸੀ। ਇਸ ਤਰ੍ਹਾਂ ਦੋ ਵਾਰ ਹੋਇਆ। ਡਾਕਟਰ ਵੀ

ਹੈਰਾਨ ਸਨ ਕਿ ਇੰਨੇ ਘੱਟ ਖ਼ੂਨ ਨਾਲ ਇਨਸਾਨ ਬਚਿਆ ਕਿਵੇਂ ਰਹਿ ਸਕਦਾ ਹੈ? 'ਜਿਸ ਕਉ ਰਾਖੈ ਸਿਰਜਣਹਾਰੁ।'

ਜਿਸ ਦਿਨ ਮੈਨੂੰ ਹਸਪਤਾਲ 'ਚੋਂ ਛੁੱਟੀ ਮਿਲੀ ਤਾਂ ਸੱਚ ਮੰਨਣਾ ਮੈਨੂੰ ਤੁਰਨਾ ਹੀ ਭੁੱਲ ਗਿਆ ਸੀ ਕਿਉਂਕਿ ਲਗਾਤਾਰ 19 ਦਿਨ ਮੈਂ ਮੰਜੇ 'ਤੇ ਹੀ ਪਿਆ ਰਿਹਾ। ਉਸ ਤੋਂ ਬਾਅਦ ਅਸਟ੍ਰੇਲੀਆ ਆ ਕੇ ਵੀ ਅਜਿਹੇ ਚਮਤਕਾਰ ਦੋ ਵਾਰ ਹੋਏ ਹਨ। ਇਸ ਦੌਰਾਨ ਮੇਰਾ ਸਾਹ ਬਿਲਕੁਲ ਹੀ ਬੰਦ ਹੋ ਗਿਆ ਸੀ ਅਤੇ ਮੇਰੀ ਛਾਤੀ ਬਿਲਕੁਲ ਜਾਮ ਹੋ ਚੁੱਕੀ ਸੀ, ਕੀ ਕਾਰਨ ਸੀ, ਮੈਨੂੰ ਨਹੀਂ ਪਤਾ। ਇੱਕ ਵਾਰ ਤਾਂ ਮੈਂ ਸ਼ਹਿਰ ਵਿੱਚ ਕਾਰ ਚਲਾ ਰਿਹਾ ਸੀ, ਟਰੈਫਿਕ ਲਾਈਟ ਉੱਪਰ ਮੈਂ ਆਪਣੇ ਸੱਜੇ ਹੱਥ ਨੂੰ ਮੁੜਨ ਲਈ ਖੜ੍ਹਾ ਸੀ ਕਿ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਸ ਤਰ੍ਹਾਂ ਮੇਰੇ ਸਰੀਰ ਦੀ ਬੈਟਰੀ ਕਿਸੇ ਨੇ ਬੰਦ ਕਰ ਦਿੱਤੀ ਹੈ ਅਤੇ ਇੱਕਦਮ ਅੱਖਾਂ ਮੂਹਰੇ ਹਨ੍ਹੇਰਾ ਜਿਹਾ ਆ ਗਿਆ ਪਰ ਪਤਾ ਨਹੀਂ ਉਹ ਕਿਹੜੀ ਸ਼ਕਤੀ ਸੀ ਜਿਸ ਨੇ ਉਹ ਬੈਟਰੀ ਦੋਬਾਰਾ ਚਾਲੂ ਕਰ ਦਿੱਤੀ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਟਰੈਫਿਕ ਲਾਈਟ ਕਿੰਨੇ ਚਿਰ ਲੰਬੀ ਹੁੰਦੀ ਹੈ। ਇਸੇ ਇੱਕ ਦੋ ਮਿੰਟ ਵਿੱਚ ਹੀ ਇਹ ਸਭ ਕੁਝ ਵਾਪਰਿਆ।

ਸੋ ਜੇਕਰ ਪਰਮਾਤਮਾ ਨੂੰ ਤੁਸੀਂ ਹਰ ਵਕਤ ਹਾਜ਼ਰ ਨਾਜ਼ਰ ਮੰਨਦੇ ਹੋ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਤੁਹਾਨੂੰ ਕੋਈ ਕਿਸੇ ਕਿਸਮ ਦੀ ਸਮੱਸਿਆ ਦਰਪੇਸ਼ ਆਏਗੀ, ਕਿਉਂਕਿ ਸਮੱਸਿਆ ਦਾ ਹੱਲ ਵੀ ਤਾਂ ਉਸੇ ਨੇ ਕਰਨਾ ਹੈ। ਜਦੋਂ ਤੁਸੀਂ ਹਰ ਕੰਮ, ਹਰ ਗੱਲ, ਹਰ ਮਸਲਾ ਉਸ ਵਾਹਿਗੁਰੂ ਉੱਪਰ ਛੱਡ ਦਿੰਦੇ ਹੋ ਤਾਂ ਉਹ ਕਦੇ ਵੀ ਤੁਹਾਡੇ ਨਾਲ ਨਾ-ਇਨਸਾਫੀ ਨਹੀਂ ਕਰੇਗਾ। ਇਹ ਮੇਰੇ ਕੁਝ ਨਿੱਜੀ ਤਜਰਬੇ ਮੇਰੀ ਜ਼ਿੰਦਗੀ ਦੇ ਹਨ। ਹੋਰ ਵੀ ਬਹੁਤ ਹਨ, ਸਾਰਾ ਕੁਝ ਇੱਕ ਥਾਂ ਤੇ ਲਿਖਣਾ ਸੰਭਵ ਨਹੀਂ ਹੈ।

ਜ਼ਿੰਦਗੀ ਵਿੱਚ ਬਹੁਤ ਅਜਿਹੇ ਮੋੜ ਆਏ ਹਨ ਜਦ ਮੈਨੂੰ ਕੋਈ ਤਕਲੀਫ ਜਾਂ ਸਮੱਸਿਆ ਖੜ੍ਹੀ ਹੋਈ ਹੈ ਤਾਂ ਸਮੱਸਿਆ ਮੂਹਰੇ ਆਉਣ ਤੋਂ ਪਹਿਲਾਂ ਹੀ ਉਸਦਾ ਸਮਾਧਾਨ ਮੇਰੇ ਸਾਹਮਣੇ ਖੜ੍ਹਾ ਹੁੰਦਾ ਹੈ। ਇੱਕ ਵਾਰ ਨਹੀਂ, ਦੋ ਵਾਰ ਨਹੀਂ, ਬਹੁਤ ਵਾਰ ਹੋਇਆ ਹੈ। ਸੋ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਇੱਕ ਵਾਰ ਨਹੀਂ ਕਈ ਵਾਰ ਆਪਣੀਆਂ ਅੱਖਾਂ ਨਾਲ ਉਸ ਪਰਮਾਤਮਾ ਨੂੰ ਦੇਖਿਆ ਹੈ ਕਿਉਂਕਿ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਕੋਈ ਨਾ ਕੋਈ ਰੱਬ ਦਾ ਰੂਪ ਬਣਿਆ ਹੋਇਆ ਮੇਰੇ ਸਾਹਮਣੇ ਆ ਕੇ ਖੜ੍ਹ ਜਾਂਦਾ ਹੈ। ਇਹ ਪਰਮਾਤਮਾ ਹੀ ਤਾਂ ਹੈ, ਹੋਰ ਪਰਮਾਤਮਾ ਦਾ ਕੋਈ ਰੂਪ ਵੱਖਰਾ ਨਹੀਂ ਹੈ। ਇਹ ਇਨਸਾਨੀ ਰੂਪ ਹੀ ਪਰਮਾਤਮਾ ਦੇ ਰੂਪ ਹਨ। ਸਾਡੇ ਬਚਪਨ ਵਿੱਚ ਸਾਡੇ ਮਾਤਾ-ਪਿਤਾ, ਵੱਡੇ ਭੈਣ-ਭਰਾ ਰੱਬ ਦਾ ਰੂਪ, ਜਵਾਨ ਹੋ ਗਏ ਤਾਂ ਜੀਵਨ ਸਾਥੀ ਸਾਡੇ ਲਈ ਰੱਬ ਦਾ ਰੂਪ, ਅਸੀਂ ਬੁੱਢੇ ਹੋ ਗਏ ਹੁਣ ਸਾਡੇ ਬੱਚੇ ਸਾਡੇ ਲਈ ਰੱਬ ਦਾ ਰੂਪ। ਹੋਰ ਰੱਬ ਦਾ ਰੂਪ ਕੀ ਹੁੰਦਾ ਹੈ? ਇਹ ਸਭ ਰੱਬ ਦਾ ਰੂਪ ਹੀ ਹੈ। ਜੇ ਤੁਸੀਂ ਮੰਨਦੇ ਹੋ ਤਾਂ ਇਹ ਠੀਕ, ਨਹੀਂ ਮੰਨਦੇ ਤਾਂ ਰੱਬ ਰਾਖਾ।

# ਕੈਨੇਡਾ ਦੇ ਵਿਆਹ

ਲਓ ਜੀ, ਅੱਜ ਤੁਹਾਨੂੰ ਕੈਨੇਡਾ ਦੇ ਵਿਆਹ ਕਿਹੋ ਜਿਹੇ ਹੁੰਦੇ ਹਨ, ਇਸ ਬਾਰੇ ਦੱਸਦੇ ਹਾਂ। ਇਸ ਸਾਲ ਮਈ 2024 ਦੇ ਮਹੀਨੇ ਵਿੱਚ ਕੈਨੇਡਾ ਜਾਣ ਦਾ ਇਹ ਮੇਰਾ ਤੀਸਰਾ ਅਵਸਰ ਸੀ। ਇਸ ਤੋਂ ਪਹਿਲਾਂ 2017 ਅਤੇ 2019 ਵਿੱਚ ਵੀ ਜਾਣ ਦਾ ਮੌਕਾ ਮਿਲਿਆ ਸੀ, ਫਰਕ ਇਹ ਸੀ ਕਿ ਦੋਨੋਂ ਵਾਰ ਮੈਂ ਇਕੱਲਾ ਗਿਆ ਸੀ ਤੇ ਇਸ ਵਾਰ ਮੇਰੀ ਪਤਨੀ ਮੇਰੇ ਨਾਲ ਗਈ ਸੀ। ਵਿਆਹ ਇੱਥੇ ਅਸਟ੍ਰੇਲੀਆ ਵਿੱਚ ਵੀ ਵੇਖਦੇ ਹਾਂ, ਭਾਰਤ ਵਿੱਚ ਵੀ, ਵੱਧ ਤੋਂ ਵੱਧ ਤਿੰਨ ਜਾਂ ਚਾਰ ਦਿਨ ਵਿੱਚ ਵਿਆਹ ਨਿਪਟ ਜਾਂਦਾ ਹੈ ਪਰ ਉੱਥੇ ਦੇਖਿਆ ਕਿ ਵਿਆਹ ਨੌਂ-ਦਸ ਦਿਨ ਲਗਾਤਾਰ ਚਲਦੇ ਹਨ। ਬੰਦਾ ਪੁੱਛੇ ਹਰ ਰੋਜ਼ ਇਹ ਤਲਿਆ ਹੋਇਆ ਮਾਲ ਖਾ-ਖਾ ਕੇ ਬੰਦੇ ਦਾ ਹਾਜਮਾ ਖਰਾਬ ਨਹੀਂ ਹੁੰਦਾ, ਪੇਟ ਖਰਾਬ ਨਹੀਂ ਹੁੰਦਾ? ਜੇ ਖਾਵੇ ਤਾਂ ਆਪ ਦੁਖੀ, ਨਾ ਖਾਵੇ ਤਾਂ ਖਾਵੇ ਕੀ? ਜਿਹੜੇ ਮੈਂ ਵਿਆਹ ਗਿਆ ਸੀ, ਇਹ ਮੇਰੀ ਮਾਸੀ ਦੀ ਦੋਹਤੀ ਦਾ ਸੀ। ਸਾਲ 2019 ਵਿੱਚ ਵੀ ਇਸ ਲੜਕੀ ਦੀ ਵੱਡੀ ਭੈਣ ਦੇ ਵਿਆਹ ਗਿਆ ਸੀ। ਇਸ ਵਾਰ ਵਿਆਹ ਦੇ ਸਾਰੇ ਸਮਾਗਮਾਂ ਵਿੱਚ ਇਹ ਧਿਆਨ ਵਿੱਚ ਰੱਖ ਕੇ ਸ਼ਾਮਿਲ ਹੋਏ ਕਿ ਕੁਝ ਲਿਖਿਆ ਜਾਵੇ, ਉੱਥੋਂ ਦੇ ਰੀਤੀ-ਰਿਵਾਜਾਂ ਬਾਰੇ। ਵਿਆਹ ਦੇ ਸਮਾਗਮ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਸੱਦਾ ਆਇਆ ਕਿ ਜਿਹੜੇ-ਜਿਹੜੇ ਨਾਨਕੇ ਪਰਿਵਾਰ ਵੱਲੋਂ ਆਏ ਹੋਏ ਹਨ, ਉਹ ਇਕੱਠੇ ਹੋ ਕੇ ਇੱਕ ਜਗ੍ਹਾ ਤੋਂ ਵਿਆਹ ਵਾਲੇ ਘਰ ਵੱਲ ਜਾਣਗੇ। ਵਿਆਹ ਵਾਲਿਆਂ ਨੇ ਆਪਣੇ ਘਰ ਦੇ ਅੱਗੇ ਫੁੱਲਾਂ ਨਾਲ ਲਿਖ ਕੇ ਲਾਇਆ ਹੋਇਆ ਸੀ "ਵਿਆਹ ਵਾਲਾ ਘਰ।" ਅਸੀਂ ਤਕਰੀਬਨ 12-15 ਪਰਿਵਾਰ ਦੇ ਅਲੱਗ-ਅਲੱਗ ਮੈਂਬਰ ਇਕੱਠੇ ਹੋ ਕੇ ਨਾਨਕਾ ਮੇਲ ਦੇ ਤੌਰ 'ਤੇ ਵਿਆਹ ਵਾਲੇ ਘਰੇ ਗਏ। ਘਰ ਵਿੱਚ ਦਾਦਕਾ ਪਰਿਵਾਰ ਪਹਿਲਾਂ ਹੀ ਹਾਜ਼ਰ ਸੀ ਤੇ ਉੱਥੇ ਸਾਨੂੰ ਸਾਰਿਆਂ ਨੂੰ ਉਹਨਾਂ ਨੇ ਜੀ-ਆਇਆਂ ਕਿਹਾ। ਗੀਤ, ਦਾਦਕੇ-ਨਾਨਕਿਆਂ ਦੇ ਜਿਹੜੇ ਹੁੰਦੇ ਹਨ ਗਾਏ। ਉਸ ਤੋਂ ਬਾਅਦ ਚਾਹ ਪਾਣੀ ਪੀਤਾ ਗਿਆ ਤੇ ਸ਼ਾਮ ਦਾ ਖਾਣ-ਪੀਣ ਦਾ ਇੰਤਜਾਮ ਕੀਤਾ ਗਿਆ ਜਿਸ ਵਿੱਚ ਦਾਰੂ ਵੀ ਸ਼ਾਮਿਲ ਸੀ।

ਉਸ ਤੋਂ ਅਗਲੇ ਦਿਨ ਵੰਗਣੀਆਂ ਦੀ ਰਸਮ ਹੁੰਦੀ ਹੈ ਜਿਸ ਨੂੰ Bangle Ceremony ਵੀ ਕਹਿੰਦੇ ਹਨ। ਇਸ ਵਿੱਚ ਕੀ ਹੁੰਦਾ ਹੈ ਕਿ ਕੁੜੀ ਨੂੰ ਬਿਠਾ ਕੇ ਪਰਿਵਾਰ ਦੇ ਅਲੱਗ-ਅਲੱਗ ਮੈਂਬਰ ਇੱਕ-ਇੱਕ ਚੂੜੀ ਬਾਹਾਂ ਵਿੱਚ ਪਾਈ ਜਾਂਦੇ ਹਨ। ਇਹ ਪ੍ਰੋਗਰਾਮ ਵੀ ਸ਼ਾਮ ਦਾ ਸੀ। ਇਸ ਤੋਂ ਪਹਿਲਾਂ ਸਵੇਰ ਵੇਲੇ ਖਾਣ-ਪੀਣ ਦਾ ਇੰਤਜ਼ਾਮ ਪੂਰਾ ਸੀ ਜਿਸ ਵਿੱਚ ਕਈ ਤਰ੍ਹਾਂ ਦੇ ਪਕਵਾਨ ਗੋਲ-ਗੱਪੇ, ਪਾਪੜੀਆਂ, ਟਿੱਕੀਆਂ, ਦਹੀਂ ਭੱਲੇ ਅਤੇ ਹੋਰ ਪਤਾ ਨਹੀਂ ਕੀ ਕੁਝ। ਇਸ ਤੋਂ ਬਾਅਦ ਫਿਰ ਸ਼ਾਮ ਦਾ ਪ੍ਰੋਗਰਾਮ ਵੰਗਾਂ ਦੀ ਰਸਮ ਹੋਣ ਤੋਂ ਬਾਅਦ ਫਿਰ ਖਾਓ,

ਨੱਚੋ, ਗਿੱਧੇ ਭੰਗੜੇ ਪਾਓ ਤੇ ਰਾਤ ਦੇਰ 12 ਵਜੇ ਤੱਕ ਪ੍ਰੋਗਰਾਮ ਚਲਦੇ ਰਹਿੰਦੇ ਸਨ। ਕਿਸੇ ਰਾਤ ਵੀ 12 ਸਾਢੇ 12 ਵਜੇ ਤੋਂ ਪਹਿਲਾਂ ਕਦੇ ਨਹੀਂ ਸੀ ਸੁੱਤੇ।

ਇਸ ਤੋਂ ਬਾਅਦ ਅਗਲੇ ਦਿਨ ਲੇਡੀਜ਼ ਸੰਗੀਤ ਦਾ ਪ੍ਰੋਗਰਾਮ ਰੱਖਿਆ ਗਿਆ ਸੀ ਜੋ ਕਿ ਇੱਕ ਹਾਲ ਵਿੱਚ ਸੀ। ਉੱਥੇ ਵੀ ਕੁੜੀ ਵਾਲਿਆਂ ਦੇ ਪਰਿਵਾਰ ਨਾਲ ਸੰਬੰਧਤ ਸਾਰੇ ਰਿਸ਼ਤੇਦਾਰ ਅਤੇ ਸੱਜਣ ਮਿੱਤਰ ਆਏ ਹੋਏ ਸਨ। ਉੱਥੇ 200 ਤੋਂ 250 ਤੱਕ ਲੋਕਾਂ ਦਾ ਇਕੱਠ ਸੀ, ਖਾਣਾ ਪੀਣਾ, ਸਟਾਲਾਂ ਲੱਗੀਆਂ ਹੋਈਆਂ ਸਨ। ਸਟੇਜ ਬਣੀ ਹੋਈ ਸੀ, ਸਟੇਜ ਤੇ ਜਾ ਕੇ ਨੱਚਣਾ-ਟੱਪਣਾ, ਤਰਾਂ-ਤਰਾਂ ਦੇ ਗੀਤ ਗਾਉਣੇ, ਸਿੱਠਣੀਆਂ, ਮਿਹਣੇ ਬੋਲੀਆਂ, ਭੰਗੜੇ ਅਤੇ ਪਤਾ ਨਹੀਂ ਹੋਰ ਕੀ ਕੁਝ, ਹਰ ਕੋਈ ਆਪਣੀ ਪੂਰੀ ਵਾਹ ਲਾਉਂਦਾ ਹੈ ਕਿ ਸਭ ਤੋਂ ਵੱਧ ਮੈਂ ਹਿੱਸਾ ਪਾਵਾਂ। ਇੱਥੇ ਵੀ ਸਮਾਗਮ ਤਕਰੀਬਨ ਰਾਤ ਦੋ-ਢਾਈ-ਤਿੰਨ ਵਜੇ ਤੱਕ ਚਲਦਾ ਹੈ। ਰਾਤ ਨੂੰ 2 ਵਜੇ ਉੱਥੋਂ ਦੇ ਸਿਕਿਉਰਟੀ ਗਾਰਡ ਹੱਥ ਬੰਨ੍ਹ ਕੇ ਕੱਢਦੇ ਹਨ ਕਿ ਭਾਈ ਜਾਓ! ਇਸ ਤੋਂ ਲੇਟ ਸਮਾਗਮ ਨਹੀਂ ਚੱਲ ਸਕਦਾ, ਕਿਉਂਕਿ ਉਥੋਂ ਦੀ ਸਰਕਾਰ ਦੇ ਮੁਤਾਬਿਕ ਰਾਤ ਨੂੰ 2 ਵਜੇ ਤੋਂ ਬਾਅਦ ਤੁਸੀਂ ਕੋਈ ਸਮਾਗਮ ਨਹੀਂ ਕਰ ਸਕਦੇ, ਰੌਲਾ-ਰੱਪਾ ਨਹੀਂ ਕਰ ਸਕਦੇ।

ਲਓ ਜੀ ਅੱਗੇ ਆ ਗਈ ਮਹਿੰਦੀ। ਸਵੇਰੇ ਉੱਠੋ ਚਾਹ ਪੀਓ, ਬਿਸਕੁਟ ਖਾਓ, ਲੱਡੂ ਅਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਮਿਠਾਈਆਂ। ਸਾਰੀ ਦਿਹਾੜੀ ਖੱਟਾ-ਮਿੱਠਾ, ਦੁਪਹਿਰ ਦਾ ਖਾਣਾ, ਸਾਮ ਦਾ ਖਾਣਾ, ਨੂਡਲ, ਦਹੀਂ-ਭੱਲੇ, ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ, ਤਰ੍ਹਾਂ-ਤਰ੍ਹਾਂ ਦੇ ਪਕਵਾਨ, soft drink ਕਹਿਣ ਤੋਂ ਭਾਵ ਕਿ ਵਿਆਹ 'ਤੇ ਜਾ ਕੇ ਤੁਹਾਡਾ  ਹਾਜ਼ਮਾ ਰੱਜ ਕੇ ਖਰਾਬ ਹੁੰਦਾ ਹੈ। ਜੇ ਖਾਓ ਤਾਂ ਤੁਹਾਡਾ ਨੁਕਸਾਨ, ਸਰੀਰ ਦਾ ਨੁਕਸਾਨ, ਜੇ ਨਾ ਖਾਓ ਤਾਂ ਘਰ ਵਾਲੇ ਨਰਾਜ਼। ਬੰਦਾ ਜਾਏ ਤਾਂ ਕਿੱਧਰ ਜਾਏ। ਸ਼ਾਮ ਨੂੰ ਮਹਿੰਦੀ ਦੀ ਰਸਮ ਕੀਤੀ ਜਾਂਦੀ ਹੈ ਇਸ ਵਿੱਚ ਮਹਿੰਦੀ ਘੋਲ ਕੇ ਰੱਖੀ ਹੁੰਦੀ ਹੈ ਅਤੇ ਪਰਿਵਾਰ ਦੇ ਸਾਰੇ ਹੀ ਮੈਂਬਰ ਵਾਰੋ ਵਾਰੀ ਆਉਂਦੇ ਹਨ ਅਤੇ ਕੁੜੀ ਨੂੰ ਥੋੜ੍ਹੀ ਥੋੜ੍ਹੀ ਮਹਿੰਦੀ ਬਾਹਾਂ ਅਤੇ ਹੱਥਾਂ 'ਤੇ ਲਗਾਉਂਦੇ ਰਹਿੰਦੇ ਹਨ, ਕਹਿਣ ਤੋਂ ਭਾਵ ਕਿ ਘੰਟੇ ਡੇਢ ਘੰਟੇ ਵਿੱਚ ਕੁੜੀ ਦਾ ਹੁਲੀਆ ਹੀ ਬਦਲ ਦਿੰਦੇ ਹਨ। ਫਿਰ ਉਹੀ ਸ਼ਾਮ ਦਾ ਖਾਣਾ, ਪ੍ਰੋਗਰਾਮ ਰਾਤ ਦੇ 12 ਵਜੇ ਤੱਕ, ਫਿਰ ਤੋਂ ਉਹੀ ਰੌਲਾ ਰੱਪਾ ਅਤੇ ਹੁੱਲੜਬਾਜ਼ੀ।

ਅੱਜ ਮਾਈਆਂ ਹਨ ਜੀ। ਮਾਈਆਂ ਨੂੰ ਕੀ ਹੁੰਦਾ ਹੈ। ਫਿਰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਬਣਦੇ ਹਨ। ਵਿਆਹ ਵਾਲੀ ਕੁੜੀ ਦਾ ਖਵਾ-ਖਵਾ ਕੇ ਬੁਰਾ ਹਾਲ ਕਰ ਦਿੱਤਾ ਜਾਂਦਾ ਹੈ। ਇਸ ਵਿੱਚ ਵੀ ਜਿਹੜੇ ਪਕਵਾਨ ਪਹਿਲੇ ਦੋ ਦਿਨਾਂ ਵਿੱਚ ਰਹਿ ਗਏ ਸਨ, ਉਹ ਅੱਜ ਪਰੋਸੇ ਜਾਣਗੇ ਤੇ ਖਾਣ ਵਾਲਿਆਂ ਲਈ ਮੁਸੀਬਤ ਖੜ੍ਹੀ ਹੋਵੇਗੀ। ਇਹ ਪ੍ਰੋਗਰਾਮ ਵੀ ਸ਼ਾਮ ਨੂੰ ਸ਼ੁਰੂ ਹੋ ਕੇ ਦੇਰ ਰਾਤ ਤੱਕ ਚਲਦਾ ਹੈ। ਹਰ ਇੱਕ ਪ੍ਰੋਗਰਾਮ ਤੋਂ ਬਾਅਦ ਨੱਚਣਾ ਗਾਉਣਾ, ਢੋਲ ਢਮੱਕਾ, ਗਿੱਧੇ ਭੰਗੜੇ,

ਬੋਲੀਆਂ ਸਭ ਕੁਝ ਉਹੀ ਹੁੰਦਾ ਹੈ। ਹਰ ਰੋਜ਼ ਹੁੰਦਾ ਹੈ। ਗਾਉਣ ਵਾਲੇ ਵੀ ਉਹੀ ਹਨ, ਸੁਣਨ ਵਾਲੇ ਵੀ ਉਹੀ ਹਨ, ਕੁੜੀ ਵੀ ਉਹੀ ਹੈ, ਆਏ ਹੋਏ ਮਹਿਮਾਨ ਵੀ ਉਹੀ ਹਨ, ਇੱਕ ਸਿਰਫ ਨਵਾਂ ਨਾਂ ਦਿੱਤਾ ਜਾਂਦਾ ਹੈ ਕਿ ਅੱਜ ਰਸਮ ਇਹ ਹੈ, ਤੇ ਅੱਜ ਰਸਮ ਇਹ ਹੈ।

ਲਓ ਜੀ ਜਾਗੋ ਆ ਗਈ। 'ਜੱਟਾ ਜਾਗ ਬਈ ਹੁਣ ਜਾਗੋ ਆਈ ਆ'। ਅੱਜ ਦੀ ਜਾਗੋ ਵਿੱਚ, ਜਿਸ ਤਰ੍ਹਾਂ ਪੰਜਾਬ ਵਿੱਚ ਜਾਗੋ ਬਣਾਈ ਜਾਂਦੀ ਸੀ, ਉਹ ਤਾਂ ਉੱਥੇ ਨਹੀਂ ਹੈ ਲੇਕਿਨ ਉਸੇ ਤਰ੍ਹਾਂ ਦੀ ਹੀ ਬਿਜਲੀ ਦੀਆਂ ਲੜੀਆਂ ਲਾ ਕੇ ਜਾਗੋ ਤਿਆਰ ਕੀਤੀ ਜਾਂਦੀ ਹੈ। ਉਸ ਬਰਤਨ ਨੂੰ ਗੋਟਾ ਕੰਨੀ ਲਾ ਕੇ ਸਜਾਇਆ ਜਾਂਦਾ ਹੈ। ਨਾਨਕਿਆਂ ਦੇ ਸਿਰ 'ਤੇ ਰੱਖੀ ਜਾਂਦੀ ਹੈ। ਇਹ ਜਾਗੋ ਸਾਰੇ ਮਹੱਲੇ ਵਿੱਚ ਦੀ ਗੇੜਾ ਦਿੰਦੀ ਹੋਈ ਵਾਪਸ ਘਰੇ ਆਉਂਦੀ ਹੈ। ਇਸ ਦੌਰਾਨ ਵੀ ਖੂਬ ਢੋਲ-ਢਮੱਕਾ ਵੱਜਦਾ ਹੈ, ਪੂਰਾ ਜ਼ੋਰ ਲਾ ਕੇ ਰੌਲਾ ਪਾਇਆ ਜਾਂਦਾ ਹੈ। ਮਜ਼ਾਲ ਹੈ ਕਿ ਕੋਈ ਗਲੀ ਵਿੱਚ ਸੁੱਤਾ ਰਹਿ ਜਾਏ।

ਅਗਲੇ ਦਿਨ ਚੂੜੇ ਦੀ ਰਸਮ ਹੈ। ਕੁੜੀ ਨੂੰ ਨੁਹਾ ਕੇ, ਤਿਆਰ ਕਰਕੇ ਨਾਨਕਿਆਂ ਵੱਲੋਂ ਚੂੜਾ ਪਾਇਆ ਜਾਂਦਾ ਹੈ। ਜਿਸ ਵਿੱਚ ਮਾਮੇ-ਮਾਮੀਆਂ ਅਤੇ ਨਾਨਕਾ ਪਰਿਵਾਰ ਦੇ ਹੋਰ ਬਾਕੀ ਮੈਂਬਰ ਚੂੜੇ ਦੀ ਇੱਕ ਇੱਕ ਵੰਗ ਕਰਕੇ ਕੁੜੀ ਨੂੰ ਪਾਈ ਜਾਂਦੇ ਹਨ, ਦੋਨਾਂ ਹੱਥਾਂ ਵਿੱਚ ਅਤੇ ਉਸ ਤੋਂ ਬਾਅਦ ਫਿਰ ਉਹੀ ਖਾਣਾ, ਮਿੱਠਾ ਖਾਣਾ, ਤਰ੍ਹਾਂ-ਤਰ੍ਹਾਂ ਦੇ ਪਕਵਾਨ, ਸ਼ਾਕਾਹਾਰੀ ਅਤੇ ਮਸਾਹਾਰੀ ਭੋਜਨ ਵਰਤਦੇ ਹਨ ਅਤੇ ਖੂਬ ਵਰਤਦੇ ਹਨ। ਚੂੜੇ ਵਾਲੇ ਦਿਨ ਰਾਤ ਸਮੇਂ ਸਾਰੇ ਘਰ ਵਾਲੇ ਮੈਂਬਰ ਕੁਝ ਜਲਦੀ ਨਾਲ ਸੌਂ ਜਾਂਦੇ ਹਨ। ਜਲਦੀ ਤੋਂ ਭਾਵ ਇਹ ਨਹੀਂ ਕਿ ਸ਼ਾਮੀ 7 ਵਜੇ, ਜਲਦੀ ਤੋਂ ਭਾਵ ਰਾਤ ਨੂੰ 10-11 ਵਜੇ ਤੱਕ ਸੌਣ ਲਈ ਚਲੇ ਜਾਣਗੇ ਕਿਉਂਕਿ ਅਗਲੀ ਸਵੇਰੇ ਉੱਠ ਕੇ ਅਨੰਦ-ਕਾਰਜ ਦੀ ਰਸਮ ਲਈ ਜਾਣਾ ਹੁੰਦਾ ਹੈ। ਆਨੰਦ ਕਾਰਜ ਵੀ 12 ਵਜੇ ਤੋਂ ਪਹਿਲਾਂ ਪਹਿਲਾਂ ਸੰਪਨ ਕਰਨੇ ਹੁੰਦੇ ਹਨ। ਇਸ ਭੱਜ ਦੌੜ ਵਿੱਚ ਵੀ ਸਾਰਾ ਪਰਿਵਾਰ, ਨਾਨਕੇ ਦਾਦਕੇ ਪੂਰੇ ਵਿਅਸਤ ਹੁੰਦੇ ਹਨ ਅਤੇ ਇਸ ਦਿਨ ਖੂਬ ਸਜ-ਧਜ ਕੇ ਜਾਣਾ ਹੁੰਦਾ ਹੈ ਕਿਉਂਕਿ ਹਰ ਇੱਕ ਲਈ ਇਹ ਹੀ ਅਜਿਹਾ ਸਮਾਗਮ ਹੁੰਦਾ ਹੈ ਜਿੱਥੇ ਲੋਕਾਂ ਨੇ ਆਪਣੀ ਟੌਹਰ ਕੱਢਣੀ ਹੁੰਦੀ ਹੈ, ਦੱਸਣਾ ਹੁੰਦਾ ਹੈ ਕਿ ਮੇਰੇ ਕੋਲ ਭਾਈ ਵਧੀਆ-ਵਧੀਆ ਸੂਟ ਹਨ, ਵਧੀਆ-ਵਧੀਆ ਕੱਪੜੇ ਹਨ। ਖੈਰ ਚਲੋ ਇਹ ਚਲਦਾ ਹੀ ਰਹਿੰਦਾ ਹੈ।

ਆਖਰੀ ਸਮਾਗਮ ਤੋਂ ਪਹਿਲਾਂ, ਆਨੰਦ ਕਾਰਜ ਗੁਰਦੁਆਰੇ ਕੀਤੇ ਜਾਂਦੇ ਹਨ ਜਿੱਥੇ ਮੁੰਡੇ ਵਾਲੇ ਅਤੇ ਕੁੜੀ ਵਾਲੇ ਇਕੱਠੇ ਹੋ ਕੇ ਆਉਂਦੇ ਹਨ। ਸਭ ਤੋਂ ਪਹਿਲਾਂ ਜਦ ਲੜਕੇ ਵਾਲੇ ਆਉਂਦੇ ਹਨ ਤਾਂ ਉਹਨਾਂ ਨੂੰ ਜੀ ਆਇਆਂ ਕਿਹਾ ਜਾਂਦਾ ਹੈ। ਉੱਥੇ ਹੀ ਗੁਰਦੁਆਰੇ ਦੇ ਅੰਦਰ ਹੀ ਮਿਲਣੀ ਦੀ ਰਸਮ ਕੀਤੀ ਜਾਂਦੀ ਹੈ, ਜਿਸ ਵਿੱਚ ਮਾਮੇ ਦੀ ਮਿਲਣੀ, ਭੂਆ ਦੀ ਮਿਲਣੀ, ਮਾਮੀ ਦੀ ਮਿਲਣੀ, ਚਾਚੇ

ਦੀ, ਤਾਏ ਦੀ, ਸਭ ਤੋਂ ਮਹੱਤਵਪੂਰਨ ਫੁੱਫੜ ਦੀ ਮਿਲਣੀ ਕਿਉਂਕਿ ਜੇ ਫੁੱਫੜ ਰੁੱਸ ਗਿਆ ਤਾਂ ਬਹੁਤ ਵੱਡਾ ਸਿਆਪਾ ਪਵੇਗਾ। ਪਤਾ ਨਹੀਂ ਕਿਹੜੀਆਂ-ਕਿਹੜੀਆਂ ਮਿਲਣੀਆਂ ਹੁੰਦੀਆਂ ਹਨ। ਇਹ ਸਾਰੀਆਂ ਰਸਮਾਂ ਉੱਥੇ ਪੂਰੀਆਂ ਕੀਤੀਆਂ ਜਾਂਦੀਆਂ ਹਨ। ਉਸ ਤੋਂ ਬਾਅਦ ਆਨੰਦ-ਕਾਰਜ ਦੀ ਰਸਮ ਵਿੱਚ ਜਾਣ ਤੋਂ ਪਹਿਲਾਂ ਸਾਰੇ ਦਾਦਕਾ ਅਤੇ ਨਾਨਕਾ ਪਰਿਵਾਰ ਹਾਲ ਵਿੱਚ, ਉਲੀਕੇ ਹੋਏ ਪ੍ਰੋਗਰਾਮ ਅਨੁਸਾਰ, ਚਾਹ ਪਾਣੀ ਪੀਂਦੇ ਹਨ ਆਪਣੀ ਆਪਣੀ ਲੋੜ ਅਨੁਸਾਰ। ਉਸ ਤੋਂ ਬਾਅਦ ਆਨੰਦ ਕਾਰਜ ਲਈ ਉੱਪਰ ਹਾਲ ਵਿੱਚ ਜਾ ਕੇ ਬੈਠਿਆ ਜਾਂਦਾ ਹੈ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿੱਚ ਆਨੰਦ ਕਾਰਜ ਦੀ ਰਸਮ ਪੂਰੀ ਕੀਤੀ ਜਾਂਦੀ ਹੈ ਅਤੇ ਉਸ ਤੋਂ ਬਾਅਦ ਖਾਣੇ ਦਾ ਇੰਤਜ਼ਾਮ ਗੁਰਦੁਆਰੇ ਵਿੱਚ ਹੀ ਹੁੰਦਾ ਹੈ। ਖਾਣਾ ਖਾਣ ਤੋਂ ਬਾਅਦ ਨਾਨਕਾ ਤੇ ਦਾਦਕਾ ਪਰਿਵਾਰ ਲੜਕੀ ਵਾਲਿਆਂ ਦੇ ਘਰੇ ਆਉਂਦੇ ਹਨ ਅਤੇ ਲੜਕੀ ਦੀ ਡੋਲੀ ਉੱਥੋਂ ਹੀ ਤੋਰੀ ਜਾਂਦੀ ਹੈ।

ਲੜਕੀ ਦੇ ਤੁਰ ਜਾਣ ਤੋਂ ਬਾਅਦ ਘਰ ਵਿੱਚ ਫਿਰ ਗਿੱਧਾ ਭੰਗੜਾ ਸ਼ੁਰੂ ਹੋ ਜਾਂਦਾ ਹੈ, ਖੁਸ਼ੀ ਇਸ ਲਈ ਮਨਾਈ ਜਾਂਦੀ ਹੈ ਕਿ ਸਾਰਾ ਸਮਾਗਮ ਖੁਸ਼ੀ ਖੁਸ਼ੀ ਅਤੇ ਨਿਰਵਿਘਨ ਸਮਾਪਤ ਹੋਇਆ ਹੈ, ਇਸ ਲਈ ਭੰਗੜੇ ਗਿੱਧੇ ਪਾਏ ਜਾਂਦੇ ਹਨ ਤਾਂ ਖੂਬ ਧਰਤੀ ਪੱਟੀ ਜਾਂਦੀ ਹੈ। ਇਸ ਸਮਾਗਮ ਤੋਂ ਬਾਅਦ ਥੋੜ੍ਹਾ ਜਿਹਾ ਠਹਿਰਾਅ ਆਉਂਦਾ ਹੈ ਕਿਉਂਕਿ ਕੁੜੀ ਆਪਣੇ ਘਰ ਚਲੀ ਗਈ ਹੈ ਅਤੇ ਰਿਸੈਪਸ਼ਨ ਅਗਲੇ ਦਿਨ ਹੁੰਦੀ ਹੈ ਜੋ ਕਿ ਮੁੰਡੇ ਵਾਲਿਆਂ ਨੇ ਕਰਨੀ ਹੁੰਦੀ ਹੈ, ਇਸ ਵਿੱਚ ਕੁੜੀ ਵਾਲਿਆਂ ਦਾ ਜ਼ਿਆਦਾ ਯੋਗਦਾਨ ਨਹੀਂ ਹੁੰਦਾ। ਇਸ ਲਈ ਸ਼ਾਮ ਨੂੰ ਕੋਈ ਜ਼ਿਆਦਾ ਢੋਲ-ਢਮੱਕਾ ਵੀ ਨਹੀਂ ਹੁੰਦਾ। ਬਾਕੀ ਹਫਤੇ ਭਰ ਦੇ ਥੱਕੇ ਹੋਣ ਤੋਂ ਬਾਅਦ ਸਾਰੇ ਸੌਂਦੇ ਵੀ ਵਕਤ ਨਾਲ ਹਨ।

ਅਗਲੇ ਦਿਨ ਮੁੰਡੇ ਵਾਲਿਆਂ ਵੱਲੋਂ ਰਿਸੈਪਸ਼ਨ ਕੀਤੀ ਜਾਂਦੀ ਹੈ ਜੋ ਕਿ ਕਿਸੇ ਵੱਡੇ ਹਾਲ ਵਿੱਚ ਹੁੰਦੀ ਹੈ ਅਤੇ ਸ਼ਾਮ ਨੂੰ ਕੀਤੀ ਜਾਂਦੀ ਹੈ। ਰਿਸੈਪਸ਼ਨ ਦੀ ਤਿਆਰੀ ਮੁੰਡੇ ਵਾਲਿਆਂ ਵੱਲੋਂ ਕੀਤੀ ਜਾਂਦੀ ਹੈ ਅਤੇ ਬਹੁਤ ਵੱਡੇ ਹਾਲ ਵਿੱਚ ਕੀਤੀ ਜਾਂਦੀ ਹੈ। ਜਿੱਥੇ ਅਸੀਂ ਰਿਸੈਪਸ਼ਨ ਤੇ ਗਏ ਸੀ ਉਹ ਹਾਲ ਬਹੁਤ ਵੱਡਾ ਸੀ ਅਤੇ ਘੱਟੋ ਘੱਟ 500 ਤੋਂ 600 ਬੰਦੇ ਹਾਜ਼ਰ ਸਨ। ਤਰ੍ਹਾਂ ਤਰ੍ਹਾਂ ਦੇ ਪਕਵਾਨ ਤੁਹਾਨੂੰ ਬੈਠੇ-ਬਿਠਾਇਆਂ, ਤੁਹਾਡੇ ਆਪਣੇ ਮੇਜ 'ਤੇ ਆਉਂਦੇ ਹਨ। ਬਾਹਰ ਵੀ ਲੱਗੇ ਹੋਏ ਹਨ। ਜਿਸ ਕਿਸੇ ਦੀ ਮਰਜ਼ੀ ਹੈ ਬਾਹਰ ਖੜ੍ਹ ਕੇ ਖਾ ਸਕਦਾ ਹੈ, ਜਿਸ ਕਿਸੇ ਦੀ ਮਰਜ਼ੀ ਹੈ ਆਪਣੀ ਪਲੇਟ ਵਿੱਚ ਪਾ ਕੇ ਅੰਦਰ ਬਹਿ ਕੇ ਖਾ ਸਕਦਾ ਹੈ। ਉੱਥੇ ਇੱਕ ਚੀਜ਼ ਇਹ ਹੁੰਦੀ ਹੈ ਕਿ ਲੜਕੇ ਵਾਲੇ ਪਾਸੇ ਵੀ ਅਤੇ ਲੜਕੀ ਵਾਲੇ ਪਾਸੇ ਵੀ ਕੁਝ ਟੇਬਲ ਰਿਜਰਵ ਕੀਤੇ ਹੁੰਦੇ ਹਨ ਜਿਸ ਵਿੱਚ ਲੜਕੇ ਤੇ ਲੜਕੀ ਵਾਲਿਆਂ ਵੱਲੋਂ ਕੁਝ ਖਾਸ ਪਰਿਵਾਰਾਂ ਲਈ ਉਹ ਟੇਬਲ ਰਿਜਰਵ ਕੀਤੇ ਹੁੰਦੇ ਹਨ। ਬਾਕੀ ਆਮ ਆਏ ਗਏ ਵਾਸਤੇ ਟੇਬਲ ਖਾਲੀ ਪਏ ਹਨ, ਆਪਣੇ ਹਿਸਾਬ ਨਾਲ ਬੈਠ ਸਕਦੇ

ਹਨ। ਰਿਸੈਪਸ਼ਨ ਰਾਤ ਨੂੰ ਦੋ ਢਾਈ ਤਿੰਨ ਵਜੇ ਤੱਕ ਚੱਲੀ। ਉੱਥੇ ਰਿਸੈਪਸ਼ਨ ਦੇ ਸਮੇਂ ਮੁੰਡੇ ਅਤੇ ਕੁੜੀ ਨੱਚਦੇ ਹੋਇਆ ਉਪਰੋਂ ਅਮਰੀਕਨ ਡਾਲਰ ਵਾਰੇ ਜਾਂਦੇ ਹਨ ਅਤੇ ਡਾਲਰ ਦੀ ਜਿਹੜੀ ਬੇਕਦਰੀ ਉਥੇ ਹੁੰਦੀ ਹੈ ਉਹ ਦੇਖਣਯੋਗ ਹੈ। ਮੈਂ ਇੱਕ ਵਾਰ ਪਹਿਲਾਂ ਵੀ ਵੀਡੀਓ ਬਣਾਈ ਸੀ ਕਿ ਕਿਸ ਤਰ੍ਹਾਂ ਪੈਰਾਂ ਥੱਲੇ ਅਮਰੀਕਨ ਡਾਲਰ ਰੁਲਦੇ ਫਿਰਦੇ ਹਨ। ਇਹ ਬੇਕਦਰੀ ਗਲਤ ਹੈ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਮਾਇਆ ਦਾ ਅਪਮਾਨ ਨਹੀਂ ਕਰਨਾ ਚਾਹੀਦਾ।

ਫਿਰ ਸ਼ੁਰੂ ਹੁੰਦਾ ਹੈ ਕੁੜੀ ਦਾ ਆਪਣੇ ਮਾਪਿਆਂ ਘਰੇ ਫੇਰਾ ਪਾਉਣਾ। ਇੱਕ ਜਾਂ ਦੋ ਦਿਨ ਬਾਅਦ ਫਿਰ ਤੋਂ ਦੁਬਾਰਾ ਲੜਕੇ ਵਾਲੇ ਲੜਕੀ ਦੇ ਨਾਲ ਆਉਂਦੇ ਹਨ ਅਤੇ ਆ ਕੇ ਦੁਪਹਿਰ ਦਾ ਖਾਣਾ ਖਾ ਕੇ ਫਿਰ ਉਹੀ ਸਗਨ ਦੇਣ-ਲੈਣ। ਕੁੱਲ ਮਿਲਾ ਕੇ ਇਹ ਸਮਾਗਮ ਨੌਂ ਦਿਨ ਤੱਕ ਚੱਲੇ। ਤੁਸੀਂ ਹਿਸਾਬ ਲਗਾ ਸਕਦੇ ਹੋ ਕਿ ਨੌਂ ਦਿਨ ਤੱਕ ਆਏ ਮਹਿਮਾਨਾਂ ਦਾ ਖਾਣ-ਪੀਣ ਕਰਕੇ ਕਿਸ ਤਰ੍ਹਾਂ ਬੁਰਾ ਹਾਲ ਹੁੰਦਾ ਹੈ। ਇਸ ਦੇ ਨਾਲ ਲੜਕੀ ਦੇ ਮਾਂ ਪਿਓ ਦਾ ਵੀ ਕਚੂਮਰ ਨਿਕਲ ਜਾਂਦਾ ਹੈ। ਇਹ ਸਭ ਪੈਸੇ ਦੀ ਖੇਡ ਹੈ। ਗਰੀਬ ਇਨਸਾਨ ਦਾ ਉੱਥੇ ਵਿਆਹ ਕਰਨ ਦਾ ਕੋਈ ਹੱਜ ਨਹੀਂ ਹੈ। ਉਹ ਦੇਖੋ ਦੇਖੀ ਵੱਡਿਆਂ ਦੀ ਰੀਸ ਕਰਦਾ ਹੈ ਅਤੇ ਆਪਣਾ ਦੀਵਾਲਾ ਕਢਵਾ ਲੈਂਦਾ ਹੈ। ਅਜਿਹੀ ਫਜ਼ੂਲ ਖਰਚੀ ਰੁਕਣੀ ਚਾਹੀਦੀ ਹੈ।

ਜਿੰਨੇ ਦਿਨਾਂ ਦੇ ਪ੍ਰੋਗਰਾਮ, ਬੀਬੀਆਂ ਦੇ ਓਨੇ ਹੀ ਸੂਟ, ਹਰ ਸਮਾਗਮ 'ਤੇ ਨਵਾਂ ਸੂਟ। ਚੜ੍ਹਦੇ ਤੋਂ ਚੜ੍ਹਦੇ ਕੱਪੜੇ ਬੀਬੀਆਂ ਦੇ, ਬੱਚਿਆਂ ਦੇ, ਸਿਆਣਿਆਂ ਦੇ ਅਤੇ ਹਰ ਇੱਕ ਆਮ ਅਤੇ ਖ਼ਾਸ ਦੇ। ਆਦਮੀਆਂ ਦੇ ਬੱਸ ਉਹੀ ਦੋ ਤਿੰਨ ਪੈਂਟ ਸ਼ਰਟ। ਇਸ ਤੋਂ ਬਾਅਦ ਸਾਰੀਆਂ ਬੀਬੀਆਂ ਨੇ ਕਿੱਲੋ-ਕਿੱਲੋ make up ਥੱਪਿਆ ਹੋਇਆ ਸੀ ਜਿਸਦੀ ਕੀਮਤ ਕੋਈ ਦਸ-ਵੀਹ ਡਾਲਰ ਨਹੀਂ ਸਗੋਂ ਸੈਂਕੜਿਆਂ ਦੇ ਹਿਸਾਬ ਨਾਲ ਹੁੰਦੀ ਹੈ। ਵੀਡਿਓ, ਫ਼ੋਟੋ ਅਤੇ ਹੋਰ ਵੀ ਬਹੁਤ ਕੁਝ ਛੁਪੇ ਹੋਏ ਖ਼ਰਚੇ ਹੁੰਦੇ ਹਨ ਜਿਹੜੇ ਬੱਚਿਆਂ ਦੇ ਮਾਂ-ਬਾਪ ਨੂੰ ਹੀ ਪਤਾ ਹੁੰਦਾ ਹੈ। ਕੁੱਲ ਮਿਲਾ ਕੇ ਪੈਸੇ ਦੀ ਹੀ ਖੇਡ ਹੈ ਜੀ।

ਹਰ ਰੋਜ਼ ਦੇ ਪ੍ਰੋਗਰਾਮ ਵਿੱਚ ਜਿਹੜੀ ਵਸਤੂ ਜ਼ਿਆਦਾ ਵਰਤੀ ਜਾਂਦੀ ਸੀ ਅਤੇ ਵਰਤਣ ਵਾਲ਼ੇ ਬਹੁਤ ਘੱਟ ਸਨ ਉਹ ਸੀ ਸ਼ਰਾਬ। ਹਰ ਰੋਜ਼ ਇੱਕ ਵੱਖਰੀ ਸਟਾਲ ਲਗਾਈ ਜਾਂਦੀ ਸੀ ਜਿੱਥੇ ਬਹੁਤ ਤਰ੍ਹਾਂ ਦੀ ਸ਼ਰਾਬ, ਵਾਈਨ, ਵਿਸਕੀ, ਸਕੌਚ, ਬੀਅਰ ਅਤੇ ਹੋਰ ਵੀ ਕਈ ਕੁਝ ਵਰਤਦਾ ਸੀ। ਇਹ ਸਭ ਕੁੱਝ ਵਰਤਾਉਣ ਲਈ ਇਕ ਖ਼ਾਸ ਮਾਹਿਰ ਬਾਰ ਵਾਲੀ, ਇੱਕ ਖ਼ਾਸ ਡਰੈੱਸ ਵਿੱਚ, ਲੜਕੀ ਆਉਂਦੀ ਸੀ। ਖਾਣ ਪੀਣ ਵਾਲਿਆਂ ਲਈ ਤਾਂ ਜੇਕਰ ਵਿਆਹ ਵਿੱਚ ਸ਼ਰਾਬ ਨਹੀਂ ਹੈ ਤਾਂ ਵੀਹ ਤਰ੍ਹਾਂ ਦੇ ਪਕਵਾਨ ਫਜ਼ੂਲ ਅਤੇ ਫਿੱਕੇ ਹੀ ਹਨ। ਇਹ ਸੀ ਜੀ ਕੈਨੇਡਾ ਦਾ ਅੱਖੀਂ ਦੇਖਿਆ ਵਿਆਹ ਦਾ ਹਾਲ।

✲✲✲